ਬੁੱਧਵਾਰ, 10 ਦਸੰਬਰ, 2025
25 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 190

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • WEDNESDAY, 10 DECEMBER 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਜਨਰਲ ਮੈਨੇਜਰ | 0181-5097303 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਸਮਾਚਾਰ ਵਿਭਾਗ | 0181-5097306 |
| ਸੰਪਾਦਕ | 0181-5097307 |
| ਫ਼ੈਕਸ ਇਸ਼ਤਿਹਾਰ | 0181-2222409 |
| ਫ਼ੈਕਸ ਖ਼ਬਰਾਂ | 0181-2240280 |

E-mail : nawanzamana@gmail.com

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | www.nawanzamana.in | ਸਫ਼ੇ : 12

# ਕਾਮਰੇਡ ਭਗਵਾਨ ਸਿੰਘ ਅਣਖੀ ਦੀ 34ਵੀਂ ਬਰਸੀ ਮੌਕੇ ਵਿਸ਼ੇਸ਼ ਸਪਲੀਮੈਂਟ



ਕਾਮਰੇਡ ਭਗਵਾਨ ਸਿੰਘ ਅਣਖੀ
29 ਜਨਵਰੀ 1941 - 15 ਅਗਸਤ 1991

## ਬਿਜਲੀ ਸੋਧ ਬਿੱਲ 2025 ਦੇ ਘਾਤਕ ਖਰੜੇ ਅਤੇ ਚਾਰ ਲੇਬਰ ਕੋਡਾਂ ਸਮੇਤ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਖਿਲਾਫ਼ ਆਵਾਜ਼ ਬੁਲੰਦ ਕਰੋ

**ਜੁਝਾਰੂ ਬਿਜਲੀ ਮੁਲਾਜ਼ਮ ਸਾਥੀਓ,**

ਕੇਂਦਰ ਦੀ ਮੋਦੀ ਸਰਕਾਰ ਵੱਲੋਂ 9 ਅਕਤੂਬਰ 2025 ਨੂੰ ਸੂਬਾ ਸਰਕਾਰਾਂ ਨੂੰ ਬਿਜਲੀ ਸੋਧ ਬਿੱਲ 2025 ਦਾ ਖਰੜਾ ਭੇਜ ਕੇ ਲੋੜੀਂਦੀਆਂ ਟਿੱਪਣੀਆ ਦੀ ਕੀਤੀ ਮੰਗ ਤੋਂ ਬਾਅਦ ਜਿਥੇ ਪੂਰੇ ਦੇਸ਼ ਵਿੱਚ ਜਾਗਰੂਕ ਅਤੇ ਸੰਘਰਸ਼ਸ਼ੀਲ ਧਿਰਾਂ ਨੇ ਇਸ ਬਿੱਲ ਬਾਰੇ ਬਹੁਤ ਤਿੱਖੀ ਪ੍ਰਤੀਕਿਰਿਆ ਦੇ ਕੇ ਜੋਰਦਾਰ ਵਿਰੋਧ ਪ੍ਰਦਰਸ਼ਨਾਂ ਰਾਹੀਂ ਮੁਲਾਜ਼ਮ , ਪੈਨਸ਼ਨਰ ਅਤੇ ਕਿਸਾਨ ਵਿਰੋਧੀ ਇਸ ਘਾਤਕ ਖਰੜੇ ਖਿਲਾਫ਼ ਆਪਣੀ ਅਵਾਜ਼ ਬੁਲੰਦ ਕੀਤੀ ਹੈ ਉਥੇ ਪੰਜਾਬ ਦੀਆਂ ਮੁਲਾਜ਼ਮ /ਮਜਦੂਰ/ ਕਿਸਾਨ ਜਥੇਬੰਦੀਆਂ ਨੇ ਵੀ ਪਾਵਰ ਸੈਕਟਰ ਨੂੰ ਹੜੱਪ ਜਾਨ ਵਾਲੇ ਲੋਕ ਵਿਰੋਧੀ ਖਰੜੇ ਦਾ ਡਟਵਾਂ ਵਿਰੋਧ ਕਰਦਿਆਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ ਦੇ ਖਰੜੇ ਤੇ ਧਾਰਨ ਕੀਤੀ ਖਾਮੋਸ਼ੀ ਤੇ ਚਿੰਤਾਵਾਂ ਜ਼ਾਹਰ ਕਰਦੇ ਹੋਏ ਸਭਨਾਂ ਸੰਘਰਸ਼ਸ਼ੀਲ ਧਿਰਾਂ ਨੂੰ ਇਕਜੁੱਟ ਹੋ ਕੇ ਇਸ ਲੋਕ ਵਿਰੋਧੀ ਬਿੱਲ ਖਿਲਾਫ਼ ਵੱਡੀ ਲਹਿਰ ਖੜੀ ਕਰਨ ਦਾ ਸੱਦਾ ਦਿੱਤਾ ਹੈ ।

ਮੋਦੀ ਸਰਕਾਰ ਦੀ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਦੀ ਇਕਪਾਸੜ ਘਟੀਆ ਨੀਤੀ ਤਹਿਤ ਇਸ ਬਿਜਲੀ ਸੋਧ ਬਿੱਲ ਨੂੰ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਵਿੱਚ ਲਿਆ ਕੇ ਪਾਸ ਕਰਵਾਉਣ ਦੀਆਂ ਕੋਸ਼ਿਸ਼ਾਂ ਦਾ ਪੂਰੇ ਦੇਸ਼ ਵਿੱਚ ਕਿਰਤੀਆਂ, ਕਿਸਾਨਾਂ ਸਮੇਤ ਮਿਹਨਤਕਸ਼ ਵਰਗ ਦੇ ਵੱਡੇ ਅੰਦੋਲਨਾਂ ਰਾਹੀਂ ਮੂੰਹ ਤੋੜ ਜਵਾਬ ਦੇਣ ਲਈ ਵੱਡੇ ਪੱਧਰ ਤੇ ਵਿਉਂਤਬੰਦੀਆਂ ਕਰਕੇ ਹਾਕਮਾਂ ਦੇ ਪੂੰਜੀਪਤੀਆਂ ਦੇ ਹਿੱਤ ਪੂਰਨ ਵਾਲੇ ਮਨਸੂਬਿਆਂ ਨੂੰ ਭਾਂਜ ਦੇਣੀ ਪਵੇਗੀ। ਕਿਉਂਕਿ ਇਸ ਬਿੱਲ ਦੀ ਇੱਕ ਵੀ ਧਾਰਾ ਆਮ ਜਨਤਾ, ਕਿਸਾਨਾਂ ਜਾਂ ਮੁਲਾਜ਼ਮਾਂ ਦੇ ਫਾਇਦੇ ਲਈ ਨਹੀਂ ਹੈ, ਬਲ ਕਿ ਇਸ ਬਿਜਲੀ ਬਿੱਲ ਰਾਹੀਂ ਸਰਕਾਰੀ ਬਿਜਲੀ ਕੰਪਨੀਆਂ ਹੋਰ ਘਾਟੇ ਵੱਲ ਧੱਕ ਕੇ ਇਨ੍ਹਾਂ ਨੂੰ ਨਿੱਜੀ ਕੰਪਨੀਆਂ ਦੇ ਹੱਥਾਂ ਵਿੱਚ ਦੇਣ ਦੀਆਂ ਤਿਆਰੀਆਂ ਵਜੋਂ ਦੇਖਿਆ ਜਾ ਸਕਦਾ ਹੈ।



ਗੁਰਪ੍ਰੀਤ ਸਿੰਘ ਗੰਡੀਵਿੰਡ
ਸੂਬਾ ਪ੍ਰਧਾਨ

ਬਿਜਲੀ ਬਿੱਲ ਦੇ ਖਰੜੇ ਦੀ ਧਾਰਾ 14 ਅਤੇ 42 ਰਾਹੀਂ ਲੋਕਾਂ ਦੇ ਪੈਸੇ ਨਾਲ ਖੜੇ ਕੀਤੇ ਬਿਜਲੀ ਸੰਚਾਰ ਨੈੱਟਵਰਕ ਨੂੰ ਪ੍ਰਾਈਵੇਟ ਕੰਪਨੀਆਂ ਲਈ ਖੋਲਿਆ ਜਾਵੇਗਾ ਧਾਰਾ 58, 66, 86, 142 ਅਤੇ 166 ਰਾਹੀਂ ਬਿਜਲੀ ਦਾ ਕੇਂਦਰੀਕਰਨ ਕਰਕੇ ਰਾਜ ਸਰਕਾਰਾਂ ਦਾ ਸਵਿਧਾਨਕ ਸੰਘੀ ਅਧਿਕਾਰ ਖਤਮ ਕਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਆਮ ਖਪਤਕਾਰਾਂ ਅਤੇ ਕਿਸਾਨਾਂ ਤੇ ਸਬ ਤੋਂ ਵੱਡੀ ਮਾਰ ਧਾਰਾ 61 ਰਾਹੀਂ ਕਰਾਸ-ਸਬਸਿਡੀਆਂ ਖਤਮ ਕਰਕੇ ਆਮ ਘਰੈਲੂ ਖਪਤਕਾਰਾਂ ਅਤੇ ਕਿਸਾਨਾਂ ਤੇ ਮਹਿੰਗੀਆਂ ਬਿਜਲੀ ਦਰਾਂ ਦਾ ਵਾਧੂ ਬੋਝ ਪਵੇਗਾ।

ਬਿਜਲੀ ਸੋਧ ਬਿੱਲ 2025 ਦਾ ਘਾਤਕ ਖਰੜਾ ਨਿੱਜੀ ਕੰਪਨੀਆਂ ਲਈ ਲੁੱਟ ਦਾ ਰਾਹ ਖੋਲੇਗਾ ਜਿਸ ਨਾਲ ਇੱਕ ਪਾਸੇ ਵਧੇਰੇ ਰੈਵੀਨਿਊ ਵਾਲੇ ਇੰਡਸ਼ਟ੍ਰੀਅਲ ਖੇਤਰ ਦੇ ਨਿੱਜੀ ਕੰਪਨੀਆਂ ਕੋਲ ਜਾਣ ਨਾਲ ਸਰਕਾਰੀ ਬਿਜਲੀ ਕੰਪਨੀਆਂ ਘਾਟੇ ਵਿੱਚ ਜਾਣਗੀਆਂ ਦੂਜੇ ਪਾਸੇ ਪੈਂਡੂ ਖੇਤਰਾਂ ਲਈ ਸਿਰਫ ਸਰਕਾਰੀ ਬਿਜਲੀ ਕੰਪਨੀਆਂ ਹੀ ਬਿਜਲੀ ਮਹੁੱਈਆ ਕਰਵਾਉਣਗੀਆਂ ਜੋ ਘਾਟਾ ਵਧ ਜਾਣ ਕਰਕੇ ਲੰਮਾ ਸਮਾਂ ਸੁਚਾਰੂ ਬਿਜਲੀ ਮਹੁੱਈਆ ਨਹੀਂ ਕਰਵਾ ਸਕਣਗੀਆਂ ।

ਨਿੱਜੀ ਕੰਪਨੀਆਂ ਪੱਕੇ ਰੁਜ਼ਗਾਰ ਦਾ ਉਜਾੜਾ ਕਰਨਗੀਆਂ ਪਰ ਸਰਕਾਰੀ ਬਿਜਲੀ ਕੰਪਨੀਆਂ ਹਮੇਸ਼ਾ ਨੌਜਵਾਨਾਂ ਨੂੰ ਵੱਧ ਨੌਕਰੀਆਂ ਦੇਣ ਦੇ ਕਾਬਲ ਰਹੀਆਂ ਹਨ । ਪੰਜਾਬ ਦੀ ਗੱਲ ਕਰੀਏ ਤਾਂ ਪਾਵਰਕਾਮ ਵਿੱਚ ਮੌਜੂਦਾ ਸਮੇਂ ਤੇ ਤਕਰੀਬਨ 30 ਹਜ਼ਾਰ ਰੈਗੂਲਰ ਅਤੇ 12 ਹਜ਼ਾਰ ਤੋਂ ਵੱਧ ਵੱਖ-ਵੱਖ ਰੂਪ ਵਿੱਚ ਕੱਚੇ ਕਰਮਚਾਰੀ ਕੰਮ ਕਰ ਰਹੇ ਹਨ।ਇਸ ਤੋਂ ਇਲਾਵਾ ਲਗਭਗ 50 ਹਜ਼ਾਰ ਅਸਾਮੀਆਂ ਖਾਲੀ ਚਲ ਰਹੀਆਂ ਹੋਣ ਦੇ ਬਾਵਜੂਦ ਹਰੇਕ ਮਹੀਨੇ ਹੋ ਰਹੀ ਸੇਵਾ ਮੁਕਤੀ ਕਰਕੇ ਇਹ ਗਿਣਤੀ ਹੋਰ ਵੱਧਦੀ ਜਾ ਰਹੀ ਹੈ ਪਰ ਸਰਕਾਰ ਫ਼ਿਰ ਵੀ ਨਾ ਤਾਂ ਪਾਵਰਕਾਮ ਅਤੇ ਟ੍ਰਾਂਸ਼ਕੋ ਕਾਰਪੋਰੇਸ਼ਨਾਂ ਵਿੱਚ ਲੰਮੇ ਸਮੇਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕੰਮ ਕਰ ਰਹੇ ਕੱਚੇ ਕਾਮਿਆਂ ਨੂੰ ਪੱਕਿਆਂ ਕਰ ਰਹੀ ਹੈ ਅਤੇ ਨਾ ਹੀ ਰੈਗੂਲਰ ਭਰਤੀ ਰਾਹੀਂ ਖਾਲੀ ਅਸਾਮੀਆਂ ਭਰ ਰਹੀ ਹੈ ਜੋ ਦੋਨਾਂ ਕਾਰਪੋਰੇਸ਼ਨਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਮਾਨ ਸਰਕਾਰ ਦੀ ਘਟੀਆ ਨੀਤੀ ਦਾ ਹਿੱਸਾ ਹੈ। ਇਸ ਨੀਤੀ ਨਾਲ ਨੌਜਵਾਨਾਂ ਵਿੱਚ ਨਿਰਾਸ਼ਤਾ ਫੈਲਦੀ ਹੈ ਅਤੇ ਉਹ ਜਾਂ ਤਾਂ ਵਿਦੇਸ਼ ਜਾਣ ਦੀ ਹੋੜ ਵਿੱਚ ਸ਼ਾਮਲ ਹੋ ਜਾਦੇ ਹਨ ਜਾਂ ਫ਼ਿਰ ਨਸ਼ਿਆ ਦੇ ਚੱਕਰਵਿਊ ਵਿੱਚ ਫਸ ਰਹੇ ਹਨ । ਹੁਣ ਇਸ ਬਿਜਲੀ ਸੋਧ ਬਿੱਲ ਰਾਹੀਂ ਕੇਂਦਰ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਅਤੇ ਕੱਚੇ/ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਬਜਾਏ ਉਨ੍ਹਾਂ ਦੇ ਕੱਚੇ ਰੁਜ਼ਗਾਰ ਤੇ ਵੀ ਡਾਕਾ ਮਾਰਨ ਜਾ ਰਹੀ ਹੈ।

ਇਸ ਲਈ ਬਿਜਲੀ ਖੇਤਰ ਦੀਆਂ ਸਮੂਹ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਬਿਜਲੀ ਸੋਧ ਬਿੱਲ 2025 ਦੇ ਖਰੜੇ ਜਿਸ ਨੇ ਕਾਨੂੰਨ ਬਣ ਜਾਣ ਤੋਂ ਬਾਅਦ ਮੁਲਾਜ਼ਮਾਂ, ਠੇਕਾ ਕਾਮਿਆਂ, ਕਿਸਾਨੀ ਖੇਤਰ ਤੇ ਆਮ ਜਨਤਾ ਨੂੰ ਸਹੂਲਤਾਂ ਦੇਣ ਦੀ ਬਜਾਏ ਸਿਰਫ ਪੂੰਜੀਪਤੀਆਂ ਦੇ ਮੁਨਾਫ਼ੇ ਦੇ ਮੰਤਵ ਲਈ ਕੰਮ ਕਰਨਾ ਹੈ ਦਾ ਸਖਤ ਵਿਰੋਧ ਕਰਨ ਲਈ ਇੰਜੀਨੀਅਰ, ਮੁਲਾਜ਼ਮ, ਮਜਦੂਰ, ਕਿਸਾਨ ਅਤੇ ਪੈਨਸ਼ਨਰ ਜਥੇਬੰਦੀਆਂ ਸਾਂਝੇ ਰੂਪ ਵਿੱਚ ਕੇਂਦਰ ਸਰਕਾਰ ਵੱਲੋਂ ਤਜਵੀਜ਼ਤ ਬਿਜਲੀ ਸੋਧ ਬਿੱਲ 2025 ਦੇ ਖਰੜੇ ,ਚਾਰ ਲੇਬਰ ਕੋਡ ਲਾਗੂ ਕਰਨ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਆਪਣੀਆਂ ਰਾਜਸੀ ਲੋੜਾਂ ਲਈ ਬਿਜਲੀ ਨਿਗਮ ਦੀਆਂ ਵੱਡੇ ਸ਼ਹਿਰਾਂ ਵਿੱਚ ਬਹੁਤ ਵੱਡੇ ਅਕਾਰ ਦੀਆਂ ਜਾਇਦਾਦਾਂ ਵੇਚਣ ਦੇ ਲੋਕ ਵਿਰੋਧੀ ਮਨਸੂਬਿਆਂ ਖਿਲਾਫ਼ ਅਵਾਜ਼ ਬੁਲੰਦ ਕਰਨ।

ਸਾਥੀਓ (• ਬਾਕੀ ਸਫ਼ਾ 9 'ਤੇ)

## ਕਾਮਰੇਡ ਅਣਖੀ ਜੀ ਦੀ ਵਿਚਾਰਧਾਰਾ 'ਤੇ ਚੱਲ ਕੇ ਹੀ ਹੋਣਗੀਆਂ ਪ੍ਰਾਪਤੀਆਂ

ਬਿਜਲੀ ਕਾਮਿਆਂ ਦੀ ਲਹਿਰ ਦੇ ਸੰਘਰਸ਼ੀ ਯੋਧੇ ਕਾਮਰੇਡ ਭਗਵਾਨ ਸਿੰਘ ਅਣਖੀ ਦਾ ਜਨਮ 29 ਜਨਵਰੀ 1941 ਨੂੰ ਮਾਤਾ ਹਮੀਰ ਕੌਰ ਦੀ ਕੁੱਖੋਂ ਪਿਤਾ ਪਾਲਾ ਸਿੰਘ ਦੇ ਘਰ ਪਿੰਡ ਚਹਿਲਾਂ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਕਾਮਰੇਡ ਅਣਖੀ ਦਾ ਪਾਲਣ-ਪੋਸ਼ਣ ਇਕ ਸਧਾਰਨ ਦਰਮਿਆਨੇ ਪਰਵਾਰ ਵਿੱਚ ਹੋਇਆ। ਉਨ੍ਹਾ ਮੁੱਢਲੀ ਵਿੱਦਿਆ ਹਾਸਲ ਕਰਨ ਉਪਰੰਤ ਮਹਿਕਮਾ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਬਤੌਰ ਐੱਲ ਡੀ ਸੀ ਦੀ ਨੌਕਰੀ ਪ੍ਰਾਪਤ ਕਰਕੇ ਮਹਿਕਮੇ ਅੰਦਰ ਸੰਘਰਸ਼ਸ਼ੀਲ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਮੈਂਬਰ ਬਣਦੇ ਸਾਰ ਉਸ ਸਮੇਂ ਦੀ ਲੀਡਰਸ਼ਿਪ ਦੀ ਪਾਰਖੂ ਅੱਖ ਨੇ ਸਬ-ਡਵੀਜ਼ਨ ਪੱਧਰ 'ਤੇ ਜਥੇਬੰਦੀ ਦੀ ਅਗਵਾਈ ਦੇ ਕੇ ਪਰਖਣ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਖਰਾ ਉਤਰਦਿਆਂ ਕਾਮਰੇਡ ਅਣਖੀ ਨੇ ਆਪਣੀ ਦੂਰ-ਅੰਦੇਸ਼ੀ ਤੇ ਤੀਖਣ ਬੁੱਧੀ ਦੇ ਮਾਲਕ ਹੋਣ ਦਾ ਪ੍ਰਮਾਣ ਦੇਦਿਆਂ ਸਬ-ਡਵੀਜ਼ਨ ਦੇ ਪ੍ਰਧਾਨ ਬਣ ਕੇ ਅਗਵਾਈ ਕਰਦਿਆਂ ਡਵੀਜ਼ਨ ਤੋਂ ਸਿੱਧੇ ਸਟੇਟ ਦੇ ਆਗੂ ਬਣ ਕੇ ਤਿੰਨ ਵਾਰ ਸੂਬਾ ਪ੍ਰਧਾਨ ਅਤੇ ਇਕ ਵਾਰ ਸੂਬਾ ਜਨਰਲ ਸਕੱਤਰ ਬਣ ਕੇ ਮਾਣ ਪ੍ਰਾਪਤ ਕੀਤਾ। ਕਾਮਰੇਡ ਅਣਖੀ ਦੀ ਅਗਵਾਈ ਵਿੱਚ ਲੜੇ ਅਨੇਕਾਂ ਸੰਘਰਸ਼ ਅਤੇ ਹੜਤਾਲਾਂ ਵਿੱਚ 15/12/88 ਅਤੇ 09/02/89 ਦੀਆਂ ਹੜਤਾਲਾਂ ਵਿਸ਼ੇਸ਼ ਹਨ। ਕਾਮਰੇਡ ਅਣਖੀ ਨੇ 1986 ਦੇ ਸਕੇਲਾਂ ਵਿੱਚ ਅਹਿਮ ਰੋਲ ਅਦਾ ਕਰਦਿਆਂ ਬਿਜਲੀ ਕਾਮਿਆਂ ਦੇ ਕਠਿਨ ਅਤੇ ਜੋਖਮ ਭਰੇ ਕੰਮ ਦੀਆਂ ਠੋਸ ਦਲੀਲਾਂ ਨਾਲ ਸਮੇਂ ਦੀ ਮੈਨੇਜਮੈਂਟ ਨੂੰ ਕਾਇਲ ਕਰਕੇ ਬਿਜਲੀ ਕਾਮਿਆਂ ਦੇ ਸਕੇਲਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਕਰਵਾ ਕੇ 22/ 4/ 89 ਦੇ ਹੋਏ ਸਮਝੌਤੇ ਤਹਿਤ 9, 16, 23 ਸਾਲਾ ਸਕੇਲ ਪ੍ਰਾਪਤ ਕਰਕੇ ਅਦਾਰੇ ਅੰਦਰ ਆਪਣੀ ਸੂਝ ਦਾ ਲੋਹਾ ਮਨਵਾਉਣ ਵਿੱਚ ਸਫਲਤਾ ਹਾਸਲ ਕਰਦੇ ਹੋਏ ਸੰਘਰਸ਼ਾਂ ਰਾਹੀਂ ਪ੍ਰਾਪਤੀਆਂ ਕਰਨ ਦਾ ਮੁੱਢ ਬੰਨ੍ਹਣ ਵਿੱਚ ਕਾਮਯਾਬੀ ਹਾਸਲ ਕੀਤੀ। ਕਾਮਰੇਡ ਅਣਖੀ ਬੇਸ਼ੱਕ ਅੱਜ ਤੋਂ 34 ਸਾਲ ਪਹਿਲਾਂ 15 ਅਗਸਤ 1991 ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਸਾਨੂੰ ਅਲਵਿਦਾ ਕਹਿ ਗਏ ਸਨ, ਪ੍ਰੰਤੂ ਬਿਜਲੀ ਕਰਮਚਾਰੀਆਂ ਦੇ ਮਨਾਂ ਅੰਦਰ ਅੱਜ ਵੀ ਅਭੁੱਲ ਯਾਦ ਬਣ ਕੇ ਵਸ ਰਹੇ ਹਨ। ਉਨ੍ਹਾ ਦੀ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਗੁਰਪ੍ਰੀਤ ਸਿੰਘ ਗੰਡੀਵਿੰਡ ਪ੍ਰਧਾਨ ਅਤੇ ਸੁਰਿੰਦਰਪਾਲ ਸਿੰਘ ਲਹੌਰੀਆ ਸੂਬਾ ਜਨਰਲ ਸਕੱਤਰ ਦੀ ਅਗਵਾਈ ਹੇਠ ਉਨ੍ਹਾਂ ਦੇ ਪਦ-ਚਿੰਨ੍ਹਾਂ 'ਤੇ ਚੱਲ ਕੇ ਅੱਜ ਜਦ ਕਾਮਰੇਡ ਅਣਖੀ ਦੀ 34 ਵੀਂ ਬਰਸੀ ਪੂਰੇ ਜੋਸ਼ੋ-ਖਰੋਸ਼ ਨਾਲ ਹਰੇਕ ਸਾਲ ਦੀ ਤਰ੍ਹਾਂ ਮਨਾ ਰਹੀ ਹੈ ਤਾਂ ਉਸ ਵਕਤ ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਪੂੰਜੀਪਤੀਆਂ ਦੇ ਹਿੱਤ ਪੂਰਨ ਲਈ ਦੇਸ਼ ਦੀ 80 ਪ੍ਰਤੀਸ਼ਤ ਅਬਾਦੀ ਦੇ ਵਿਰੋਧ ਵਾਲੀਆਂ ਨੀਤੀਆਂ ਲਾਗੂ ਕਰ ਰਹੀ ਹੈ।ਮਜ਼ਦੂਰ ਪੱਖੀ 29 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡਾਂ ਨੂੰ 21 ਨਵੰਬਰ ਤੋਂ ਪੂਰੇ ਦੇਸ਼ ਵਿੱਚ ਧੱਕੇ ਨਾਲ ਲਾਗੂ ਕਰ ਦਿੱਤਾ ਹੈ । ਜਿਸ ਵਿੱਚ ਡਿਊਟੀ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ, ਜਥੇਬੰਦੀਆਂ ਰਜਿਸਟਰਡ ਕਰਨ ਲਈ ਨਿਯਮ ਔਖੇ ਕਰਨ, ਕੰਟਰੈਕਟ ਠੇਕੇਦਾਰੀ ਆਊਟਸੋਰਸਿੰਗ ਦੀ ਲੋਕ ਵਿਰੋਧੀ ਨੀਤੀ ਨੂੰ ਬੜ੍ਹਾਵਾ ਦੇਣ, ਕਿਸਾਨਾਂ ਦੀਆਂ ਜ਼ਮੀਨਾਂ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਅਡਾਨੀਆਂ/ ਅੰਬਾਨੀਆਂ ਨੂੰ ਦੇਣ ਦੇ ਮਨਸੂਬਿਆਂ ਰਾਹੀਂ ਆਪਣਾ ਕਾਰਪੋਰੇਟ ਪੱਖੀ ਚਿਹਰਾ ਪੂਰੀ ਤਰ੍ਹਾਂ ਨੰਗਾ ਕਰਕੇ ਲੋਕ ਵਿਰੋਧੀ ਨੀਤੀ ਨੂੰ ਪੂਰੀ ਸਪੀਡ ਤਹਿਤ ਦੇਸ਼ ਵਿੱਚ ਲਾਗੂ ਕਰਦੇ ਹੋਏ ਪਾਵਰ ਸੈਕਟਰ ਸਮੇਤ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਪੂੰਜੀਪਤੀਆਂ ਦੇ ਹਵਾਲੇ ਕਰਨ ਲਈ ਪੱਬਾਂ ਭਾਰ ਹੋ ਕੇ ਫੈਸਲੇ ਲੈ ਰਹੀ ਹੈ। ਜਿਸ ਦੇ ਖਿਲਾਫ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਅਤੇ ਸਯੁੰਕਤ ਕਿਸਾਨ ਮੋਰਚਾ ਸਾਂਝੇ ਸੰਘਰਸ਼ਾਂ ਰਾਹੀਂ ਜ਼ਬਰਦਸਤ ਵਿਰੋਧ ਕਰਨ ਬਾਰੇ ਵਿਉਂਤਬੰਦੀ ਕਰ ਰਿਹਾ ਹੈ। ਇਨ੍ਹਾਂ ਸਾਰੇ ਹਾਲਾਤਾਂ ਦੇ ਚੱਲਦਿਆਂ ਕਾਮਰੇਡ ਅਣਖੀ ਦੀ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ :41 ਬਿਜਲੀ ਕਾਮਿਆਂ ਨੂੰ ਸੰਗਠਿਤ ਕਰਕੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੀ ਅਗਵਾਈ ਕਰਦੇ ਹੋਏ ਸਾਂਝੀ ਏਕਤਾ ਬਣਾ ਕੇ ਸਾਂਝੇ ਸੰਘਰਸ਼ਾਂ ਦੇ ਰਾਹ 'ਤੇ ਚੱਲ ਕੇ ਇਤਿਹਾਸਕ ਪ੍ਰਾਪਤੀਆਂ ਕਰ ਰਹੀ ਹੈ, ਜਿਸ ਦੀ ਲੀਡਰਸ਼ਿਪ ਪਾਵਰਕਾਮ/ ਟਰਾਂਸਕੋ ਅੰਦਰ ਕੰਮ ਕਰਦੀਆਂ ਸਮੂਹ ਜਥੇਬੰਦੀਆਂ ਨੂੰ ਅਣਖੀ ਦੀ ਸੋਚ ਅਨੁਸਾਰ ਇਕ ਪਲੇਟਫਾਰਮ 'ਤੇ ਇਕੱਠਾ ਰੱਖ ਕੇ ਹੀ ਸੰਘਰਸ਼ਾਂ ਦੇ ਬਲਬੂਤੇ ਅਦਾਰੇ ਦੀ ਹੋਂਦ ਬਚਾਉਣ ਅਤੇ ਰਹਿੰਦੀਆਂ ਮੰਗਾਂ ਦੀ ਪ੍ਰਾਪਤੀ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣ ਲਈ ਹਮੇਸ਼ਾ ਤਤਪਰ ਹੈ।



ਸੁਰਿੰਦਰਪਾਲ ਸਿੰਘ ਲਾਹੌਰੀਆ
ਜਨਰਲ ਸਕੱਤਰ, ਪੰਜਾਬ

ਪਾਵਰ ਦੀ ਮੈਨੇਜਮੈਂਟ ਬਿਜਲੀ ਕਰਮਚਾਰੀਆਂ ਦੀਆਂ ਕੁੱਝ ਮੰਗਾਂ ਮੰਨ ਕੇ ਲਾਗੂ ਕਰ ਚੁੱਕੀ ਹੈ, ਪਰ 10 ਅਗਸਤ ਅਤੇ 14 ਅਗਸਤ ਨੂੰ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਨਾਲ ਮੀਟਿੰਗਾਂ ਵਿੱਚ (• ਬਾਕੀ ਸਫ਼ਾ 9 'ਤੇ)

## ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਵਿਛੜੇ ਸੰਘਰਸ਼ੀ ਯੋਧਿਆਂ ਨੂੰ ਸਲਾਮ ਕਰਦੇ ਹਾਂ !



ਕਾਮਰੇਡ ਐਚ ਐਸ ਪਰਮਾਰ
ਜਥੇਬੰਦੀ ਦੇ ਬਾਨੀ ਪ੍ਰਧਾਨ



ਕਾਮਰੇਡ ਸਤਨਾਮ ਸਿੰਘ ਛਲੇੜੀ
ਸਾਬਕਾ ਸੂਬਾ ਪ੍ਰਧਾਨ



ਕਾਮਰੇਡ ਮਹਿੰਦਰ ਸਿੰਘ ਬਟਾਲਾ
ਸਾਬਕਾ ਜਨਰਲ ਸਕੱਤਰ



ਕਾਮਰੇਡ ਦਰਸ਼ਨ ਸਿੰਘ ਢਿੱਲੋਂ
ਸਾਬਕਾ ਸੀ.ਮੀਤ ਪ੍ਰਧਾਨ ਪੰਜਾਬ



ਕਾਮਰੇਡ ਦਿਲਬਾਗ ਸਿੰਘ ਅਟਵਾਲ
ਸਾਬਕਾ ਮੀਤ ਪ੍ਰਧਾਨ, ਪੰਜਾਬ



ਕਾਮਰੇਡ ਬਸੰਤ ਰਾਮ ਵੇਰਕਾ
ਸਾਬਕਾ ਮੀਤ ਪ੍ਰਧਾਨ, ਪੰਜਾਬ



ਕਾਮਰੇਡ ਰਣਜੀਤ ਸਿੰਘ ਬਿੰਝੋਕੀ
ਸਾਬਕਾ ਮੀਤ ਪ੍ਰਧਾਨ, ਪੰਜਾਬ




ਕਾਮਰੇਡ ਗੁਰਬਖ਼ਸ਼ ਸਿੰਘ
ਸਾਬਕਾ ਮੀਤ ਪ੍ਰਧਾਨ, ਪੰਜਾਬ



ਕਾਮਰੇਡ ਤੇਜਿੰਦਰ ਸਿੰਘ ਮੋਹੀ
ਸਾਬਕਾ ਸਕੱਤਰ, ਪੰਜਾਬ



ਕਾਮਰੇਡ ਪਦਮ ਸਿੰਘ ਠਾਕੁਰ
ਸਾਬਕਾ ਸਕੱਤਰ, ਪੰਜਾਬ



ਕਾਮਰੇਡ ਰਜਿੰਦਰ ਸਿੰਘ ਭੱਠਲ
ਸਾਬਕਾ ਜਥੇਬੰਦਕ ਸਕੱਤਰ, ਪੰਜਾਬ



ਕਾਮਰੇਡ ਮੁਸਤਾਕ ਮਸੀਹ
ਸਾਬਕਾ ਸਕੱਤਰ, ਪੰਜਾਬ

## ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਅਹੁਦੇਦਾਰ ਕਾਮਰੇਡ ਭਗਵਾਨ ਸਿੰਘ ਅਣਖੀ ਦੀ 34ਵੀਂ ਬਰਸੀ ਮੌਕੇ ਆਪਣੇ ਮਰਹੂਮ ਆਗੂਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਦੇ ਦੱਸੇ ਹੋਏ ਮਾਰਗ 'ਤੇ ਚੱਲਣ ਦਾ ਪ੍ਰਣ ਕਰਦੇ ਹਨ।



ਗੁਰਪ੍ਰੀਤ ਸਿੰਘ ਗੰਡੀਵਿੰਡ
ਸੂਬਾ ਪ੍ਰਧਾਨ



ਗੁਰਵਿੰਦਰ ਸਿੰਘ
ਵਰਕਿੰਗ ਪ੍ਰਧਾਨ, ਪੰਜਾਬ



ਸੁਰਿੰਦਰ ਪਾਲ ਸਿੰਘ ਲਾਹੌਰੀਆ
ਜਨਰਲ ਸਕੱਤਰ, ਪੰਜਾਬ



ਬਲਜੀਤ ਕੁਮਾਰ
ਸੂਬਾ ਖਜ਼ਾਨਚੀ



ਪ੍ਰਦਿਉਮਨ ਗੌਤਮ
ਮੀਤ ਪ੍ਰਧਾਨ, ਪੰਜਾਬ



ਬਲਵਿੰਦਰ ਸਿੰਘ ਉਦੀਪੁਰ
ਮੀਤ ਪ੍ਰਧਾਨ, ਪੰਜਾਬ



ਮਨਜੀਤ ਸਿੰਘ ਬਾਸਰਕੇ
ਮੀਤ ਪ੍ਰਧਾਨ, ਪੰਜਾਬ



ਕਰਤਾਰ ਸਿੰਘ
ਮੀਤ ਪ੍ਰਧਾਨ, ਪੰਜਾਬ



ਰਛਪਾਲ ਸਿੰਘ ਪਾਲੀ
ਡਿਪਟੀ ਜਨਰਲ ਸਕੱਤਰ, ਪੰਜਾਬ



ਦਰਸ਼ਨ ਲਾਲ
ਡਿਪਟੀ ਜਨਰਲ ਸਕੱਤਰ, ਪੰਜਾਬ



ਗੁਰਧਿਆਨ ਸਿੰਘ
ਸਕੱਤਰ, ਪੰਜਾਬ



ਬਲਜਿੰਦਰ ਕੌਰ
ਸਕੱਤਰ, ਪੰਜਾਬ



ਦਵਿੰਦਰ ਸਿੰਘ
ਸਕੱਤਰ, ਪੰਜਾਬ

## ਪ੍ਰੀਤ ਨਗਰ ਵਿਖੇ ਢਾਡੀ ਦਰਬਾਰ ਕਰਵਾਉਣ ਸਬੰਧੀ ਮੀਟਿੰਗ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗੁਰਦੁਆਰਾ ਸਿੰਘ ਸਭਾ ਬਾਬਾ ਫਤਿਹ ਸਿੰਘ ਪ੍ਰੀਤ ਨਗਰ ਵਿਖੇ ਢਾਡੀ ਦਰਬਾਰ ਕਰਵਾਉਣ ਸਬੰਧੀ ਗੁਰਦੁਆਰਾ ਕਮੇਟੀ ਮੈਂਬਰ ਤੇ ਨਗਰ ਨਿਵਾਸੀਆਂ ਦੀ ਅਹਿਮ ਮੀਟਿੰਗ ਸਰਹਿੰਦ ਵਿਖੇ ਹੋਈ, ਜਿਸ ਸਬੰਧੀ ਜਾਣਕਾਰੀ ਦਿੰਦਿਆਂ ਉੱਘੇ ਸਮਾਜ ਸੇਵਕ ਪਰਵਿੰਦਰ ਸਿੰਘ ਦਿਓਲ ਨੇ ਦੱਸਿਆ ਕਿ ਦਸਮਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਧੰਨ ਧੰਨ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨੌਵਾਂ ਢਾਡੀ ਦਰਬਾਰ 15 ਦਸੰਬਰ ਸੰਗਰਾਂਦ ਵਾਲੇ ਦਿਨ ਸ਼ਾਮ 6 ਵਜੇ ਤੋਂ 8:30 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਬਾਬਾ ਫਤਿਹ ਸਿੰਘ ਪ੍ਰੀਤ ਨਗਰ ਬਸੀ ਰੋਡ ਸਰਹਿੰਦ ਵਿਖੇ ਬੜੀ ਸ਼ਰਧਾ ਤੇ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਥਕ ਢਾਡੀ ਜੱਥਾ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ ਵਾਲੇ ਢਾਡੀ ਵਾਰਾਂ ਰਾਹੀਂ ਗੁਰ ਇਤਿਹਾਸ ਨਾਲ ਜੋੜਨਗੇ। ਇਸ ਤੋਂ ਇਲਾਵਾ ਭਾਈ ਸਾਹਿਬ ਭਾਈ ਲਵਪ੍ਰੀਤ ਸਿੰਘ ਫਤਿਹਗੜ੍ਹ ਸਾਹਿਬ ਵਾਲੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਅਰਦਾਸ ਉਪਰੰਤ ਸੰਗਤਾਂ ਲਈ ਅਤੁੱਟ ਲੰਗਰ ਵੀ ਵਰਤਾਇਆ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਸੋਹੀ, ਜਰਨੈਲ ਸਿੰਘ ਬੀਰੂ, ਹਰਵਿੰਦਰ ਸਿੰਘ ਬੱਬਲ, ਗੁਰਮੀਤ ਸਿੰਘ ਲੌਂਗੀਆ, ਸੁਰਿੰਦਰ ਸਿੰਘ ਛਿੰਦਾ, ਗਗਨਦੀਪ ਸਿੰਘ ਦਿਓਲ, ਮਾਸਟਰ ਅਜੀਤ ਸਿੰਘ, ਦਵਿੰਦਰ ਸਿੰਘ ਚੀਮਾ, ਦਵਿੰਦਰ ਸਿੰਘ, ਡੀ ਐੱਸ ਮੁਖਤਿਆਰ ਸਿੰਘ, ਰਘਬੀਰ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

## ਭਾਜਪਾ ਉਮੀਦਵਾਰ ਬਲਜੀਤ ਬੱਲੀ ਦੇ ਹੱਕ 'ਚ ਚੋਣ ਪ੍ਰਚਾਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਜ਼ਿਲ੍ਹਾ ਪ੍ਰੀਸ਼ਦ ਜ਼ੋਨ ਗੁਲਾਹੜ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸਾਬਕਾ ਸਰਪੰਚ ਬਲਜੀਤ ਸਿੰਘ ਬੱਲੀ ਖਾਨੇਵਾਲ ਤੇ ਬਲਾਕ ਸੰਮਤੀ ਉਮੀਦਵਾਰ ਉਰਮਲਾ ਦੇਵੀ ਦੇ ਹੱਕ ਵਿੱਚ ਚੋਣ ਪ੍ਰਚਾਰ ਤੇਜ਼ ਕਰਦਿਆਂ ਪਿੰਡ ਖਾਂਗ ਵਿਖੇ ਵਿਸ਼ਾਲ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਪੁੱਜੇ ਭਾਜਪਾ ਆਗੂਆਂ ਨੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰਾਂ ਨੂੰ ਜਿਤਾ ਕੇ ਭਾਜਪਾ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਜਪਾ ਦੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਲੋਕ ਪੱਖੀ ਨੀਤੀਆਂ ਬਣਾਈਆਂ ਜਾ ਰਹੀਆਂ ਹਨ, ਪਰ ਬਦਕਿਸਮਤੀ ਦੀ ਗੱਲ ਹੈ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸੌੜੀ ਸਿਆਸਤ ਉਤੇ ਚੱਲਦਿਆਂ ਕੇਂਦਰੀ ਨੀਤੀਆਂ ਨੂੰ ਸਹੀ ਰੂਪ 'ਚ ਸੂਬੇ ਅੰਦਰ ਲਾਗੂ ਨਹੀਂ ਕਰਦੀ।ਉਨ੍ਹਾਂ ਕਿਹਾ ਕਿ ਜਿਨ੍ਹਾਂ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ, ਉਨ੍ਹਾਂ ਰਾਜਾਂ ਵਿੱਚ ਵਿਕਾਸ ਦੀ ਰਫ਼ਤਾਰ ਪੂਰੀ ਤੇਜ਼ੀ ਨਾਲ ਚੱਲ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਰਾਜ ਵਿੱਚ ਹੋਣ ਜਾ ਰਹੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਕਿ ਸੂਬੇ ਦੇ ਵਿਕਾਸ ਵਿੱਚ ਭਾਰਤੀ ਜਨਤਾ ਪਾਰਟੀ ਆਪਣਾ ਅਹਿਮ ਰੋਲ ਅਦਾ ਕਰ ਸਕੇ।

## ਖਾਲਸਾ ਸਕੂਲ 'ਚ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਇਆ




**ਤਲਵੰਡੀ ਸਾਬੋ (ਜਗਦੀਪ ਗਿੱਲ)**-ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਇਆ ਗਿਆ, ਜਿਸ ਦੌਰਾਨ ਸਵੇਰ ਦੀ ਸਭਾ ਵਿੱਚ ਦੇਸ਼ ਦੀ ਆਨ-ਬਾਨ ਕਾਇਮ ਰੱਖਣ ਲਈ ਸ਼ਹੀਦ ਹੋਏ ਸੈਨਿਕਾਂ ਨੂੰ ਯਾਦ ਕੀਤਾ ਗਿਆ।ਸਕੂਲ ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਭਾਰਤ ਸਰਕਾਰ ਵੱਲੋਂ 1949 ਵਿੱਚ ਝੰਡਾ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਸੀ, ਜੋ ਹਰ ਸਾਲ 7 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਆਮ ਨਾਗਰਿਕਾਂ ਕੋਲ, ਸ਼ਹੀਦ ਹੋਏ ਸੈਨਿਕਾਂ ਦੇ ਪਰਵਾਰਾਂ, ਯੁੱਧ ਦੌਰਾਨ ਨਕਾਰਾ ਹੋਏ ਜਵਾਨਾਂ ਤੇ ਰਿਟਾਇਰ ਹੋਏ ਜਵਾਨਾਂ ਦੀ ਆਰਥਿਕ ਮਦਦ ਲਈ ਫੰਡ ਇਕੱਠਾ ਕੀਤਾ ਜਾਂਦਾ ਹੈ।ਇਸ ਲਈ ਸਾਨੂੰ ਸਭ ਨੂੰ ਇਸ ਫੰਡ ਵਿੱਚ ਯੋਗਦਾਨ ਪਾ ਕੇ ਦੇਸ਼ ਦੀ ਰੱਖਿਆ ਕਰ ਰਹੇ ਜਵਾਨਾਂ ਤੇ ਰੱਖਿਆ ਕਰਦੇ ਹੋਏ ਸ਼ਹੀਦ ਹੋਏ ਜਵਾਨਾਂ ਦੇ ਪਰਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ। ਸਕੂਲ ਪ੍ਰਿੰਸੀਪਲ ਤੇ ਸਟਾਫ਼ ਵੱਲੋਂ ਸੈਨਿਕ ਭਲਾਈ ਵਿਭਾਗ ਵੱਲੋਂ ਪ੍ਰਾਪਤ ਹੋਏ ਝੰਡੇ ਵਿਦਿਆਰਥੀਆਂ ਦੇ ਲਾਏ ਗਏ ਅਤੇ ਫੰਡ ਇਕੱਠਾ ਕੀਤਾ ਗਿਆ। ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਲਗਭਗ 200 ਝੰਡੇ ਖਰੀਦ ਕੇ ਇਸ ਭਲਾਈ ਦੇ ਕਾਰਜ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ ਗਿਆ।

## ਭਾਗਵਤ ਕਥਾ ਸੁਣਨ ਨਾਲ ਮਾਨਸਿਕ ਕਸ਼ਟ ਦੂਰ ਹੁੰਦੇ : ਸਵਾਮੀ ਵਿਸ਼ਨੂ ਚੇਤੰਨਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ਼੍ਰੀਮਦ ਭਾਗਵਤ ਕਥਾ ਸੁਣਨ ਨਾਲ ਸਰੀਰਕ ਤੇ ਮਾਨਸਿਕ ਕਸ਼ਟ ਦੂਰ ਹੁੰਦੇ ਹਨ।ਇਹ ਬੋਲ ਕਥਾਵਾਚਕ ਸਵਾਮੀ ਵਿਸ਼ਨੂੰ ਚੇਤਨਿਆ ਜੀ ਵਰਿੰਦਾਵਨ ਵਾਲੇ ਨੇ ਜੈ ਸ਼ਕਤੀ ਸੇਵਾ ਦਲ ਪੁਰਾਣਾ ਦੁਰਗਾ ਮੰਦਰ ਕਮੇਟੀ ਵੱਲੋਂ ਸ਼੍ਰੀ ਦੁਰਗਾ ਸੇਵਾ ਦਲ ਵਿਖੇ ਕਰਾਈ ਜਾ ਰਹੀ ਸ਼੍ਰੀਮਦ ਭਾਗਵਤ ਕਥਾ ਦੇ ਪਹਿਲੇ ਦਿਨ ਪ੍ਰਗਟਾਏ।ਸਵਾਮੀ ਜੀ ਨੇ ਕਥਾ ਦੌਰਾਨ ਕਿਹਾ ਕਿ ਕਿਸੇ ਵੀ ਵਿਅਕਤੀ ਦੇ ਜਾਣ ਨਾਲ ਸੰਸਾਰ ਦੇ ਕੰਮ ਰੁਕਦੇ ਨਹੀਂ।ਮਨੁੱਖ ਜਿਸ ਅੰਗ ਨਾਲ ਇਸ ਜਨਮ ਵਿੱਚ ਪਾਪ ਕਰਦਾ ਹੈ, ਉਹ ਅੰਗ ਅਗਲੇ ਜਨਮ ਵਿੱਚ ਪ੍ਰਾਪਤ ਨਹੀਂ ਹੁੰਦਾ।ਉਨ੍ਹਾਂ ਕਿਹਾ ਕਿ ਭਾਗਵਤ ਕਥਾ ਮਨ ਦੀ ਸ਼ਾਂਤੀ, ਆਤਮਿਕ ਉਤਸ਼ਾਹ ਤੇ ਸਾਰੇ ਦੁੱਖਾਂ ਤੋਂ ਉਭਾਰ ਲਈ ਇੱਕ ਪਵਿੱਤਰ ਸਰੋਤ ਹੈ।ਮੰਦਰ ਕਮੇਟੀ ਦੇ ਸ਼ਤੀਸ਼ ਬਾਂਸਲ, ਡਾ. ਅਰੁਣ ਬਾਂਸਲ, ਕੇਸ਼ਵ ਗਰਗ, ਅਦਰਸ਼ ਗਰਗ, ਯਸ਼ਪਾਲ ਢੀਂਗਰਾ ਤੇ ਦਿਨੇਸ਼ ਗਰਗ ਨੇ ਦੱਸਿਆ ਕਿ ਇਸ ਧਾਰਮਿਕ ਸਮਾਗਮ ਦਾ ਆਯੋਜਨ ਜੈ ਸ਼ਕਤੀ ਸੇਵਾ ਦਲ ਪੁਰਾਣਾ ਦੁਰਗਾ ਮੰਦਰ ਵੱਲੋਂ ਮਾਂ ਵੈਸ਼ਨੋ ਭਜਨ ਮੰਡਲੀ, ਸ੍ਰੀ ਰਾਧਾ ਕ੍ਰਿਸ਼ਨ ਮਹਿਲਾ ਕੀਰਤਨ ਮੰਡਲੀ ਤੇ ਸ੍ਰੀ ਸ਼ਿਵ ਸ਼ਕਤੀ ਕਾਂਵੜ ਸੰਘ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।ਕਥਾ ਵਾਚਕ ਸਵਾਮੀ ਸ੍ਰੀ ਵਿਸ਼ਨੂੰ ਚੇਤਨਿਆ ਜੀ ਮਹਾਰਾਜ (ਵ੍ਰਿੰਦਾਵਨ ਵਾਲੇ) ਆਪਣੀ ਮਧੁਰ ਬਾਣੀ ਰਾਹੀਂ ਸੰਗਤ ਨੂੰ ਸ਼੍ਰੀਮਦ ਭਾਗਵਤ ਕਥਾ ਦਾ ਰਸ ਪਵਿੱਤਰ ਕਰਨਗੇ। ਕਥਾ 8 ਦਸੰਬਰ ਤੋਂ ਹਰ ਰੋਜ਼ ਸ਼ਾਮ 3 ਵਜੇ ਤੋਂ 6 ਵਜੇ ਤੱਕ ਹੋਵੇਗੀ, ਜਦਕਿ 14 ਦਸੰਬਰ ਨੂੰ ਕਥਾ ਦੇ ਭੋਗ ਪਾਏ ਜਾਣਗੇ।

## ਫ਼ਿਰੋਜ਼ਪੁਰ ਰੇਲ ਮੰਡਲ ਦੇ 29 ਸੇਵਾਮੁਕਤ ਕ੍ਰਮਚਾਰੀਆਂ ਨੂੰ 15.17 ਕਰੋੜ ਦੇ ਬਕਾਏ ਜਾਰੀ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਉੱਤਰ ਰੇਲਵੇ ਦੇ ਫ਼ਿਰੋਜ਼ਪੁਰ ਮੰਡਲ ਵਿੱਚ ਇਕ ਵਿਸ਼ੇਸ਼ ਪ੍ਰੋਗਰਾਮ ਦੌਰਾਨ 29 ਸੇਵਾਮੁਕਤ ਰੇਲ ਕ੍ਰਮਚਾਰੀਆਂ ਨੂੰ ਲਗਭਗ 15.17 ਕਰੋੜ ਰੁਪਏ ਦੀ ਰਾਸ਼ੀ ਦੇ ਭੁਗਤਾਨ ਪੱਤਰ ਸੌਂਪੇ ਗਏ।ਇਹ ਭੁਗਤਾਨ ਮੰਡਲ ਰੇਲ ਪ੍ਰਬੰਧਕ (ਡੀਆਰਐੱਮ) ਸੰਜੀਵ ਕੁਮਾਰ ਵੱਲੋਂ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇਹ ਕ੍ਰਮਚਾਰੀ 30 ਨਵੰਬਰ ਨੂੰ ਸੇਵਾਮੁਕਤ ਹੋਏ ਸਨ।ਸੇਵਾਮੁਕਤੀ ਤੋਂ ਬਾਅਦ ਦਿੱਤੇ ਜਾਣ ਵਾਲੇ ਇਸ ਭੁਗਤਾਨ ਵਿਚ 6 ਤਰ੍ਹਾਂ ਦੇ ਲਾਭ ਸ਼ਾਮਲ ਹਨ, ਜਿਨ੍ਹਾਂ ਵਿੱਚ ਪੀ.ਪੀ.ਓ, ਗਰੈਚੂਟੀ, ਕਮਿਊਟੇਸ਼ਨ, ਲੀਵ ਇਨਕੈਸ਼ਮੈਂਟ, ਜੀ.ਆਈ.ਐੱਸ. ਤੇ ਪੀ.ਐੱਫ. ਸ਼ਾਮਲ ਹਨ।ਸੇਵਾਮੁਕਤ ਕ੍ਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਮੰਡਲ ਰੇਲ ਪ੍ਰਬੰਧਕ ਨੇ ਉਨ੍ਹਾਂ ਵੱਲੋਂ ਰੇਲਵੇ ਪ੍ਰਤੀ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਲਈ ਧੰਨਵਾਦ ਪ੍ਰਗਟਾਇਆ। ਉਨ੍ਹਾਂ ਸਾਰਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਤੁਹਾਡਾ ਆਉਣ ਵਾਲਾ ਜੀਵਨ ਸਿਹਤਮੰਦ, ਸੁਖਦ ਤੇ ਖ਼ੁਸ਼ਹਾਲ ਹੋਵੇ।ਉਨ੍ਹਾਂ ਕ੍ਰਮਚਾਰੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਸੇਵਾਮੁਕਤੀ ਦੇ ਪੈਸੇ ਦੀ ਵਰਤੋਂ ਸੋਚ-ਸਮਝ ਕੇ ਕਰਨ ਤੇ ਆਪਣੀ ਰੁਚੀ ਅਨੁਸਾਰ ਖ਼ੁਦ ਨੂੰ ਰੁੱਝਿਆ ਰੱਖਣ ਤਾਂ ਜੁ ਉਹ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਰਹਿ

## ਭਾਰਤ ਸਕਾਊਟ ਤੇ ਗਾਈਡ ਦਾ ਤਿੰਨ ਰੋਜ਼ਾ ਕੈਂਪ ਲਾਇਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਬਾਬਾ ਫ਼ਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵਿਖੇ ਓਂਕਾਰ ਸਿੰਘ ਐਸ ਓ ਸੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਕੂਲ ਦੇ ਪ੍ਰਿੰਸੀਪਲ ਮੈਡਮ ਪਰਮਜੀਤ ਕੌਰ ਦੀ ਅਗਵਾਈ ਵਿੱਚ ਭਾਰਤ ਸਕਾਊਟ ਤੇ ਗਾਈਡ ਦਾ ਤ੍ਰਿਤਿਆ ਸੁਪਾਨ 3 ਰੋਜ਼ਾ ਕੈਂਪ ਲਾਇਆ ਗਿਆ।ਕੈਂਪ ਸਬੰਧੀ ਸਕਾਊਟ ਮਾਸਟਰ ਗੁਰਜੋਤ ਸਿੰਘ ਸਕਾਟ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਕੈਂਪ ਵਿੱਚ 150 ਸਕਾਊਟ ਤੇ ਗਾਈਡਜ਼ ਨੇ ਹਿੱਸਾ ਲਿਆ।ਕੈਂਪ ਦੌਰਾਨ ਵਿਦਿਆਰਥੀਆਂ ਨੂੰ ਟੀਮ ਦੀ ਅਗਵਾਈ ਕਿਵੇਂ ਕਰਨੀ ਹੈ ਸ਼ਾਸਨ ਵਿੱਚ ਰਹਿਣਾ, ਮੁਸ਼ਕਲਾਂ ਦਾ ਸਾਹਮਣਾ ਕਰਨਾ, ਸਾਹਸੀ ਕਿਰਿਆਵਾਂ ਟੀਮ ਵਰਕ ਸਮਾਜ ਦੀ ਸੇਵਾ ਕਰਨ ਲਈ ਪਹਿਲ ਕਦਮੀ ਕਰਨੀ ਦੇ ਨਾਲ ਨਾਲ ਚਰਿੱਤਰ ਨਿਰਮਾਣ ਦੇ ਕਈ ਅਨੇਕਾਂ ਪਹਿਲੂਆਂ ਤੋਂ ਦਰਸ਼ਨ ਸਿੰਘ, ਨਵੀਨ ਰੋਵਰ ਨੇ ਜਾਣੂ ਕਰਾਇਆ ਗਿਆ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਅਜਿਹੇ ਕੈਂਪਾਂ ਤੋਂ ਪ੍ਰੇਰਣਾ ਲੈਣ ਲਈ ਪ੍ਰੇਰਿਤ ਕੀਤਾ।ਕੈਂਪ ਦੀ ਸਫਲਤਾ ਲਈ ਨਵਨੀਤ ਕੌਰ ਗੁਰਵੀਰ ਕੌਰ, ਲਵਪ੍ਰੀਤ ਕੌਰ ਤੋਂ ਇਲਾਵਾ ਸਮੂਹ ਸਟਾਫ਼ ਦਾ ਸਹਿਯੋਗ ਰਿਹਾ।।

# ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਵੱਲੋਂ ਬਿਜਲੀ ਘਰ ਮਮਦੋਟ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ



**ਮਮਦੋਟ (ਜਸਬੀਰ ਸਿੰਘ ਕੰਬੋਜ)**

ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਵੱਲੋਂ ਬਿਜਲੀ ਘਰ ਮਮਦੋਟ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਬਿਜਲੀ ਸੋਧ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਹੁਣ ਇਸ ਸੋਧ ਬਿੱਲ ਰਾਹੀਂ ਲੋਕਾਂ ਦੇ ਘਰਾਂ ਦੁਕਾਨਾਂ ਅਤੇ ਕਾਰਖਾਨਿਆਂ ਨੂੰ ਬਿਜਲੀ ਵੇਚਣ ਦਾ ਅਧਿਕਾਰ ਪ੍ਰਾਈਵੇਟ ਨੂੰ ਦਿੱਤਾ ਜਾਵੇਗਾ, ਬਿਜਲੀ ਕੰਪਨੀਆਂ ਨੂੰ ਆਪਣੀਆਂ ਵੱਡੀਆਂ ਲਾਈਨਾਂ ਕੱਢਣ ਵਾਸਤੇ ਪੂਰਨ ਅਧਿਕਾਰ ਦਿੱਤਾ ਜਾਵੇਗਾ, ਲਾਈਨਾਂ ਕੱਢਣ ਲਈ ਜ਼ਮੀਨ ਹਾਸਿਲ ਕਰਨ ਦੇ ਪੂਰੇ ਅਧਿਕਾਰ ਕੇਂਦਰ ਸਰਕਾਰ ਦੀ ਬਿਜਲੀ ਲਾਈਨ ਅਥਾਰਟੀ ਕੋਲ ਹੋਣਗੇ, ਪ੍ਰਾਈਵੇਟ ਕੰਪਨੀਆਂ ਬਿਜਲੀ ਵਾਲੀਆਂ ਸਰਕਾਰੀ ਲਾਈਨਾਂ ਨੂੰ ਆਪਣੀ ਸਹੂਲਤ ਅਨੁਸਾਰ ਵਰਤ ਸਕਣਗੀਆਂ, ਸਰਕਾਰੀ ਕੰਪਨੀ ਸਿਰਫ ਆਪਣਾ ਕਰਾਇਆ ਵਸੂਲ ਕਰ ਸਕੇਗੀ ਉਹਨਾਂ ਨੂੰ ਰੋਕ ਨਹੀਂ ਸਕੇਗੀ, ਵੱਡੇ ਘਰਾਣਿਆਂ ਨੂੰ ਹੋਰ ਸਹੂਲਤਾਂ ਦੇਣ ਅਤੇ ਆਮ ਲੋਕਾਂ ਦਾ ਗਲ ਘੁੱਟਣ ਲਈ ਪੰਜ ਸਾਲਾਂ ਦੇ ਅੰਦਰ ਅੰਦਰ ਕ੍ਰਾਸ ਸਬਸਿਡੀ ਦਾ ਖਾਤਮਾ ਕੀਤਾ ਜਾਵੇਗਾ, ਸੋਧ ਬਿੱਲ ਕਹਿੰਦਾ ਹੈ ਕਿ ਭਾਵੇਂ ਅੰਬਾਨੀ ਅਡਾਨੀ ਹੋਵੇ ਜਾਂ ਕੋਈ ਪਿੰਡ ਦਾ ਗਰੀਬ ਸਾਰਿਆਂ ਨੂੰ ਇੱਕੋ ਰੇਟ 'ਤੇ ਬਿਜਲੀ ਦਿੱਤੀ ਜਾਵੇਗੀ, ਖਪਤਕਾਰ ਨੂੰ ਬਿਜਲੀ ਦਾ ਬਿੱਲ ਸਾਰੇ ਖਰਚੇ ਜੋੜ ਕੇ ਭੇਜਿਆ ਜਾਵੇਗਾ, ਇਹਨਾਂ ਖਰਚਾਂ ਵਿੱਚ ਬਿਜਲੀ ਪੈਦਾ ਕਰਨ ਅਤੇ ਵੇਚਣ ਦੇ ਸਾਰੇ ਖਰਚੇ ਕੰਪਨੀ ਦਾ ਮੁਨਾਫਾ ਖਰਚੀ ਉਹੀ ਰਕਮ ਦਾ ਵਿਆਜ ਮਹੀਨੇ ਦੀ ਘਸਾਈ ਅਤੇ ਭਵਿੱਖ ਵਿੱਚ ਸਮਰੱਥਾ ਵਾਧਾ ਕਰਨ ਲਈ ਹੋਣ ਵਾਲਾ ਖਰਚਾ ਸ਼ਾਮਿਲ ਹੋਵੇਗਾ ਇਹ ਸਾਰਾ ਬਿੱਲ ਖਪਤਕਾਰ ਨੂੰ ਭਰਨਾ ਪਵੇਗਾ ਜੇਕਰ ਸੂਬਾ ਸਰਕਾਰ ਸਬਸਿਡੀ ਦੇਣਾ ਚਾਹੁੰਦੀ ਹੈ ਤਾਂ ਉਹ ਖਪਤਕਾਰ ਦੇ ਖਾਤੇ ਵਿੱਚ ਸਿੱਧੇ ਤੌਰ ਤੇ ਜਮ੍ਹਾ ਕਰਵਾਏਗੀ ਇਸ ਦਾ ਮਤਲਬ ਲੋਕਾਂ ਨੂੰ ਪਹਿਲਾਂ ਪੂਰੇ ਰੇਟ ਤੇ ਪੂਰਾ ਬਿੱਲ ਭਰਨਾ ਪਵੇਗਾ ਅਤੇ ਮਗਰੋਂ ਸਰਕਾਰ ਤੁਹਾਡੇ ਖਾਤੇ ਵਿੱਚ ਸਬਸਿਡੀ ਦੀ ਰਕਮ ਪਾ ਦੇਵੇਗੀ ਜਿਵੇਂ ਗੈਸ ਦੀ ਸਬਸਿਡੀ ਘਟਾ ਕੇ ਨਾਮਾਤਰ ਕਰ ਦਿੱਤੀ ਗਈ ਹੈ, ਉਸੇ ਤਰ੍ਹਾਂ ਸਰਕਾਰ ਹੌਲੀ ਹੌਲੀ ਬਿਜਲੀ ਸਬਸਿਡੀ ਵੀ ਰੱਦ ਕਰ ਦੇਵੇਗੀ। ਜੇ ਇਹ ਬਿੱਲ ਪਾਸ ਹੋ ਕੇ ਕਾਨੂੰਨ ਬਣ ਗਿਆ ਤਾਂ ਟੈਰਿਫ ਤੈਅ ਕਰਨ ਅਤੇ ਬਿਜਲੀ ਸਬੰਧੀ ਨੀਤੀਆਂ ਬਣਾਉਣ ਦੇ ਸਾਰੇ ਅਧਿਕਾਰ ਕੇਂਦਰ ਸਰਕਾਰ ਕੋਲ ਚਲੇ ਜਾਣਗੇ। ਇਸ ਮੌਕੇ ਜਗੀਰ ਸਿੰਘ ਜਿਲਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ,ਅਮਰੀਕ ਸਿੰਘ ਜਿਲਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਮਾਨਸਾ ਜ਼ਿਲ੍ਹਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਬੁੱਟਰ ਗਰੁੱਪ ਤੋਂ ਜ਼ਿਲਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ,ਜਸਬੀਰ ਸਿੰਘ ਸੰਧੂ ਬਲਾਕ ਪ੍ਰਧਾਨ ਗੁਰੂਹਰਸਹਾਇ, ਰੇਸ਼ਮ ਸਿੰਘ ਹਜ਼ਾਰਾਂ,ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ.ਮਹਿੰਦਰ ਸਿੰਘ ਵਧਾਵਣ ਸੀਨੀਅਰ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਮੇਜਰ ਸਿੰਘ ਰੰਧਾਵਾ ਭਾਰਤੀ ਕਿਸਾਨ ਯੂਨੀਅਨ ਮਾਨਸਾ, ਮਨਪ੍ਰੀਤ ਸਿੰਘ ਮਮਦੋਟ ਬਲਾਕ ਪ੍ਰਧਾਨ ਕਾਦੀਆਂ, ਦਰਸ਼ਨ ਸਿੰਘ ਕੜਮਾ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਪੰਜਾਬ ਸਿੰਘ ਅਤੇ ਗੁਰਭੇਜ ਸਿੰਘ ਟਿੱਬੀ ਸਮੇਤ ਵੱਡੀ ਗੁੰਟੀ ਵਿਚ ਇਲਾਕਾ ਨਿਵਾਸੀ ਸ਼ਾਮਲ ਸਨ।

## ਸਰਸਵਤੀ ਮਾਡਲ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਰੋਹ



**ਦੋਰਾਹਾ (ਹਰਮਿੰਦਰ ਸੇਠ)**-ਸਰਸਵਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਪਰਮਪਿਤਾ ਪ੍ਰਮਾਤਮਾ ਦੀ ਓਟ ਆਸਰਾ ਤੱਕਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਕਰਾਇਆ ਗਿਆ।ਇਸ ਪ੍ਰੋਗਰਾਮ ਵਿੱਚ ਸਕੂਲ ਦਾ ਨਾਂ ਰੌਸ਼ਨ ਕਰਨ ਵਾਲੇ ਚਮਕਦੇ ਸਿਤਾਰੇ ਸਕੂਲ ਦੇ ਐਲੂਮਨੀ ਕੈਪਟਨ ਕਰਮਜੀਤ ਸਿੰਘ ਮਾਸਟਰ ਮਰੀਨਰ, ਭਾਰਤੀ ਮਰਚੈਂਟ ਨੇਵੀ, ਜਸਪ੍ਰੀਤ ਕੌਰ ਲਗਾਤਾਰ ਦੋ ਵਾਰ ਟੌਪਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਨੇਹਾ ਗੋਇਲ ਪੰਜਾਬ 'ਚੋਂ ਗੇਟ ਪ੍ਰੀਖਿਆ ਦੀ ਟਾਪਰ ਤੇ ਆਈ ਆਈ ਟੀ ਬੰਬਈ ਦੀ ਐਲੂਮਨਸ ਅਤੇ ਪਰਮਿੰਦਰ ਕੌਰ ਏ.ਜੀ.ਐੱਮ. (ਐੱਫ ਸੀ ਆਈ) ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਦੇ ਪ੍ਰੇਰਣਾ ਸਰੋਤ ਵਜੋਂ ਹਜ਼ਾਰ ਹੋਏ।ਇਸ ਤੋਂ ਇਲਾਵਾ ਇਲਾਕੇ ਦੇ ਲਗਭਗ ਸਾਰੇ ਸਕੂਲਾਂ ਦੇ ਪ੍ਰਿੰਸੀਪਲ ਇਸ ਸਮਰੋਹ ਵਿੱਚ ਆਪਣੀ ਹਾਜ਼ਰੀ ਲਵਾਉਣ ਲਈ ਪਹੁੰਚੇ।ਦੋਰਾਹਾ ਨਗਰ ਕੌਂਸਲ ਦੇ ਪ੍ਰਧਾਨ ਸੁਦਰਸ਼ਨ ਕੁਮਾਰ ਸ਼ਰਮਾ ਮੁੱਖ ਮਹਿਮਾਨ ਵਜੋਂ ਨਗਰ ਕੌਂਸਲ ਦੇ ਹੋਰ ਮੈਂਬਰਾਂ ਨਾਲ ਇਸ ਸਮਾਗਮ ਨੂੰ ਚਾਰ ਚੰਦ ਲਾਉਣ ਲਈ ਪਹੁੰਚੇ।ਬੱਚਿਆਂ ਦੇ ਮਾਤਾ-ਪਿਤਾ ਵੀ ਸਕੂਲ ਦੇ ਸੱਦੇ ਨੂੰ ਸਵੀਕਾਰ ਕਰਦੇ ਹੋਏ ਵੱਡੀ ਗਿਣਤੀ ਵਿੱਚ ਸਕੂਲ ਪਹੁੰਚੇ।ਸੁਦਰਸ਼ਨ ਸ਼ਰਮਾ ਨੇ ਸਕੂਲ ਦੇ ਹੋਣਹਾਰ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਤੇ ਆਪਣੀ ਭਾਸ਼ਣ ਵਿੱਚ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।ਸਕੂਲ ਮੁਖੀ ਸ਼੍ਰੀ ਪ੍ਰੀਤੀਸ਼ ਗੁਸਾਈਂ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ।ਇਸ ਮੌਕੇ ਸਕੂਲ ਦੇ ਡਾਇਰੈਕਟਰ ਸ਼੍ਰੀ ਐੱਮ ਐੱਲ ਗੋਇਲ ਤੇ ਸ਼੍ਰੀ ਡੀ ਐੱਸ ਗੁਸਾਈਂ, ਮੈਂਬਰ ਏ ਆਰ ਤਿਵਾੜੀ, ਸੈਕਰੇਟਰੀ ਪ੍ਰੋਫ ਐੱਮ. ਐੱਸ. ਭੰਡਾਰੀ ਡਾਕਟਰ ਲਵਲੀਨ ਬੈਂਸ, ਪ੍ਰੋਫ ਰਣਜੀਤ ਕੌਰ, ਸੈਨੇਟਰੀ ਇੰਸਪੈਕਟਰ ਵਿਸ਼ਣੂਦੱਤ ਸ਼ਰਮਾ, ਗੀਤੂ ਸ਼ਰਮਾ, ਬਬਲੀ ਸੇਠੀ (ਐੱਮ ਡੀ ਸਚਦੇਵਾ ਸਕੂਲ ਸਾਹਨੇਵਾਲ), ਸ੍ਰੀਮਤੀ ਨੀਰਜ ਸ਼ਰਮਾ ਤੇ ਸ੍ਰੀਮਤੀ ਸੁਮਨ ਸ਼ਰਮਾ ਡਾਇਰੈਕਟਰ ਸ਼ਕਤੀ ਸਕੂਲ ਦੋਰਾਹਾ, ਪ੍ਰਿੰ. ਮੋਨਿਕਾ ਸਰਵਾਲ ਦੋਰਾਹਾ ਪਬਲਿਕ ਸਕੂਲ, ਪ੍ਰਿੰ. ਸੁਸ਼ਮਾ ਸ਼ਰਮਾ ਆਰੀਆ ਪਬਲਿਕ ਸਕੂਲ ਦੋਰਾਹਾ, ਆਲ ਟ੍ਰੇਡ ਯੂਨੀਅਨ ਦੇ ਪ੍ਰਧਾਨ ਬੌਬੀ ਤਿਵਾੜੀ ਆਦਿ ਹਾਜ਼ਰ ਸਨ।

## ਚੋਰੀ ਦੇ ਮੋਟਰਸਾਈਕਲ ਸਣੇ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਇੱਕ ਚੋਰੀ ਦੇ ਮੋਟਰਸਾਈਕਲ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਦੇਵ ਰਾਜ ਨੇ ਦੱਸਿਆ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਸਾਜਨ ਕੁਮਾਰ ਪੁੱਤਰ ਸੁਰਜੀਤ ਸਿੰਘ ਵਾਸੀ ਢਾਬ ਕੜਿਆਲ ਤੇ ਜੰਗ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਮੋਹਨ ਕੇ ਉਤਾੜ ਬਸਤੀ ਕੱਲੇ ਵਾਲੀ (ਥਾਣਾ ਗੁਰੂ ਹਰਸਹਾਏ), ਜੋ ਕਿ ਮੋਟਰਸਾਈਕਲ ਚੋਰੀ ਕਰਕੇ ਵੇਚਣ ਦੇ ਆਦੀ ਹਨ, ਜੋ ਹੁਣ ਵੀ ਚੋਰੀ ਦਾ ਮੋਟਰਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ ਅਤੇ ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ, ਜਿਸ 'ਤੇ ਪੁਲਸ ਪਾਰਟੀ ਨੇ ਪਿੰਡ ਟਿਵਾਣਾ ਕਲਾਂ ਦੀ ਸੁਸਾਇਟੀ ਘਰ ਦੀ ਬੈਕ ਸਾਇਡ ਇੱਟਾਂ ਵਾਲੀ ਸੜਕ 'ਤੇ ਛਾਪੇਮਾਰੀ ਕਰਕੇ ਸਾਜਨ ਕੁਮਾਰ ਅਤੇ ਜੰਗ ਸਿੰਘ ਨੂੰ ਇਕ ਚੋਰੀ ਦਾ ਮੋਟਰਸਾਈਕਲ ਡੀਲੈਕਸ ਬਿਨਾਂ ਨੰਬਰੀ ਕਾਬੂ ਕੀਤਾ ਗਿਆ ਹੈ। ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਪੈਨਸ਼ਨਰਜ਼ ਕਨਫੈਡਰੇਸ਼ਨ ਦੀ ਸੂਬਾ ਪੱਧਰੀ ਅਹਿਮ ਮੀਟਿੰਗ ਲੁਧਿਆਣਾ ਵਿਖੇ 11 ਨੂੰ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਮੁੱਖ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਪੈਨਸ਼ਨਰਜ਼ ਕੈਨਫੈਰੇਸਨ ਦੇ ਸੂਬਾ ਮੁੱਖ ਬੁਲਾਰੇ ਅਤੇ ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਅਰੋੜਾ ਜੋ ਕਿ ਜ਼ਿਲ੍ਹਾ ਸੰਗਰੂਰ ਦੇ ਵੀ ਪ੍ਰਧਾਨ ਹਨ, ਦੀ ਪ੍ਰਧਾਨਗੀ ਹੇਠ ਹੋਈ।

ਉਹਨਾ ਨਾਲ ਜ਼ਿਲ੍ਹਾ ਜਨਰਲ ਸਕੱਤਰ ਦਰਸ਼ਨ ਸਿੰਘ ਨੌਰਥ, ਸੀਨੀਅਰ ਮੀਤ ਪ੍ਰਧਾਨ ਆਰ ਐਲ ਪਾਂਧੀ, ਵਿੱਤ ਸਕੱਤਰ ਕਰਨੈਲ ਸਿੰਘ ਸੇਖੋਂ, ਸਹਾਇਕ ਵਿੱਤ ਸਕੱਤਰ ਰਜਿੰਦਰ ਸਿੰਘ ਚੰਗਾਲ ਮੌਜੂਦ ਸਨ।ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਜ਼ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਜਿਸ ਕਾਰਨ ਪੰਜਾਬ ਦੇ ਲੱਖਾਂ ਪੈਨਸ਼ਨਰਾਂ ਵਿਚ ਪੰਜਾਬ ਸਰਕਾਰ ਵਿਰੁੱਧ ਕਾਫੀ ਰੋਸ ਅਤੇ ਗੁੱਸਾ ਪਾਇਆ ਜਾ ਰਿਹਾ ਹੈ। ਉਹਨਾ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਆਪਣਾ ਸਮਾਂ ਲਾਰੇ ਲੱਪੇ ਲਾ ਕੇ ਲੰਘਾ ਰਹੀ ਹੈ।ਅਰੋੜਾ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਪੈਨਸ਼ਨਰਜ਼ ਦੀਆਂ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਗਿਆ ਤਾਂ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸੂਬਾ ਪ੍ਰਧਾਨ ਕਰਮ ਸਿੰਘ ਧਨੋਆ ਦੀ ਅਗਵਾਈ ਵਿੱਚ ਪੈਨਸ਼ਨ ਭਵਨ ਲੁਧਿਆਣਾ ਵਿਖੇ ਹੋ ਰਹੀ ਸੂਬਾ ਪੱਧਰੀ ਵਿਸ਼ੇਸ਼ ਮੀਟਿੰਗ ਵਿੱਚ ਤਿਖੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ।

## ਆਪ ਉਮੀਦਵਾਰ ਸੰਮਤੀ ਤੇ ਪ੍ਰੀਸ਼ਦ ਚੋਣਾਂ ਵੱਡੀ ਲੀਡ ਨਾਲ ਜਿੱਤਣਗੇ : ਵਿਧਾਇਕ ਡਾ. ਅਰੋੜਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਆਮ ਆਦਮੀ ਪਾਰਟੀ ਦੇ ਉਮੀਦਵਾਰ 14 ਦਸੰਬਰ ਨੂੰ ਪੰਜਾਬ ਵਿੱਚ ਹੋਣ ਵਾਲੀਆਂ ਬਲਾਕ ਕਮੇਟੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵੱਡੀ ਲੀਡ ਨਾਲ ਜਿੱਤਣਗੇ।ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਇਹ ਵਿਚਾਰ ਪਿੰਡ ਦੌਲਤਪੁਰਾ ਨੀਵਾਂ ਵਿੱਚ ਆਮ ਆਦਮੀ ਪਾਰਟੀ ਦੇ ਬਲਾਕ ਕਮੇਟੀ ਉਮੀਦਵਾਰ ਅੰਗਰੇਜ਼ ਸਿੰਘ ਸਮਰਾ ਅਤੇ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਮਨਪ੍ਰੀਤ ਕੌਰ ਲਈ ਚੋਣ ਪ੍ਰਚਾਰ ਕਰਦੇ ਹੋਏ ਪ੍ਰਗਟ ਕੀਤੇ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪਾਰਟੀ ਦੀ ਵਿਕਾਸ-ਮੁਖੀ ਪਹੁੰਚ, ਪਾਰਦਰਸ਼ਤਾ ਅਤੇ ਇਮਾਨਦਾਰ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਚਮਕੌਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਤੋਂ ਮਿਲਿਆ ਸਮਰਥਨ ਅਤੇ ਉਤਸ਼ਾਹ ਸਾਬਤ ਕਰਦਾ ਹੈ ਕਿ ਲੋਕ ਬਦਲਾਅ, ਵਿਕਾਸ ਅਤੇ ਇਮਾਨਦਾਰੀ ਦੇ ਰਾਹ 'ਤੇ ਆਮ ਆਦਮੀ ਪਾਰਟੀ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ। ਇਸ ਮੌਕੇ ਪਿੰਡ ਦੌਲਤਪੁਰਾ ਨੀਵਾਂ ਦੇ ਵੱਡੀ ਗਿਣਤੀ ਵਿੱਚ ਵਸਨੀਕ ਅਤੇ ਪਾਰਟੀ ਵਲੰਟੀਅਰ ਮੌਜੂਦ ਸਨ।



## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਵਿਸ਼ੇਸ਼ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਵੱਲੋਂ ਮੀਟਿੰਗ ਨਵੇਂ ਬਣੇ ਪੈਨਸ਼ਨਰ ਭਵਨ ਵਿਖੇ ਹੋਈ।ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਸੀਨੀਅਰ ਆਗੂ ਬਲਦੇਵ ਸਿੰਘ ਬੇਦੀ, ਹਰਦੇਵ ਸਿੰਘ, ਨਛੱਤਰ ਸਿੰਘ ਤੇ ਬਲਵੰਤ ਸਿੰਘ ਅਟਵਾਲ ਵੀ ਪ੍ਰਧਾਨਗੀ ਮੰਡਲ ਵਿੱਚ ਮੌਜੂਦ ਸਨ।ਮੀਟਿੰਗ ਦੌਰਾਨ ਪੰਜਾਬ ਰੋਡਵੇਜ਼ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਸਮੇਤ ਹੋਰਨਾਂ ਵਿਭਾਗਾਂ ਦੀਆਂ ਵੱਖ-ਵੱਖ ਪੈਨਸ਼ਨਰਜ਼ ਜਥੇਬੰਦੀਆਂ ਦੇ ਮੁਖੀਆਂ ਤੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਸਟੇਜ ਸਕੱਤਰ ਦੀ ਕਾਰਵਾਈ ਐਸੋਸੀਏਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਨੇ ਬਾਖੂਬੀ ਨਿਭਾਈ।ਮੀਟਿੰਗ ਦੇ ਸ਼ੁਰੂ ਵਿੱਚ ਕਰਨੈਲ ਸਿੰਘ ਬੇਦੀ, ਕਰਨੈਲ ਸਿੰਘ ਬਰਾੜ, ਨਾਜਰ ਸਿੰਘ ਬਰਾੜ, ਪ੍ਰਦੀਪ ਨਾਰੰਗ ਅਤੇ ਚੌ. ਬਲਬੀਰ ਸਿੰਘ ਦੀ ਸਪੁੱਤਰੀ ਮੀਨਾ ਰਾਣੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਪੈਨਸ਼ਨਰ ਭਵਨ ਵਿੱਚ ਹੋਈ ਇਸ ਪਲੇਠੀ ਅਤੇ ਵਿਸ਼ੇਸ਼ ਮੀਟਿੰਗ ਦੌਰਾਨ ਸਮੂਹ ਬੁਲਾਰਿਆਂ ਨੇ ਭਵਨ ਦੀ ਉਸਾਰੀ ਵਿੱਚ ਵਿਸ਼ੇਸ਼ ਸਹਿਯੋਗ ਦੇਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਜਸਪਾਲ ਮੋਂਗਾ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ ਗਿਆ।ਇਸ ਤੋਂ ਇਲਾਵਾ ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਤੇ ਭਵਨ ਦੀ ਸ਼ਾਨਦਾਰ ਉਸਾਰੀ ਕਰਾਉਣ ਵਾਲੀ ਟੀਮ ਦੀ ਵੀ ਪ੍ਰਸੰਸਾ ਕੀਤੀ ਗਈ।ਮੀਟਿੰਗ ਦੌਰਾਨ ਚੌ. ਬਲਬੀਰ ਸਿੰਘ, ਗੁਰਟੇਕ ਸਿੰਘ ਬਰਾੜ, ਇੰਦਰਪਾਲ ਸਿੰਘ ਤੇ ਨਛੱਤਰ ਸਿੰਘ ਮਧੀਰ ਸਮੇਤ ਸਮੂਹ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਲਈ ਅਪਨਾਈ ਜਾ ਰਹੀ ਟਾਲ-ਮਟੋਲ ਵਾਲੀ ਨੀਤੀ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ ਸਰਕਾਰ ਨੂੰ ਇਸਦਾ ਖਮਿਆਜਾ ਭੁਗਤਣਾ ਪਵੇਗਾ। ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਪੈਨਸ਼ਨਰ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ।ਇਸ ਸਬੰਧੀ ਵਿਸ਼ੇਸ਼ ਸਮਾਗਮ ਆਉਂਦੀ 17 ਦਸੰਬਰ ਬੁੱਧਵਾਰ ਨੂੰ ਸਥਾਨਕ ਮਲੋਟ ਰੋਡ ਸਥਿਤ ਤਾਜ ਪੈਲੇਸ ਵਿਖੇ ਸਵੇਰੇ 11:00 ਵਜੇ ਆਯੋਜਤ ਕੀਤਾ ਜਾਵੇਗਾ।ਸਮਾਗਮ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਕਰਨਗੇ ਤੇ ਇਸ ਵਿੱਚ ਜਿਲ੍ਹੇ ਦੇ ਸੇਵਾਮੁਕਤ ਕ੍ਰਮਚਾਰੀ ਅਤੇ ਫੈਮਲੀ ਪੈਨਸ਼ਨਰ ਵੱਡੀ ਗਿਣਤੀ ਵਿੱਚ ਭਾਗ ਲੈਣਗੇ।ਮੀਟਿੰਗ ਦੌਰਾਨ 80 ਸਾਲ ਵਾਲੇ ਕਰੀਬ ਤਿੰਨ ਦਰਜਨ ਤੋਂ ਵੱਧ ਸੁਪਰ ਸੀਨੀਅਰ ਪੈਨਸ਼ਨਰ ਸਨਮਾਨਤ ਵੀ ਕੀਤੇ ਜਾਣਗੇ।ਢੋਸੀਵਾਲ ਨੇ ਦੱਸਿਆ ਹੈ ਕਿ ਪੈਨਸ਼ਨਰ ਦਿਵਸ ਮਨਾਉਣ ਸਬੰਧੀ ਸਵਾਗਤੀ ਕਮੇਟੀ ਤੇ ਪ੍ਰਬੰਧਕੀ ਕਮੇਟੀ ਸਮੇਤ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਸਟੇਜ ਉਪਰ ਕੇਵਲ ਐਸੋਸੀਏਸ਼ਨ ਵੱਲੋਂ ਅਧਿਕਾਰਤ ਵਿਅਕਤੀ ਹੀ ਬੈਠਣਗੇ।ਇਸ ਮੰਤਵ ਲਈ ਮੈਂਬਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।ਪ੍ਰਧਾਨ ਸ਼ਰਮਾ ਨੇ ਮੁੱਖ ਰੂਪ ਵਿੱਚ ਆਪਣੇ ਸੰਬੋਧਨ ਵਿੱਚ ਨਵਾਂ ਪੈਨਸ਼ਨਰ ਭਵਨ ਬਣਾਉਣ ਵਿੱਚ ਸਮੂਹ ਸਹਿਯੋਗੀ ਸੱਜਣਾਂ ਦਾ ਸਮੁੱਚੀ ਐਸੋਸੀਏਸ਼ਨ ਵੱਲੋਂ ਧੰਨਵਾਦ ਕੀਤਾ।ਮੀਟਿੰਗ ਦੌਰਾਨ ਇਸ ਮਹੀਨੇ ਆਪਣਾ ਜਨਮ ਦਿਨ ਮਨਾਉਣ ਵਾਲੇ ਅਸ਼ੋਕ ਕੁਮਾਰ ਸ਼ਰਮਾ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਤੇ ਹਾਰ ਪਾ ਕੇ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ। ਢੋਸੀਵਾਲ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦਫਤਰ ਦੇ ਸੇਵਾਮੁਕਤ ਕ੍ਰਮਚਾਰੀਆਂ ਦੀ ਐਸੋਸੀਏਸ਼ਨ ਨੇ ਨਵਾਂ ਪੈਨਸ਼ਨਰ ਭਵਨ ਲਈ ਆਪਣੇ ਪ੍ਰਧਾਨ ਨਛੱਤਰ ਸਿੰਘ ਮਧੀਰ ਰਾਹੀਂ 70,000/- ਰੁਪਏ ਦੀ ਆਰਥਿਕ ਰਾਸ਼ੀ ਵੀ ਦਿੱਤੀ ਹੈ।

## ਪਛਾੜੀਆਂ ਦੇ ਖੇਤਾਂ 'ਚੋਂ ਸਰਚ ਦੌਰਾਨ ਡਰੋਨ ਬਰਾਮਦ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਪਛਾੜੀਆਂ ਦੇ ਖੇਤਾਂ 'ਚੋਂ ਬੀਸੀਐੱਫ ਦੇ ਜਵਾਨਾਂ ਨੇ ਸਰਚ ਦੌਰਾਨ ਇਕ ਡਰੋਨ ਬਰਾਮਦ ਕੀਤਾ ਹੈ। ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਏਅਰਕਰਾਫਟ ਐਕਟ 1934 ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਬਲਦੇਵ ਰਾਜ ਨੇ ਦੱਸਿਆ ਕਿ ਇਕ ਪੱਤਰ ਨੰਬਰ ਓਪੀਐੱਸ/ਐੱਫਆਈਆਰ/ ਸੀ/ 99 ਬਟਾਲੀਅਨ/2025/558 ਆਫਿਸ ਆਫ ਦੀ ਸੀਓਵਾਈ ਕਮਾਂਡਰ 'ਸੀ' ਕੰਪਨੀ 99 ਬਟਾਲੀਅਨ ਬੀਐੱਸਐੱਫ, ਬੀਓਪੀ ਪਛਾੜੀਆਂ 6 ਦਸੰਬਰ ਵੱਲੋਂ ਅਵੀਸ਼ੇਕ ਆਨੰਦ ਅਸਿਸਟੈਂਟ ਕਮਾਂਡਰ ਮੁਕੱਦਮਾ ਕਰਨ ਲਈ ਮੌਸੂਲ ਥਾਣਾ ਹੋਇਆ। ਬਲਦੇਵ ਰਾਜ ਨੇ ਦੱਸਿਆ ਕਿ ਕਮਾਂਡਰ ਅਵੀਸ਼ੇਕ ਨੇ ਦੱਸਿਆ ਕਿ 6 ਦਸੰਬਰ ਨੂੰ ਬੀਐੱਸਐੱਫ ਬੀਓਪੀ ਪਛਾੜੀਆਂ ਫਿਰੋਜ਼ਪੁਰ ਦੇ ਅਧਿਕਾਰੀਆਂ ਵੱਲੋਂ ਪਿੰਡ ਪਛਾੜੀਆਂ ਦੇ ਖੇਤਾਂ ਵਿਚੋਂ ਦੌਰਾਨੇ ਸਰਚ ਇਕ ਡਰੋਨ ਬਰਾਮਦ ਕੀਤਾ ਹੈ। ਪੁਲਸ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਸਾਹਿਤਕਾਰਾਂ ਨੇ 'ਅੱਜ ਦੇ ਬੱਚੇ ਕੱਲ੍ਹ ਦੇ ਨੇਤਾ' ਪ੍ਰੋਗਰਾਮ ਕਰਵਾਇਆ



**ਧੂਰੀ (ਸੁਖਦੇਵ ਸ਼ਰਮਾ)**

ਪੰਜਾਬ ਸਰਕਾਰ ਵੱਲੋਂ ਸੰਵਿਧਾਨ ਦਿਵਸ ਵਾਲੇ ਦਿਨ ਵਿਧਾਨ ਸਭਾ ਦਾ ਵਿਦਿਆਰਥੀ ਸਿਖਲਾਈ ਸੈਸ਼ਨ ਕਰਵਾਇਆ ਗਿਆ ਸੀ।ਜਿਸ ਵਿੱਚ 117 ਵਿਦਿਆਰਥੀ ਵਿਧਾਇਕ, ਮੰਤਰੀ ਅਤੇ ਮੁੱਖ ਮੰਤਰੀ ਦੀ ਭੂਮਿਕਾ ਨਿਭਾਅ ਕੇ ਆਏ ਸਨ, ਉਨ੍ਹਾਂ ਵਿੱਚੋਂ ਦੋ ਦਾ ਪਿਛੋਕੜ ਪੰਜਾਬੀ ਸਾਹਿਤ ਸਭਾ ਧੂਰੀ ਨਾਲ਼ ਜੁੜਿਆ ਹੋਣ ਕਾਰਨ ਸਭਾ ਵੱਲੋਂ ਆਪਣੇ ਮਹੀਨਾਵਾਰ ਸਾਹਿਤਕ ਸਮਾਗਮ ਵਿਖੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਏ ਇਸ ਵਿਲੱਖਣ ਸਨਮਾਨ ਸਮਾਰੋਹ ਵਿੱਚ ਉਨ੍ਹਾਂ ਦੇ ਨਾਲ਼ ਪ੍ਰਧਾਨਗੀ ਮੰਡਲ ਵਿੱਚ ਬਲਵੀਰ ਸਿੰਘ ਸੋਹੀ, ਡਾ. ਧਰਮ ਚੰਦ ਵਾਤਿਸ਼, ਦਰਸ਼ਨ ਸਿੰਘ ਸਿੱਧੂ, ਇੱਕ ਦਿਨਾ ਮੁੱਖ ਮੰਤਰੀ ਹਰਿਕਮਲਦੀਪ ਸਿੰਘ (ਘਨੌਰੀ ਕਲਾਂ ਸਕੂਲ) ਅਤੇ ਸੰਗਰੂਰ ਹਲਕੇ ਦੀ ਵਿਧਾਇਕਾ ਬਣੀ ਵਿਦਿਆਰਥਣ ਬੀਬਾ ਸਾਨੀਆਂ ਅਲੀ (ਭੜੋ ਸਕੂਲ) ਸ਼ਾਮਲ ਸਨ। ਦੋਵਾਂ ਬੱਚਿਆਂ ਨੇ ਕ੍ਰਮਵਾਰ ਆਪਣੀ ਚੋਣ ਵਿਧੀ ਤੇ ਮੌਕ ਵਿਧਾਨ ਸਭਾ ਸੈਸ਼ਨ ਦੇ ਤਜਰਬੇ ਹਾਜ਼ਰੀਨ ਨਾਲ਼ ਸਾਂਝੇ ਕੀਤੇ। ਇਸ ਤੋਂ ਉਪਰੰਤ 'ਬੰਦੇ ਤੋਂ ਇਨਸਾਨ' ਕਾਵਿ ਸੰਗ੍ਰਹਿ ਬਾਰੇ ਪ੍ਰਮੁੱਖ ਆਲੋਚਕ ਡਾ. ਧਰਮ ਚੰਦ ਵਾਤਿਸ਼ ਨੇ ਆਪਣਾ ਖੋਜ ਭਰਪੂਰ ਪਰਚਾ ਪੇਸ਼ ਕੀਤਾ ਜਿਸ ਵਿੱਚ ਪੁਸਤਕ ਨੂੰ ਅਸਤਿੱਤਵਵਾਦ ਦੀ ਪਰਖ ਪ੍ਰਣਾਲੀ 'ਤੇ ਖਰੀ ਉੱਤਰਦੀ ਕਹਿੰਦਿਆਂ ਮੂਲ ਚੰਦ ਸ਼ਰਮਾ ਨੂੰ ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ ਆਖਿਆ ਅਤੇ ਕਿਤਾਬ ਦਾ ਨਿਚੋੜ ਇਹ ਕੱਢਿਆ ਕਿ ਬੰਦੇ ਤੋਂ ਇਨਸਾਨ ਬਣਨ ਲਈ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ।ਉਨ੍ਹਾਂ ਤੋਂ ਇਲਾਵਾ ਪ੍ਰਿੰਸੀਪਲ ਸੁਖਜੀਤ ਕੌਰ ਸੋਹੀ ਨੇ ਵੀ ਕਿਤਾਬ ਵਾਰੇ ਵਿਚਾਰ ਸਾਂਝੇ ਕਰਦਿਆਂ ਸਨਮਾਨਤ ਵਿਦਿਆਰਥੀਆਂ ਨੂੰ ਮੁਬਾਰਕਬਾਦ ਵੀ ਦਿੱਤੀ।ਅਖ਼ੀਰ ਵਿੱਚ ਚਰਨਜੀਤ ਸਿੰਘ ਮੀਮਸਾ ਦੇ ਮੰਚ ਸੰਚਾਲਨ ਅਧੀਨ ਵਿਸ਼ਾਲ ਕਵੀ ਦਰਬਾਰ ਹੋਇਆ ਅਤੇ ਇਸ ਮਹੀਨੇ ਜਨਮ ਦਿਨ ਵਾਲ਼ੇ ਅਹੁਦੇਦਾਰਾਂ ਬਲਵੀਰ ਸਿੰਘ ਸੋਹੀ ਤੇ ਜਗਦੇਵ ਸ਼ਰਮਾ ਬੁਗਰਾ ਨੂੰ ਵੀ ਸਨਮਾਨਤ ਕੀਤਾ ਗਿਆ। ਬਲਵੀਰ ਸਿੰਘ ਦਿਲਦਾਰ ਪਟਿਆਲਾ ਦੁਆਰਾ ਗਾਇਆ ਧਾਰਮਿਕ ਗੀਤ 'ਧੰਨ ਗੁਰੂ ਬਾਜਾਂ ਵਾਲਿਆ ਵੀ ਰਿਲੀਜ਼ ਕੀਤਾ ਗਿਆ।

## ਮਾਹਲਾ ਦੀ ਅਗਵਾਈ 'ਤੇ ਯੂਥ ਨੇਤਾਵਾਂ ਨੇ ਜਤਾਇਆ ਭਰੋਸਾ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਸਬੰਧ ਵਿੱਚ ਯੂਥ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਸੁਖਜੀਤ ਸਿੰਘ ਮਾਹਲਾ, ਯੂਥ ਆਗੂ ਪਵਨ ਗੋਇਲ, ਰਣਜੀਤ ਸਿੰਘ ਭੋਤੇ, ਯੂਥ ਪ੍ਰਧਾਨ ਰਾਮ ਬਾਂਸਲ, ਯੂਥ ਆਗੂ ਸੁਖਬੀਰ ਸਿੰਘ ਬਰਾੜ ਅਤੇ ਬਲਬੀਰ ਸਿੰਘ ਭੰਗੂ ਜੈਮਲਵਾਲਾ ਨੇ ਸਾਂਝਾ ਬਿਆਨ ਜਾਰੀ ਕੀਤਾ। ਨੇਤਾਵਾਂ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਹਲਕਾ ਬਾਘਾ ਪੁਰਾਣਾ ਵਿੱਚ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਮਜ਼ਬੂਤ ਅਤੇ ਦੂਰਦਰਸ਼ੀ ਅਗਵਾਈ ਹੇਠ ਹੂੰਝਾਫੇਰ ਜਿੱਤ ਪ੍ਰਾਪਤ ਕਰੇਗਾ। ਉਹਨਾਂ ਕਿਹਾ ਕਿ ਮਾਹਲਾ ਦੀ ਹਲਕੇ ਵਿੱਚ ਸਾਫ਼-ਸੁਥਰੀ ਛਵੀ, ਲੋਕਾਂ ਨਾਲ ਸਿੱਧਾ ਸੰਪਰਕ, ਵਿਕਾਸ ਪ੍ਰਤੀ ਵਚਨਬੱਧਤਾ ਅਤੇ ਨੌਜਵਾਨਾਂ ਨਾਲ ਗਹਿਰਾ ਜੁੜਾਅ ਅਕਾਲੀ ਦਲ ਦੀ ਮਜ਼ਬੂਤੀ ਦੇ ਮੁੱਖ ਕਾਰਨ ਹਨ। ਯੂਥ ਆਗੂਆਂ ਨੇ ਕਿਹਾ ਕਿ ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਅਕਾਲੀ ਦਲ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰ ਕੇ ਸਾਹਮਣੇ ਆਵੇਗੀ। ਉਹਨਾਂ ਦਾ ਕਹਿਣਾ ਸੀ ਕਿ ਹਲਕਾ ਬਾਘਾ ਪੁਰਾਣਾ ਹੀ ਨਹੀਂ, ਸੂਬਾ ਭਰ ਤੋਂ ਵੋਟਰਾਂ ਦਾ ਝੁਕਾਅ ਇੱਕ ਵਾਰ ਫਿਰ ਅਕਾਲੀ ਦਲ ਵੱਲ ਵੱਧ ਰਿਹਾ ਹੈ। ਨੇਤਾਵਾਂ ਨੇ ਇਹ ਵੀ ਕਿਹਾ ਕਿ ਅਕਾਲੀ ਦਲ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਮਿਲਣ ਵਾਲੀ ਜਿੱਤ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮਜ਼ਬੂਤ ਨੀਂਹ ਸਾਬਤ ਹੋਵੇਗੀ। ਉਹਨਾਂ ਦਾਅਵਾ ਕੀਤਾ ਕਿ ਅਕਾਲੀ ਦਲ ਦੀ ਇਹ ਜਿੱਤ 2027 ਵਿੱਚ ਪੰਜਾਬ ਵਿੱਚ ਸਰਕਾਰ ਬਣਾਉਣ ਦਾ ਮੁੱਢ ਤੈਅ ਕਰੇਗੀ। ਯੂਥ ਨੇਤਾਵਾਂ ਦਾ ਸਾਂਝਾ ਤਰਕ ਸੀ ਕਿ ਪੰਜਾਬ ਦੇ ਲੋਕ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੁੜ ਸੂਬੇ ਦਾ ਮੁੱਖ ਮੰਤਰੀ ਬਣਿਆ ਹੋਇਆ ਦੇਖਣਾ ਚਾਹੁੰਦੇ ਹਨ।

## ਡੀ ਏ ਵੀ ਰਾਜਪੁਰਾ 'ਚ 21 ਕੁੰਡਾਂ ਦਾ ਹਵਨ



**ਰਾਜਪੁਰਾ (ਰਮੇਸ਼ ਕਟਾਰੀਆ)**- ਡੀ.ਏ.ਵੀ. ਪਬਲਿਕ ਸਕੂਲ, ਰਾਜਪੁਰਾ ਵਿਖੇ ਇੱਕ ਬਹੁਤ ਹੀ ਅਧਿਆਤਮਿਕ ਅਤੇ ਭਗਤੀ ਭਰੇ ਮਾਹੌਲ ਵਿੱਚ ਵਿਸ਼ਾਲ 21 ਕੁੰਡਾਂ ਦੇ ਹਵਨ ਕਰਵਾਏ ਗਏ।ਇਹ ਪਵਿੱਤਰ ਹਵਨ ਪਦਮ ਸ੍ਰੀ ਡਾ. ਪੂਨਮ ਸੂਰੀ, ਜੋ ਕਿ ਡੀ.ਏ.ਵੀ. ਸੰਸਥਾਵਾਂ ਦੇ ਪ੍ਰੇਰਨਾ ਅਤੇ ਪ੍ਰਧਾਨ ਹਨ, ਦੀ ਚੰਗੀ ਸਿਹਤ, ਖੁਸ਼ੀ, ਖੁਸ਼ਹਾਲੀ ਅਤੇ ਲੰਬੀ ਉਮਰ ਲਈ ਸਮਰਪਿਤ ਕੀਤਾ ਗਿਆ।ਪੂਰਾ ਸਕੂਲ ਕੈਂਪਸ ਵੈਦਿਕ ਜਾਪ, ਦੀ ਆਵਾਜ਼ ਅਤੇ ਹਵਨ ਦੀ ਬ੍ਰਹਮ ਖੁਸ਼ਬੂ ਨਾਲ ਭਰਿਆ ਹੋਇਆ ਸੀ।ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਪੂਰੇ ਸਕੂਲ ਪਰਵਾਰ ਨੇ ਇਸ ਮਹਾਂਯੱਗ ਵਿੱਚ ਹਿੱਸਾ ਲਿਆ।ਸਾਰਿਆਂ ਨੇ ਸਮੂਹਿਕ ਤੌਰ 'ਤੇ ਡਾ. ਪੂਨਮ ਸੂਰੀ ਦੀ ਨਿਰੰਤਰ ਤਰੱਕੀ ਅਤੇ ਸੰਸਥਾ ਦੇ ਪ੍ਰਗਤੀਸ਼ੀਲ ਵਿਕਾਸ ਲਈ ਪ੍ਰਾਰਥਨਾ ਕੀਤੀ।ਪ੍ਰਿੰਸੀਪਲ ਅਲਪਨਾ ਪਾਠਕ ਨੇ ਸਾਰੇ ਭਾਗੀਦਾਰਾਂ ਦੇ ਅਨੁਸ਼ਾਸਨ ਅਤੇ ਸ਼ਰਧਾ ਲਈ ਪ੍ਰਸ਼ੰਸਾ ਪ੍ਰਗਟ ਕੀਤੀ।

## 70 ਖ਼ੂਨਦਾਨੀਆਂ ਵੱਲੋਂ ਖ਼ੂਨ ਦਾਨ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**- ਪਰਿਵਰਤਨ ਮਾਲਵਾ ਫਰੈਂਡਜ਼ ਵੈਲਫੇਅਰ ਸੁਸਾਇਟੀ ਧੂਰੀ ਵੱਲੋਂ ਸੰਸਥਾ ਦੇ ਸਥਾਨਕ ਦਫ਼ਤਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ।ਸੰਸਥਾ ਦੇ ਪ੍ਰਧਾਨ ਗੁਰਤੇਜ ਸਿੰਘ ਮਾਨ ਨੇ ਦੱਸਿਆ ਕਿ ਕੈਂਪ ਦੌਰਾਨ ਸਰਕਾਰੀ ਬਲੱਡ ਬੈਂਕ ਮਾਲੇਰਕੋਟਲਾ ਅਤੇ ਗੁਰੂ ਨਾਨਕ ਬਲੱਡ ਬੈਂਕ ਸੰਗਰੂਰ ਦੀਆਂ ਟੀਮਾਂ ਕੋਲ 70 ਖ਼ੂਨਦਾਨੀਆਂ ਵੱਲੋਂ ਖ਼ੂਨ ਦਾਨ ਕੀਤਾ ਗਿਆ। ਉਹਨਾਂ ਲੋਕਾਂ ਨੂੰ ਖ਼ੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਲੋਕਾਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਜਸਵਿੰਦਰ ਸਿੰਘ, ਜਸਵਿੰਦਰ ਕੁਮਾਰ, ਸੁੰਦਰ ਲਾਲ, ਜਗਰੂਪ ਸਿੰਘ, ਰਿਜੂ ਸ਼ਰਮਾ, ਧਰਮ ਸਿੰਘ, ਰੇਖਾ ਰਾਣੀ ਅਤੇ ਸਾਥੀ ਮੈਂਬਰ ਹਾਜ਼ਰ ਸਨ।

## ਮਾਤਾ ਗੁਜਰੀ ਸਕੂਲ 'ਚ ਸਾਲਾਨਾ ਸਪੋਰਟਸ ਮੀਟ ਸ਼ੁਰੂ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਇਲਾਕੇ ਦੀ ਪ੍ਰਮੁੱਖ ਵਿਦਿਅਕ ਸੰਸਥਾ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਵਿਖੇ ਸਲਾਨਾ ਸਪੋਰਟਸ ਮੀਟ 9 ਦਸੰਬਰ ਨੂੰ ਸ਼ੁਰੂ ਹੋ ਗਈ ।ਸਕੂਲ ਦੇ ਖੇਡ ਮੈਦਾਨ ਵਿਚ ਇਹ ਖੇਡ ਸਮਾਗਮ ਸਵੇਰੇ 9:30 ਵਜੇ ਸ਼ੁਰੂ ਹੋਇਆ ਜੋ ਕਿ 11 ਦਸੰਬਰ ਤੱਕ ਖੇਡਾਂ ਕਰਵਾਈਆਂ ਜਾਣਗੀਆਂ। ਇਸ ਮਹੱਤਵਪੂਰਨ ਸਮਾਗਮ ਲਈ ਸਕੂਲ ਪ੍ਰਬੰਧਕੀ ਕਮੇਟੀ ਵਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸਕੂਲ ਦੇ ਨਿਰਦੇਸ਼ਕ ਭੁਪਿੰਦਰ ਸਿੰਘ ਨੇ ਦੱਸਿਆ ਕਿ ਸਲਾਨਾ ਸਪੋਰਟਸ ਮੀਟ ਦਾ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਪ੍ਰਤੀ ਉਤਸ਼ਾਹਿਤ ਕਰਨਾ ਤੇ ਉਨ੍ਹਾਂ ਵਿਚ ਖੇਡ ਭਾਵਨਾ ਪੈਦਾ ਕਰਨਾ ਹੈ।ਭੁਪਿੰਦਰ ਸਿੰਘ ਨੇ ਅੱਗੇ ਕਿਹਾ, ਕੱਲ੍ਹ ਦੇ ਸਮਾਗਮ ਵਿਚ ਵੱਖ-ਵੱਖ ਉਮਰ ਵਰਗਾਂ ਦੇ ਵਿਦਿਆਰਥੀ ਦੌੜਾਂ, ਲੰਬੀ ਛਾਲ, ਉੱਚੀ ਛਾਲ, ਗੋਲਾ ਸੁੱਟਣ ਤੇ ਹੋਰ ਰਵਾਇਤੀ ਖੇਡਾਂ ਵਿਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਡੇ ਖਿਡਾਰੀ ਬਹੁਤ ਹੀ ਉਤਸ਼ਾਹ ਨਾਲ ਇਸ ਮੀਟ ਨੂੰ ਸਫਲ ਬਣਾਉਣਗੇ। ਇਸ ਮੌਕੇ ਪ੍ਰਧਾਨ ਰਵਿੰਦਰ ਕੌਰ, ਪ੍ਰਿੰਸੀਪਲ ਮਮਤਾ ਮੱਕੜ ਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਆਦਿ ਹਾਜ਼ਰ ਸਨ।

## ਕਾਂਗਰਸੀ ਉਮੀਦਵਾਰ ਬਲਵੰਤ ਛਾਜਲੀ ਦੇ ਦਫ਼ਤਰ ਦਾ ਉਦਘਾਟਨ



**ਦਿੜ੍ਹਬਾ (ਜਸਵੀਰ ਲਾਡੀ)**- ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਜ਼ੋਨ ਛਾਜਲੀ ਦੇ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੇ ਛਾਜਲੀ ਵਿਖੇ ਆਪੋ-ਆਪਣੇ ਵੱਡੇ ਆਗੂਆਂ ਤੋਂ ਦਫ਼ਤਰਾਂ ਦੇ ਉਦਘਾਟਨ ਕਰਾਏ ।ਇਸੇ ਲੜੀ ਤਹਿਤ ਕਾਂਗਰਸ ਪਾਰਟੀ ਨੇ ਆਪਣੇ ਬਲਾਕ ਸੰਮਤੀ ਦੇ ਉਮੀਦਵਾਰ ਬਲਵੰਤ ਸਿੰਘ ਸਾਬਕਾ ਸਰਪੰਚ ਛਾਜਲੀ ਦੇ ਦਫ਼ਤਰ ਦਾ ਉਦਘਾਟਨ ਸਤਨਾਮ ਸਿੰਘ ਸੱਤਾ ਸੱਕਤਰ ਪੰਜਾਬ ਪ੍ਰਦੇਸ਼ ਕਮੇਟੀ ਨੇ ਕੀਤਾ ।ਇਸ ਮੌਕੇ ਉਨ੍ਹਾਂ ਨਾਲ ਜਗਦੇਵ ਸਿੰਘ ਗਾਗਾ ਜ਼ਿਲ੍ਹਾ ਪ੍ਰਧਾਨ, ਸਨਮੀਕ ਸਿੰਘ ਹੈਨਰੀ ਹਲਕਾ ਅਰਜ਼ਰਬਰ ਸਨ । ਬਲਾਕ ਸੰਮਤੀ ਜ਼ੋਨ ਛਾਜਲੀ ਅਧੀਨ ਛਾਜਲੀ ਅਤੇ ਕੋਠੇ ਰੋਹੀ ਰਾਮ ਦੋ ਹੀ ਪਿੰਡ ਹਨ ।ਇਸ ਮੌਕੇ ਆਗੂਆਂ ਨੇ ਕਿਹਾ ਕਿ ਪਾਰਟੀ ਦੇ ਦਿੜ੍ਹਬਾ ਹਲਕਾ ਤੋਂ ਸਾਰੀਆਂ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਵੱਡੀ ਜਿੱਤ ਪ੍ਰਾਪਤ ਕਰਨਗੇ ।ਇਸ ਮੌਕੇ ਪਾਰਟੀ ਵਰਕਰ ਹਾਕਮ ਸਿੰਘ ਮਾਠੜੂ ਸਾਬਕਾ ਬਲਾਕ ਪ੍ਰਧਾਨ,ਸਿਵਦਰਸਨ ਸਿੰਘ ਸਾਬਕਾ ਸਰਪੰਚ ਕੋਠੇ ਰੋਹੀ ਰਾਮ, ਰਣਦੀਪ ਸਿੰਘ ਸਾਬਕਾ ਪੰਚ ,ਅਮਰਜੀਤ ਸਿੰਘ, ਗਿਆਨ ਸਿੰਘ, ਕ੍ਰਿਸ਼ਨ ਲਾਲ ਸੀਨੀਅਰ ਆਗੂ, ਸੋਨੀ, ਬਘੇਰਾ ਸਿੰਘ ਮੱਛਰ ਸਾਬਕਾ ਬਲਾਕ ਸੰਮਤੀ ਮੈਂਬਰ ਅਤੇ ਧੱਲੂ ਖ਼ਾਨ ਹਾਜ਼ਰ ਸਨ।

## ਵਿਧਾਇਕ ਰਾਏ ਨੇ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਖੇੜਾ ਦੇ ਪਿੰਡਾਂ 'ਚ ਕੀਤਾ ਚੋਣ ਪ੍ਰਚਾਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਖੇੜਾ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਜਿੱਥੇ ਜ਼ਿਲ੍ਹ ਪਰਿਸ਼ਦ ਦੇ ਉਮੀਦਵਾਰ ਅਮਰਿੰਦਰ ਸਿੰਘ ਮੰਡੋਫ਼ਲ ਦੇ ਲਈ ਚੋਣ ਪ੍ਰਚਾਰ ਕੀਤਾ, ਉਥੇ ਹੀ ਵੱਖ-ਵੱਖ ਬਲਾਕ ਸੰਮਤੀ ਮੈਂਬਰਾਂ ਦੇ ਲਈ ਵੀ ਵੋਟਾਂ ਮੰਗੀਆਂ। ਪ੍ਰਚਾਰ ਦੌਰਾਨ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਪਹਿਲੀ ਤਰਜੀਹ ਸੂਬੇ ਦਾ ਵਿਕਾਸ ਹੈ। ਆਮ ਆਦਮੀ ਪਾਰਟੀ ਵੱਲੋਂ ਕੇਵਲ ਉਸੇ ਤਰਜ਼ 'ਤੇ ਕੰਮ ਕੀਤਾ ਜਾ ਰਿਹਾ ਹੈ।ਜਿੱਥੇ ਬੁਨਿਆਦੀ ਸਹੂਲਤਾਂ ਵੱਲ ਧਿਆਨ ਦਿੱਤਾ ਗਿਆ, ਉੱਥੇ ਹੀ ਵਿਕਾਸ ਪੱਖੋਂ ਵੀ ਹਨੇਰੀ ਲਿਆਂਦੀ ਗਈ ਹੈ। ਪੰਜਾਬ ਸਰਕਾਰ ਦੇ ਵੱਲੋਂ ਪਿੰਡਾਂ ਦੀ ਨੁਹਾਰ ਬਦਲਣ ਦੇ ਲਈ ਜਿੱਥੇ ਪਾਰਕਾਂ ਦੀ ਉਸਾਰੀ ਕੀਤੀ ਗਈ, ਉੱਥੇ ਹੀ ਖੇਡ ਮੈਦਾਨਾਂ ਵੱਲ ਵੀ ਖਾਸ ਧਿਆਨ ਦਿੱਤਾ ਗਿਆ। ਇੱਥੇ ਹੀ ਬੱਸ ਨਹੀਂ, ਪੰਜਾਬ ਸਰਕਾਰ ਵੱਲੋਂ ਪੇਂਡੂ ਲੋਕਾਂ ਦੀ ਆਰਥਿਕ ਸਥਿਤੀ ਨੂੰ ਦੇਖਦਿਆਂ ਪਿੰਡਾਂ 'ਚ ਮੈਰੇਜ ਪੈਲੇਸ ਉਸਾਰੇ ਜਾ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਨੂੰ ਨੱਥ ਪਾਉਂਦਿਆਂ 60 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਪ੍ਰਚਾਰ ਦੌਰਾਨ ਜ਼ਿਲ੍ਹਾ ਪ੍ਰਧਾਨ ਅਜੇ ਲਿਬੜਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਬਿਨਾਂ ਪੱਖਪਾਤ ਤੋਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਪੰਜਾਬ ਸਰਕਾਰ ਦੀ ਪਹਿਲ ਕਦਮੀ ਨਾਲ ਹੜ੍ਹ ਪ੍ਰਭਾਵਿਤ ਲੋਕ ਆਰਥਿਕ ਪੱਖੋਂ ਮਜ਼ਬੂਤ ਹੋਏ ਹਨ। ਸਰਕਾਰ ਦੇ ਇਨਾਂ ਵਧੀਆ ਕਾਰਜਾਂ ਨੂੰ ਦੇਖਦੇ ਆਂ ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਵੋਟਾਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਪਾਈਆਂ ਜਾਣ। ਇਸ ਮੌਕੇ ਮਾਰਕੀਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਢਿੱਲੋਂ, ਜ਼ਿਲ੍ਹਾ ਪ੍ਰੀਸ਼ਦ ਖੇੜਾ ਦੇ ਉਮੀਦਵਾਰ ਅਮਰਿੰਦਰ ਸਿੰਘ ਮਡੋਫਲ, ਪਵੇਲ ਹਾਂਡਾ, ਪ੍ਰਿਤਪਾਲ ਜੱਸੀ, ਬਲਜਿੰਦਰ ਗੋਲਾ, ਏ ਐਸ ਆਈ ਬਲਜਿੰਦਰ ਸਿੰਘ, ਬਿੱਕਰ ਸਿੰਘ ਰਜਿੰਦਰਗੜ੍ਹ ਆਦਿ ਵੀ ਹਾਜ਼ਰ ਸਨ।

ਬੁੱਧਵਾਰ, 10 ਦਸੰਬਰ, 2025
25 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 190

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 10 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

# ਸਾਰੀਆਂ ਸੰਸਥਾਵਾਂ 'ਤੇ ਕਬਜ਼ਾ ਕਰਨਾ ਚਾਹੁੰਦੈ ਸੰਘ : ਰਾਹੁਲ



**ਨਵੀਂ ਦਿੱਲੀ** : ਲੋਕ ਸਭਾ 'ਚ ਚੱਲ ਰਹੇ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਕਿਹਾ ਕਿ 30 ਜਨਵਰੀ, 1948 ਨੂੰ ਮਹਾਤਮਾ ਗਾਂਧੀ ਨੂੰ ਛਾਤੀ 'ਚ ਤਿੰਨ ਗੋਲੀਆਂ ਮਾਰੀਆਂ ਗਈਆਂ ਸਨ। ਨੱਥੂਰਾਮ ਗੋਡਸੇ ਨੇ ਸਾਡੇ ਰਾਸ਼ਟਰਪਿਤਾ ਦੀ ਹੱਤਿਆ ਕੀਤੀ ਸੀ। ਅੱਜ, ਸਾਡਾ ਦੋਸਤ ਉਸ ਨੂੰ ਗਲੇ ਨਹੀਂ ਲਗਾਉਂਦਾ। ਅੱਜ, ਸਾਡੇ ਦੋਸਤਾਂ ਨੇ ਉਸ ਨੂੰ ਛੱਡ ਦਿੱਤਾ ਹੈ। ਇਹ ਇਕ ਅਜੀਬ ਸੱਚਾਈ ਹੈ, ਪਰ ਪ੍ਰੋਜੈਕਟ ਇੱਥੇ ਹੀ ਖਤਮ ਨਹੀਂ ਹੋਇਆ, ਜਿਵੇਂ ਕਿ ਮੈਂ ਕਿਹਾ, ਸਭ ਕੁਝ ਵੋਟਾਂ ਤੋਂ ਪੈਦਾ ਹੁੰਦਾ ਹੈ। ਸਾਰੀਆਂ ਸੰਸਥਾਵਾਂ ਵੋਟਾਂ ਤੋਂ ਪੈਦਾ ਹੁੰਦੀਆਂ ਹਨ, ਇਸ ਲਈ ਇਹ ਸਪੱਸ਼ਟ ਹੈ ਕਿ ਆਰ ਐੱਸ ਐੱਸ ਨੇ ਉਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਆਪਣੇ ਕਬਜ਼ੇ ਵਿਚ ਲੈਣਾ ਹੈ, ਜੋ ਉਨ੍ਹਾਂ ਤੋਂ ਉੱਭਰੀਆਂ ਹਨ। ਗਾਂਧੀ ਜੀ ਦੀ ਹੱਤਿਆ ਤੋਂ ਬਾਅਦ, ਪ੍ਰੋਜੈਕਟ ਦਾ ਅਗਲਾ ਕਦਮ ਭਾਰਤ ਦੇ ਸੰਸਥਾਗਤ ਢਾਂਚੇ ਨੂੰ ਪੂਰੀ ਤਰ੍ਹਾਂ ਆਪਣੇ ਕਬਜ਼ੇ 'ਚ ਲੈਣਾ ਸੀ।

ਰਾਹੁਲ ਗਾਂਧੀ ਨੇ ਕਿਹਾ, ਕੀ ਤੁਸੀਂ ਕਦੇ ਸੋਚਿਆ ਹੈ ਕਿ ਮਹਾਤਮਾ ਗਾਂਧੀ ਨੇ ਖਾਦੀ 'ਤੇ ਇੰਨਾ ਜ਼ੋਰ ਕਿਉਂ ਦਿੱਤਾ? ਉਨ੍ਹਾਂ ਨੇ ਪੂਰੇ ਭਾਰਤੀ ਆਜ਼ਾਦੀ ਸੰਘਰਸ਼ ਨੂੰ ਖਾਦੀ ਦੇ ਸੰਕਲਪ ਦੇ ਆਲੇ-ਦੁਆਲੇ ਕਿਉਂ ਬਣਾਇਆ ਅਤੇ ਉਨ੍ਹਾਂ ਨੇ ਸਿਰਫ਼ ਖਾਦੀ ਹੀ ਕਿਉਂ ਪਹਿਨੀ? ਕਿਉਂਕਿ ਖਾਦੀ ਸਿਰਫ਼ ਇਕ ਕੱਪੜਾ ਨਹੀਂ ਹੈ, ਖਾਦੀ ਭਾਰਤ ਦੇ ਲੋਕਾਂ ਦਾ ਪ੍ਰਗਟਾਵਾ ਹੈ; ਇਹ ਕਲਪਨਾ ਹੈ, ਇਹ ਭਾਵਨਾ ਹੈ, ਇਹ ਭਾਰਤ ਦੇ ਲੋਕਾਂ ਦੀ ਉਤਪਾਦਕ ਸ਼ਕਤੀ ਹੈ... ਤੁਸੀਂ ਜਿਸ ਵੀ ਰਾਜ ਵਿੱਚ ਜਾਓਗੇ, ਤੁਹਾਨੂੰ ਵੱਖ-ਵੱਖ ਕੱਪੜੇ ਮਿਲਣਗੇ। ਹਿਮਾਚਲੀ ਟੋਪੀਆਂ, ਅਸਾਮੀ ਗਮਚੇ, ਬਨਾਰਸੀ ਸਾੜ੍ਹੀਆਂ, ਕਾਂਚੀਪੁਰਮ ਸਾੜ੍ਹੀਆਂ, ਨਾਗਾ ਜੈਕਟਾਂ ਅਤੇ ਤੁਸੀਂ ਦੇਖੋਗੇ ਕਿ ਇਹ ਸਾਰੇ ਕੱਪੜੇ ਲੋਕਾਂ ਨੂੰ ਦਰਸਾਉਂਦੇ ਹਨ... ਇਹ ਕੱਪੜੇ ਸੁੰਦਰ ਹਨ... ਕੋਈ ਵੀ ਧਾਗਾ ਦੂਜੇ ਨਾਲੋਂ ਬਿਹਤਰ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਧਾਗੇ ਤੁਹਾਡੀ ਰੱਖਿਆ ਨਹੀਂ ਕਰ ਸਕਦੇ, ਧਾਗੇ ਤੁਹਾਨੂੰ ਗਰਮ ਨਹੀਂ ਰੱਖ ਸਕਦੇ ਪਰ ਜਦੋਂ ਉਹ ਇਕ ਕੱਪੜੇ ਦੇ ਰੂਪ ਵਿਚ ਇਕੱਠੇ ਹੁੰਦੇ ਹਨ ਤਾਂ ਉਹ ਤੁਹਾਨੂੰ ਗਰਮ ਰੱਖ ਸਕਦੇ ਹਨ, ਤੁਹਾਡੀ ਰੱਖਿਆ ਕਰ ਸਕਦੇ ਹਨ ਅਤੇ ਤੁਹਾਡੇ ਦਿਲ 'ਚ ਕੀ ਹੈ, ਨੂੰ ਪ੍ਰਗਟ ਕਰ ਸਕਦੇ ਹਨ। ਇਸੇ ਤਰ੍ਹਾਂ ਸਾਡਾ ਦੇਸ਼ 1.4 ਅਰਬ ਲੋਕਾਂ ਦਾ ਬਣਿਆ ਕੱਪੜਾ ਹੈ, ਅਤੇ ਇਹ ਕੱਪੜਾ ਵੋਟਾਂ ਨਾਲ ਬੁਣਿਆ ਗਿਆ ਹੈ। ਇਹ ਘਰ ਜਿੱਥੇ ਮੈਂ ਅੱਜ ਹਾਂ, ਮੈਂ ਖੜ੍ਹਾ ਹਾਂ, ਲੋਕ ਸਭਾ, ਰਾਜ ਸਭਾ, ਦੇਸ਼ ਭਰ ਦੀਆਂ ਵਿਧਾਨ ਸਭਾਵਾਂ, ਦੇਸ਼ ਭਰ ਦੀਆਂ ਪੰਚਾਇਤਾਂ, ਜੇਕਰ ਵੋਟਾਂ ਨਾ ਹੁੰਦੀਆਂ ਤਾਂ ਇਨ੍ਹਾਂ ਵਿੱਚੋਂ ਕੁਝ ਵੀ ਨਾ ਹੁੰਦਾ।

## ਇੰਡੀਗੋ ਦੀਆਂ ਉਡਾਣਾਂ 5 ਫੀਸਦੀ ਘਟਾਈਆਂ

**ਨਵੀਂ ਦਿੱਲੀ** : ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ ਨੇ ਇੰਡੀਗੋ ਦੀਆਂ ਉਡਾਣਾਂ ਵਿੱਚ 5 ਫੀਸਦੀ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਇੰਡੀਗੋ, ਰੋਜ਼ਾਨਾ ਲੱਗਭੱਗ 2,200 ਉਡਾਣਾਂ ਚਲਾਉਂਦੀ ਹੈ। ਇਸ ਨਾਲ ਰੋਜ਼ਾਨਾ ਲੱਗਭੱਗ 110 ਉਡਾਣਾਂ ਘਟ ਜਾਣਗੀਆਂ। ਏਅਰਲਾਈਨ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਘੱਟ ਕੀਤੀਆਂ ਜਾਣ ਵਾਲੀਆਂ ਉਡਾਣਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਹੋਰ 5 ਫੀਸਦੀ ਉਡਾਣਾਂ ਘਟਾਉਣ ਦਾ ਫੈਸਲਾ ਲਿਆ ਜਾ ਸਕਦਾ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇੰਡੀਗੋ ਸਮੇਂ ਸਿਰ ਕਿੰਨੀਆਂ ਉਡਾਣਾਂ ਚਲਾ ਸਕਦੀ ਹੈ।

## ਬੀ ਡੀ ਪੀ ਓ ਦਾ ਤਬਾਦਲਾ

**ਚੰਡੀਗੜ੍ਹ** : ਸੂਬਾ ਚੋਣ ਕਮਿਸ਼ਨ ਨੇ ਚੱਲ ਰਹੀਆਂ ਚੋਣ ਪ੍ਰਕਿਰਿਆਵਾਂ ਦੌਰਾਨ ਕਥਿਤ ਪੱਖਪਾਤ ਦੀਆਂ ਸ਼ਿਕਾਇਤਾਂ ਮਿਲਣ ਤੋਂ ਬਾਅਦ ਨਾਭਾ ਦੀ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਬਲਜੀਤ ਕੌਰ ਦੇ ਤਬਾਦਲੇ ਦਾ ਹੁਕਮ ਦਿੱਤਾ ਹੈ।

# ਨਹੀਂ ਰਹੇ ਰੈੱਡ ਗਾਰਡ ਅਮਰੀਕ ਸਿੰਘ

**ਸ਼ਾਹਕੋਟ (ਗਿਆਨ ਸੈਦਪੁਰੀ)**



ਭਾਰਤੀ ਕਮਿਊਨਿਸਟ ਪਾਰਟੀ ਦੇ ਸਦਰ ਮੁਕਾਮ ਦਿੱਲੀ ਦੇ ਰੈੱਡ ਗਾਰਡਾਂ ਵਿੱਚ ਸਭ ਤੋਂ ਸੀਨੀਅਰ ਅਤੇ ਸੰਜੀਦਾ ਵਿਅਕਤੀ ਅਮਰੀਕ ਸਿੰਘ ਸਦੀਵੀ ਵਿਛੋੜਾ ਦੇ ਗਏ ਹਨ। ਉਹ ਸੀ ਪੀ ਆਈ ਦੇ ਦਿੱਲੀ ਦਫਤਰ ਜਾਣ ਵਾਲੇ ਪੰਜਾਬੀਆਂ ਲਈ ਹਮੇਸ਼ਾ ਮਦਦਗਾਰ ਰਹਿੰਦੇ ਸਨ। ਉਹ ਪਾਰਟੀ ਨੂੰ ਪੂਰੀ ਤਰ੍ਹਾਂ ਸਮਰਪਿਤ ਸਨ। ਉਨ੍ਹਾ ਦੇ ਤੁਰ ਜਾਣ ਨਾਲ ਸੀ ਪੀ ਆਈ ਨੂੰ ਵੱਡਾ ਘਾਟਾ ਪਿਆ ਹੈ।

ਦੱਸਣਯੋਗ ਹੈ ਕਿ ਉਹ ਜਿੱਥੇ ਸੀ ਪੀ ਆਈ ਦੇ ਇਤਿਹਾਸ ਤੋਂ ਜਾਣੂ ਸਨ, ਉੱਥੇ ਉਹ ਦਿੱਲੀ ਦਾ ਵੀ ਚੱਲਦਾ-ਫਿਰਦਾ ਇਤਿਹਾਸ ਸਨ।ਮੰਗਲਵਾਰ ਉਨ੍ਹਾ ਦਾ ਅੰਤਮ ਸੰਸਕਾਰ ਦਿੱਲੀ ਵਿਖੇ ਕਰ ਦਿੱਤਾ ਗਿਆ। ਪਾਰਟੀ ਦੇ ਸਿਖਰਲੇ ਆਗੂਆਂ ਨੇ ਉਹਨਾ ਦੀ ਮ੍ਰਿਤਕ ਦੇਹ 'ਤੇ ਲਾਲ ਝੰਡਾ ਪਾ ਕੇ ਇਨਕਲਾਬੀ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਅਮਰੀਕ ਸਿੰਘ ਦੇ ਦੋਨੋਂ ਪੁੱਤਰ, ਰਿਸ਼ਤੇਦਾਰ, ਪਾਰਟੀ ਜਨਰਲ ਸਕੱਤਰ ਡੀ. ਰਾਜਾ, ਅਮਰਜੀਤ ਕੌਰ ਜਨਰਲ ਸਕੱਤਰ ਏਟਕ, ਰਾਮਾਕ੍ਰਿਸ਼ਨਾ ਪਾਂਡਾ ਪਾਰਟੀ ਸਕੱਤਰੇਤ ਮੈਂਬਰ, ਸੰਤੋਸ਼ ਕੁਮਾਰ ਐੱਮ ਪੀ, ਨੈਸ਼ਨਲ ਫ਼ੈਡਰੇਸ਼ਨ ਆਫ਼ ਇੰਡੀਅਨ ਵੂਮੈਨ ਦੀ ਜਨਰਲ ਸਕੱਤਰ ਨਿਸ਼ਾ ਸਿੱਧੂ, ਭਾਰਤੀਯ ਖੇਤ ਮਜ਼ਦੂਰ ਯੂਨੀਅਨ ਦੇ ਵੀ ਐੱਸ ਨਿਰਮਲ, ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਕਾਮਰੇਡ ਵੈਂਕਈਆ, ਕੇ ਡੀ ਸਿੰਘ, ਰੈੱਡ ਗਾਰਡ ਯੰਗ ਬਹਾਦਰ ਅਤੇ ਸੀਤਾ ਰਾਮ, ਦਿੱਲੀ ਪਾਰਟੀ ਸਕੱਤਰ ਦਿਨੇਸ਼ ਵਾਸ਼ਨੇ, 'ਮੁਕਤੀ ਸੰਘਰਸ਼' ਦੇ ਸੰਪਾਦਕ ਮਹੇਸ਼ ਰਾਠੀ, ਵਨੀਤ ਤਿਵਾੜੀ, ਪ੍ਰੋ. ਜਯਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਦਿਨੇਸ਼ ਰੰਗਾਰਾਜ, ਸਰਬ ਭਾਰਤ ਨੌਜਵਾਨ ਸਭਾ ਦੇ ਜਨਰਲ ਸਕੱਤਰ ਸੁਖਜਿੰਦਰ ਮਹੇਸਰੀ, ਪ੍ਰਧਾਨ ਰੋਸ਼ਨ ਕੁਮਾਰ ਸਿਨਹਾ, ਸਾਬਕਾ ਪ੍ਰਧਾਨ ਆਫ਼ਤਾਬ ਆਲਮ ਖਾਨ ਤੋਂ ਇਲਾਵਾ ਪਾਰਟੀ ਹੈੱਡਕੁਆਰਟਰ ਅਜੈ ਭਵਨ, ਪਾਰਟੀ ਅਖ਼ਬਾਰਾਂ 'ਮੁਕਤੀ ਸੰਘਰਸ਼' ਅਤੇ 'ਨਿਊ ਏਜ' ਦੇ ਸਟਾਫ਼ ਮੈਂਬਰ ਆਦਿ ਹਾਜ਼ਰ ਸਨ।



# ਕੋਰੀਆ ਦੀਆਂ ਵੱਡੀਆਂ ਕੰਪਨੀਆਂ ਨੇ ਪੰਜਾਬ ਵਿੱਚ ਨਿਵੇਸ਼ 'ਚ ਵਿਖਾਈ ਰੁਚੀ

## ਮੁੱਖ ਮੰਤਰੀ ਦੇ ਨਿਵੇਸ਼ ਰੋਡ ਸ਼ੋਅ ਨੂੰ ਭਰਵਾਂ ਹੁੰਗਾਰਾ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੇ ਦੱਖਣੀ ਕੋਰੀਆ ਦੇ ਦੌਰੇ ਦੇ ਆਖ਼ਰੀ ਦਿਨ ਕੀਤੇ ਪ੍ਰਭਾਵਸ਼ਾਲੀ ਨਿਵੇਸ਼ ਰੋਡ ਸ਼ੋਅ ਨੂੰ ਮੋਹਰੀ ਸਨਅਤੀ ਕੰਪਨੀਆਂ ਦੀ ਸ਼ਮੂਲੀਅਤ ਨਾਲ ਭਰਵਾਂ ਹੁੰਗਾਰਾ ਮਿਲਿਆ ਅਤੇ ਇਨ੍ਹਾਂ ਕੰਪਨੀਆਂ ਨੇ ਪੰਜਾਬ ਵਿੱਚ ਨਿਵੇਸ਼ ਕਰਨ ਵਿੱਚ ਰੁਚੀ ਦਿਖਾਈ।ਇੱਥੇ ਵਪਾਰਕ ਮੋਹਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਪੰਜਾਬ ਦੀ ਸਥਿਰ ਤੇ ਪਾਰਦਰਸ਼ੀ ਸ਼ਾਸਨ ਅਤੇ ਭਵਿੱਖੀ ਨਿਵੇਸ਼ ਵਾਸਤੇ ਤਿਆਰ ਸਥਾਨ ਵਜੋਂ ਨਿਸ਼ਾਨਦੇਹੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮਜ਼ਬੂਤ ਉਦਯੋਗਿਕ ਈਕੋ-ਸਿਸਟਮ, ਭਰੋਸੇਯੋਗ ਅਤੇ ਸਸਤੀ ਬਿਜਲੀ, ਹੁਨਰਮੰਦ ਤੇ ਮਿਹਨਤੀ ਕਾਮੇ ਅਤੇ ਵੱਡੇ ਬਾਜ਼ਾਰਾਂ ਨਾਲ ਸੁਚਾਰੂ ਸੰਪਰਕ ਸਹੂਲਤ ਇਸ ਨੂੰ ਨਿਵੇਸ਼ ਲਈ ਸਭ ਤੋਂ ਵੱਧ ਤਰਜੀਹੀ ਸਥਾਨ ਬਣਾਉਂਦੇ ਹਨ। ਮੁੱਖ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਦਾ ਸ਼ਾਸਨ ਮਾਡਲ ਨਿਵੇਸ਼ਕ ਅਨੁਕੂਲ ਹੈ, ਜੋ ਕਾਰਜ ਕੁਸ਼ਲਤਾ ਅਤੇ ਕਾਰੋਬਾਰੀ ਚੱਕਰ ਦੌਰਾਨ ਪੂਰੇ ਸਹਿਯੋਗ ਉੱਪਰ ਆਧਾਰਤ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦਾ ਵਿਜ਼ਨ ਤਰਜੀਹੀ ਖ਼ੇਤਰਾਂ ਬਾਰੇ ਦੱਖਣੀ ਕੋਰੀਆ ਨਾਲ ਤਕਨਾਲੋਜੀ, ਨਵੀਨਤਾ ਅਤੇ ਪ੍ਰਸਪਰ ਲਾਹੇਵੰਦ ਰਿਸ਼ਤਿਆਂ ਤੋਂ ਪ੍ਰੇਰਿਤ ਹੈ। ਉਨ੍ਹਾਂ ਦੱਖਣੀ ਕੋਰੀਆ ਦੀਆਂ ਕੰਪਨੀਆਂ ਦਾ ਸਵਾਗਤ ਕਰਨ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਇਸ ਨਾਲ ਨਵੀਨਤਾ ਆਧਾਰਤ ਸਨਅਤੀ ਵਿਕਾਸ,

• ਬਾਕੀ ਸਫਾ 6 'ਤੇ

# ਲੇਬਰ ਕੋਡਾਂ ਖਿਲਾਫ ਫਰਵਰੀ 'ਚ ਦੇਸ਼ ਪੱਧਰੀ ਆਮ ਹੜਤਾਲ

**ਨਵੀਂ ਦਿੱਲੀ (ਐੱਮ ਐੱਸ ਭਾਟੀਆ)**

ਕੇਂਦਰੀ ਟਰੇਡ ਯੂਨੀਅਨਾਂ ਤੇ ਵੱਖ-ਵੱਖ ਸੈਕਟੋਰਲ ਫੈਡਰੇਸ਼ਨਾਂ/ ਐਸੋਸੀਏਸ਼ਨਾਂ ਦੇ ਸਾਂਝੇ ਮੰਚ ਨੇ ਚਾਰ ਲੇਬਰ ਕੋਡਾਂ ਦੀ ਵਾਪਸੀ ਤੱਕ ਸੰਘਰਸ਼ ਨੂੰ ਪੜਾਅਵਾਰ ਢੰਗ ਨਾਲ ਤੇਜ਼ ਕਰਨ ਦਾ ਫੈਸਲਾ ਕੀਤਾ ਹੈ। ਮੰਚ ਨੇ 26 ਨਵੰਬਰ ਨੂੰ ਹੋਏ ਵਿਸ਼ਾਲ ਵਿਰੋਧ ਪ੍ਰਦਰਸ਼ਨ ਵਿੱਚ ਭਾਰੀ ਭਾਗੀਦਾਰੀ ਲਈ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਵਧਾਈ ਦਿੱਤੀ।

ਸਾਂਝੇ ਮੰਚ ਦੀ 8 ਦਸੰਬਰ ਨੂੰ ਹਾਈਬ੍ਰਿਡ ਤਰੀਕੇ ਨਾਲ ਹੋਈ ਬੈਠਕ ਨੇ ਲੇਬਰ ਕੋਡਾਂ ਦੀ ਨੋਟੀਫਿਕੇਸ਼ਨ ਤੋਂ ਬਾਅਦ ਦੀ ਸਥਿਤੀ ਦੀ ਸਮੀਖਿਆ ਕੀਤੀ।ਉਸ ਨੇ ਕਿਹਾ ਕਿ ਇਹ ਉਤਸ਼ਾਹਜਨਕ ਹੈ ਕਿ ਮਜ਼ਦੂਰ ਵਰਗ ਨੇ ਇਨ੍ਹਾਂ ਕੋਡਾਂ ਖ਼ਿਲਾਫ਼ ਆਪਣੇ ਆਪ ਹੀ ਤਿੱਖੀ ਪ੍ਰਤੀਕਿਰਿਆ ਦਿੱਤੀ, ਜਿਨ੍ਹਾਂ ਨੂੰ ਸਰਕਾਰ ਪਿਛਲੇ ਪੰਜ ਸਾਲਾਂ ਤੱਕ ਦੇਸ਼ ਦੇ ਟ੍ਰੇਡ ਯੂਨੀਅਨ ਅੰਦੋਲਨ ਕਰਕੇ ਲਾਗੂ ਨਹੀਂ ਕਰ ਸਕੀ ਸੀ। ਪੂਰੇ ਦੇਸ਼ ਵਿੱਚ ਗੈਰ-ਸੰਗਠਿਤ ਮਜ਼ਦੂਰ ਅਤੇ ਬੀ ਐੱਮ ਐੱਸ ਨਾਲ ਸੰਬੰਧਤ ਮਜ਼ਦੂਰ ਵੀ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਏ, ਜਿਨ੍ਹਾਂ ਵਿੱਚ ਕੋਡਾਂ ਦੀਆਂ ਕਾਪੀਆਂ ਦਾ ਸਾੜਨਾ ਵੀ ਸ਼ਾਮਲ ਸੀ। ਪੱਤਰਕਾਰਾਂ ਵਿਚ ਵੀ ਵਿਸ਼ਾਲ ਰੋਸ ਪ੍ਰਗਟ ਕੀਤਾ ਗਿਆ।

26 ਨਵੰਬਰ ਨੂੰ ਦੇਸ਼ ਨੇ ਜ਼ਿਲ੍ਹਾ/ ਬਲਾਕ ਅਤੇ ਕੰਮਕਾਜ ਦੀਆਂ ਥਾਵਾਂ 'ਤੇ ਵੱਡੇ ਪੱਧਰ 'ਤੇ ਲਾਮਬੰਦੀ ਦੇਖੀ। ਸੰਯੁਕਤ ਕਿਸਾਨ ਮੋਰਚੇ ਨੇ ਵੀ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਲਾਮਬੰਦੀ ਕੀਤੀ, ਜੋ ਬੀਜ ਬਿੱਲ ਅਤੇ ਲੇਬਰ ਕੋਡਾਂ ਵਿਰੁੱਧ ਤੇ ਆਪਣੀਆਂ ਮੂਲ ਮੰਗਾਂ ਲਈ ਸੀ। ਹੋਰ ਵਰਗਾਂ ਖਾਸ ਕਰਕੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਕੋਡਾਂ ਦੇ

• ਬਾਕੀ ਸਫਾ 6 'ਤੇ

# ਪੈਨਸ਼ਨ ਨਾ ਮਿਲਣ 'ਤੇ ਜ਼ਬਰਦਸਤ ਮੁਜ਼ਾਹਰਾ



**ਪਟਿਆਲਾ** : ਇੱਥੇ ਮੰਗਲਵਾਰ ਪਟਿਆਲਾ ਦੇ ਨਵੇਂ ਬੱਸ ਸਟੈਂਡ ਵਿਖੇ ਪੀ ਆਰ ਟੀ ਸੀ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਵੱਲੋਂ ਪੈਨਸ਼ਨ ਦੀ ਅਦਾਇਗੀ ਨਾ ਕੀਤੇ ਜਾਣ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਅਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਵਿਰੁੱਧ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ।ਪੈਨਸ਼ਨ ਦੀ ਇਸ ਮਹੀਨੇ ਦੀ ਅਦਾਇਗੀ ਨਾ ਕੀਤੇ ਜਾਣ ਤੋਂ ਬਿਨਾਂ ਹੋਰ ਮਸਲੇ ਜਿਵੇਂ ਕਿ ਐੱਲ ਟੀ ਸੀ ਦਾ ਕਾਨੂੰਨੀ ਹੱਕ ਨਾ ਦੇਣਾ, ਪੇ-ਕਮਿਸ਼ਨ ਦੇ ਬਕਾਇਆ ਦੀ ਅਦਾਇਗੀ ਨਾ ਸ਼ੁਰੂ ਕੀਤੇ ਜਾਣਾ, ਪਿਛਲੇ 2 ਸਾਲਾਂ ਤੋਂ ਸੇਵਾ-ਮੁਕਤ ਹੋਏ ਵਰਕਰਾਂ ਨੂੰ ਕੋਈ ਅਦਾਇਗੀ ਨਾ ਕੀਤੇ ਜਾਣਾ, ਮੈਡੀਕਲ ਬਿੱਲਾਂ ਦਾ ਭੁਗਤਾਨ ਨਾ ਕਰਨਾ, ਨਵੀਂਆਂ ਬੱਸਾਂ ਨਾ ਪਾ ਕੇ ਪੀ ਆਰ ਟੀ ਸੀ ਦੇ ਹੋ ਰਹੇ ਨੁਕਸਾਨ ਪ੍ਰਤੀ ਮੈਨੇਜਮੈਂਟ ਅਤੇ ਸਰਕਾਰ ਵੱਲੋਂ ਵਰਤੀ ਜਾ ਰਹੀ ਲਾਪਰਵਾਹੀ, 8240 ਰਿੱਟ ਦੁਆਰਾ ਰੈਗੂਲਰ ਹੋਏ ਮੌਜੂਦਾ ਅਤੇ ਉਨ੍ਹਾਂ ਵਿੱਚੋਂ ਸੇਵਾ-ਮੁਕਤ ਹੋ ਚੁੱਕੇ ਵਰਕਰਾਂ ਨੂੰ ਇੱਕ ਸਾਲ ਤੋਂ ਵੱਧ ਸਮੇਂ ਤੋਂ ਪੈਨਸ਼ਨ ਸਕੀਮ ਤੋਂ ਵਾਂਝੇ ਰੱਖੇ ਜਾਣਾ, ਵੱਡੀ ਉਮਰ ਦੇ 300 ਬਜ਼ੁਰਗ ਸੇਵਾ-ਮੁਕਤ ਵਰਕਰਾਂ ਨੂੰ ਪੈਨਸ਼ਨ ਨਾ ਲਾਏ ਜਾਣ ਸੰਬੰਧੀ, ਪੰਜਾਬ ਸਰਕਾਰ ਵੱਲੋਂ ਪੀ ਆਰ ਟੀ ਸੀ ਨੂੰ ਮੁਫਤ ਸਫਰ ਸਹੂਲਤਾਂ ਬਦਲੇ ਬਣਦੇ 700 ਕਰੋੜ ਨਾ ਦਿੱਤੇ ਜਾਣਾ ਆਦਿ ਮਸਲਿਆਂ ਬਾਰੇ ਜਥੇਬੰਦੀ ਵੱਲੋਂ ਚੇਤਾਵਨੀ ਦਿੱਤੀ ਗਈ ਕਿ ਜੇਕਰ ਮੈਨੇਜਮੈਂਟ ਨੇ ਇਹਨਾਂ ਮਸਲਿਆਂ ਦਾ ਕੋਈ ਹੱਲ ਨਾ ਕੱਢਿਆ ਤਾਂ ਪੈਨਸ਼ਨਰਾਂ ਵਿੱਚ ਪਾਇਆ ਜਾ ਰਿਹਾ ਗੁੱਸਾ ਸਖਤ ਸੰਘਰਸ਼ ਦੇ

• ਬਾਕੀ ਸਫਾ 6 'ਤੇ

# ਅਮਰੀਕੀ ਬਾਜ਼ਾਰ 'ਚ ਭਾਰਤ ਚੌਲ 'ਡੰਪ' ਨਾ ਕਰੇ : ਟਰੰਪ

**ਨਿਊਯਾਰਕ/ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾ ਕਿਹਾ ਹੈ ਕਿ ਭਾਰਤ ਨੂੰ ਅਮਰੀਕਾ ਦੇ ਬਾਜ਼ਾਰ ਵਿੱਚ ਚੌਲ 'ਡੰਪ' (ਬਹੁਤ ਘੱਟ ਕੀਮਤ 'ਤੇ ਵੇਚਣਾ) ਨਹੀਂ ਕਰਨੇ ਚਾਹੀਦੇ ਅਤੇ ਉਹ ਇਸ ਸਮੱਸਿਆ ਨੂੰ ਜਲਦ ਠੀਕ ਕਰਨਗੇ। ਸੋਮਵਾਰ ਨੂੰ ਵ੍ਹਾਈਟ ਹਾਊਸ ਵਿੱਚ ਟਰੰਪ ਨੇ ਖੇਤੀਬਾੜੀ ਖੇਤਰ ਦੇ ਨੁਮਾਇੰਦਿਆਂ ਅਤੇ ਆਪਣੀ ਕੈਬਨਿਟ ਦੇ ਮੁੱਖ ਮੈਂਬਰਾਂ, ਖਜ਼ਾਨਾ ਸਕੱਤਰ ਅਤੇ ਖੇਤੀਬਾੜੀ ਸਕੱਤਰ ਨਾਲ ਇੱਕ ਮੀਟਿੰਗ ਕੀਤੀ। ਉਨ੍ਹਾਂ ਕਿਸਾਨਾਂ ਲਈ 12 ਅਰਬ ਡਾਲਰ ਦੀ ਸੰਘੀ ਸਹਾਇਤਾ ਦਾ ਐਲਾਨ ਕੀਤਾ। ਲੋਇਸਿਆਨਾ ਵਿੱਚ ਕੈਨੇਡੀ ਰਾਈਸ ਮਿੱਲ ਚਲਾਉਣ ਵਾਲੀ ਮੇਰਿਲ ਕੈਨੇਡੀ ਨੇ ਟਰੰਪ ਨੂੰ ਦੱਸਿਆ ਕਿ ਦੱਖਣੀ ਅਮਰੀਕਾ ਦੇ ਚੌਲ ਉਤਪਾਦਕ ਸੱਚਮੁੱਚ ਸੰਘਰਸ਼ ਕਰ ਰਹੇ ਹਨ, ਕਿਉਂਕਿ ਦੂਜੇ ਦੇਸ਼ ਅਮਰੀਕਾ ਵਿੱਚ ਚੌਲ ਡੰਪ ਕਰ ਰਹੇ ਹਨ। ਜਦੋਂ ਟਰੰਪ ਨੇ ਪੁੱਛਿਆ ਕਿ ਕਿਹੜੇ ਦੇਸ਼ ਡੰਪਿੰਗ ਕਰ ਰਹੇ

• ਬਾਕੀ ਸਫਾ 6 'ਤੇ

# ਕਾਮਰੇਡ ਅਣਖੀ ਦੀ 34ਵੀਂ ਬਰਸੀ ਅੱਜ



**ਪਟਿਆਲਾ** : ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ: 41 ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ 34 ਵੀਂ ਬਰਸੀ, ਜੋ ਕਾਮਰੇਡ ਅਣਖੀ ਯਾਦਗਾਰੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਅੱਜ ਮਨਾਈ ਜਾ ਰਹੀ ਹੈ, ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਪੂਰੇ ਫੈਕਟਰੀ ਏਰੀਆ ਨੂੰ ਏਟਕ ਦੀਆਂ ਲਾਲ ਝੰਡੀਆਂ ਅਤੇ ਮਾਟੋ ਲਾ ਕੇ ਵਰਕਰਾਂ ਵਿੱਚ ਉਤਸ਼ਾਹ ਭਰਨ ਲਈ ਫੈਡਰੇਸ਼ਨ ਏਟਕ ਅਤੇ ਪੈਨਸ਼ਨਰ ਯੂਨੀਅਨ ਏਟਕ ਦੇ ਸੂਬਾਈ ਆਗੂਆਂ ਰਛਪਾਲ ਸਿੰਘ ਪਾਲੀ ਅਤੇ ਰਾਜਿੰਦਰ ਸਿੰਘ ਰਾਜਪੁਰਾ ਦੀ ਅਗਵਾਈ ਹੇਠ ਨਾਜਰ ਸਿੰਘ, ਬਲਬੀਰ ਸਿੰਘ, ਮੋਹਨ ਸਿੰਘ ਗਿੱਲ, ਸੰਤੋਖ ਸਿੰਘ ਬੋਪਾਰਾਏ, ਚਰਨ ਸਿੰਘ, ਐੱਸ ਡੀ ਓ ਜਗਤਾਰ ਸਿੰਘ, ਐੱਸ ਡੀ ਓਭਾਨ ਸਿੰਘ ਆਦਿ ਨੇ ਸ਼ਾਨਦਾਰ ਸੇਵਾਵਾਂ ਦੇ ਕੇ ਸਜਾਇਆ ਅਤੇ ਪੂਰੇ ਪ੍ਰਬੰਧਾਂ ਦੀ ਦੇਖ-ਰੇਖ ਕੀਤੀ।

ਜਥੇਬੰਦੀ ਦੇ ਸੂਬਾਈ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਹੌਰੀਆ ਨੇ ਕਿਹਾ ਕਿ ਬਿਜਲੀ ਕਾਮਿਆਂ ਦੀ ਲਹਿਰ ਦੇ ਨਿਧੱੜਕ ਆਗੂ ਰਹੇ ਭਗਵਾਨ ਸਿੰਘ ਅਣਖੀ, ਐੱਚ ਐੱਸ ਪਰਮਾਰ, ਸਤਨਾਮ ਸਿੰਘ ਛਲੇੜੀ, ਮਹਿਦਰ ਸਿੰਘ ਬਟਾਲਾ ਸਮੇਤ ਹੋਰ ਵਿਛੋੜਾ ਦੇ ਚੁੱਕੇ ਆਗੂਆਂ ਨੂੰ ਪੰਜਾਬ ਏਟਕ ਅਤੇ ਹੋਰ ਭਰਾਤਰੀ

• ਬਾਕੀ ਸਫਾ 6 'ਤੇ

# ਚੋਰਾਂ ਦਾ ਸਾਥ ਨਹੀਂ ਦੇਵਾਂਗੇ : ਨਵਜੋਤ ਕੌਰ

**ਪਟਿਆਲਾ** : ਕਾਂਗਰਸ ਦੀ ਸਾਬਕਾ ਵਿਧਾਇਕਾ ਨਵਜੋਤ ਕੌਰ ਸਿੱਧੂ, ਜਿਸ ਨੂੰ ਹਾਲ ਹੀ ਵਿੱਚ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ, ਨੇ ਖੁਲਾਸਾ ਕੀਤਾ ਕਿ ਉਹ ਹਾਈ ਕਮਾਂਡ ਨਾਲ ਗੱਲਬਾਤ ਕਰ ਰਹੀ ਹੈ ਪਰ ਉਹ ਚੋਰਾਂ ਦਾ ਸਮਰਥਨ ਨਹੀਂ ਕਰੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਪਾਰਟੀ ਨਾਲ ਤਾਂ ਹੀ ਕੰਮ ਕਰ ਸਕਦੀ ਹੈ ਜੇ ਇਹ ਪਾਰਟੀ ਨੂੰ ਬਰਬਾਦ ਕਰਨ ਵਾਲੇ ਲੋਕਾਂ ਨੂੰ ਪਾਸੇ ਕਰੇ। ਉਨ੍ਹਾ ਕਿਹਾ, "ਮੈਂ ਹਾਈ ਕਮਾਂਡ ਨਾਲ ਗੱਲਬਾਤ ਕਰ ਰਹੀ ਹਾਂ, ਪਰ ਮੇਰੀ ਇਹ ਇੱਕ ਸ਼ਰਤ ਹੈ ਕਿ ਮੈਂ ਚੋਰਾਂ ਦਾ ਸਮਰਥਨ ਨਹੀਂ ਕਰਾਂਗੀ... ਜੇ ਅਸੀਂ ਸਰਕਾਰ ਬਣਾਉਣਾ ਚਾਹੁੰਦੇ ਹਾਂ ਤਾਂ ਚਾਰ ਜਾਂ ਪੰਜ ਲੋਕ ਕਾਂਗਰਸ ਪਾਰਟੀ ਨੂੰ ਬਰਬਾਦ ਕਰ ਰਹੇ ਹਨ ਅਤੇ ਜੇ ਉਨ੍ਹਾਂ ਨੂੰ ਪਾਸੇ ਕਰ ਦਿੱਤਾ ਜਾਂਦਾ ਹੈ ਤਾਂ ਮੈਂ ਇਸ ਬਾਰੇ ਸੋਚਾਂਗੀ..." ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਜਦੋਂ ਉਹ ਰਾਜਪਾਲ ਨੂੰ ਮਿਲਣ ਗਈ ਸੀ ਤਾਂ ਮੀਡੀਆ ਨੇ ਉਨ੍ਹਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਦਾਅਵਾ ਕੀਤਾ ਕਿ ਜਿਹੜੇ ਲੋਕ ਉਨ੍ਹਾਂ ਦੇ ਬਿਆਨਾਂ ਤੋਂ ਪਰੇਸ਼ਾਨ ਹਨ, ਉਨ੍ਹਾਂ ਕੋਲ ਸ਼ਿਵਾਲਿਕ ਰੇਂਜ ਵਿੱਚ 10,000 ਏਕੜ ਜ਼ਮੀਨ ਹੈ ਅਤੇ ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਹਿਯੋਗ ਨਾਲ ਉਹ ਇਸ ਜ਼ਮੀਨ ਨੂੰ ਕਾਨੂੰਨੀ ਬਣਾਉਣਾ

• ਬਾਕੀ ਸਫਾ 6 'ਤੇ

## ਰੰਧਾਵਾ ਦਾ ਬੀਬੀ ਸਿੱਧੂ ਨੂੰ ਕਾਨੂੰਨੀ ਨੋਟਿਸ

**ਚੰਡੀਗੜ੍ਹ** : ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਮੰਗਲਵਾਰ ਨੂੰ ਪਾਰਟੀ ਤੋਂ ਮੁਅੱਤਲ ਆਗੂ ਨਵਜੋਤ ਕੌਰ ਸਿੱਧੂ ਨੂੰ ਕਾਨੂੰਨੀ ਨੋਟਿਸ ਭੇਜ ਕੇ ਕਿਹਾ ਹੈ ਕਿ ਉਹ ਉਨ੍ਹਾਂ ਖ਼ਿਲਾਫ਼ ਕੀਤੀਆਂ 'ਮਾਣਹਾਨੀ ਵਾਲੀਆਂ' ਟਿੱਪਣੀਆਂ ਲਈ ਮੁਆਫ਼ੀ ਮੰਗਣ ਜਾਂ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ।

• ਬਾਕੀ ਸਫਾ 6 'ਤੇ

## ਸੀ ਬੀ ਆਈ ਵੱਲੋਂ ਅਨਿਲ ਅੰਬਾਨੀ ਦੇ ਪੁੱਤਰ ਖ਼ਿਲਾਫ਼ ਕੇਸ

**ਨਵੀਂ ਦਿੱਲੀ** : ਸੀ ਬੀ ਆਈ ਨੇ ਉਦਯੋਗਪਤੀ ਅਨਿਲ ਅੰਬਾਨੀ ਦੇ ਪੁੱਤਰ, ਜੈ ਅਨਮੋਲ ਅਨਿਲ ਅੰਬਾਨੀ ਅਤੇ ਰਿਲਾਇੰਸ ਹੋਮ ਫਾਈਨਾਂਸ ਲਿਮਟਿਡ ਦੇ ਖ਼ਿਲਾਫ਼ ਯੂਨੀਅਨ ਬੈਂਕ ਆਫ ਇੰਡੀਆ ਵਿੱਚ ਕਥਿਤ ਧੋਖਾਧੜੀ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਹੈ, ਜਿਸ ਨਾਲ ਸਰਕਾਰੀ ਬੈਂਕ ਨੂੰ 228 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਉਨ੍ਹਾ ਦੱਸਿਆ ਕਿ ਸੀ ਬੀ ਆਈ ਨੇ ਬੈਂਕ (ਪਹਿਲਾਂ ਆਂਧਰਾ ਬੈਂਕ) ਦੀ ਸ਼ਿਕਾਇਤ 'ਤੇ ਰਿਲਾਇੰਸ ਹੋਮ ਫਾਈਨਾਂਸ ਲਿਮਟਿਡ, ਜੈ ਅਨਮੋਲ ਅਨਿਲ ਅੰਬਾਨੀ ਅਤੇ ਰਵਿੰਦਰ ਸ਼ਰਦ ਸੁਧਾਕਰ ਜੋ ਰਿਲਾਇੰਸ ਹੋਮ ਫਾਈਨਾਂਸ ਲਿਮਟਿਡ ਵਿੱਚ ਦੋਵੇਂ ਡਾਇਰੈਕਟਰ ਹਨ,

• ਬਾਕੀ ਸਫਾ 6 'ਤੇ

## ਅੱਜ-ਨਾਮਾ

ਇੰਡੀਗੋ ਕੰਪਨੀ ਤੋਂ ਰੌਲਾ ਪਿਆ ਜਿਹੜਾ,
ਜਾਂਦਾ ਈ ਖਿੱਲਰਦਾ ਹੋਰ ਤੋਂ ਹੋਰ ਮੀਆਂ।
ਹਵਾਈ ਸੇਵਾ ਲਈ ਹਰ ਇੱਕ ਕੰਪਨੀ ਨੇ,
ਜੇਬਾਂ ਕੱਟਣ ਲਈ ਦੇ ਲਿਆ ਜ਼ੋਰ ਮੀਆਂ।
ਦੇਵੇ ਦਖਲ ਨਹੀਂ ਕੇਂਦਰ ਸਰਕਾਰ ਬਣਦਾ,
ਬਾਹਲੀ ਮੱਠੀ ਆ ਇਹਦੀ ਤਾਂ ਤੋਰ ਮੀਆਂ।
ਹਵਾਈ ਅੱਡਿਆਂ ਤੋਂ ਸੀਗਾ ਸ਼ੁਰੂ ਹੋਇਆ,
ਰੇਲਵੇ ਤੱਕ ਹੈ ਪਹੁੰਚ ਗਿਆ ਸ਼ੋਰ ਮੀਆਂ।
ਕਿਰਾਏ ਤਾਂ ਓਹੀ, ਪਰ ਵਧੀ ਹੈ ਭੀੜ ਓਥੇ,
ਗੱਡੀਆਂ ਥੋੜ੍ਹੀਆਂ, ਬਹੁਤ ਆ ਲੋਕ ਮੀਆਂ।
ਇੱਕ-ਇੱਕ ਸੀਟ ਲਈ ਪਈ ਬਲੈਕ ਹੁੰਦੀ,
ਲੁੱਟਦੇ ਲੋਕਾਂ ਨੂੰ ਫਿਰਨ ਕਈ ਬੋਕ ਮੀਆਂ।

-ਤੀਸ ਮਾਰ ਖਾਂ

# ਕਾਂਗਰਸ ਅਹੁਦਿਆਂ ਦੇ ਹਿਸਾਬ ਨਾਲ 'ਰੇਟ ਲਿਸਟ' ਲਾਵੇ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਪੰਜਾਬ ਦੇ ਵਿੱਤ ਮੰਤਰੀ ਅਤੇ ਸੀਨੀਅਰ ਆਮ ਆਦਮੀ ਆਗੂ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ 'ਤੇ ਕਾਂਗਰਸ ਪਾਰਟੀ ਨੂੰ ਘੇਰਦੇ ਹੋਏ ਮੰਗਲਵਾਰ ਸੁਝਾਅ ਦਿੱਤਾ ਕਿ ਪਾਰਟੀ ਨੂੰ ਆਪਣੇ ਦਫ਼ਤਰ ਦੇ ਬਾਹਰ ਇੱਕ ਬੋਰਡ ਲਗਾਉਣਾ ਚਾਹੀਦਾ ਹੈ, ਜਿਸ 'ਤੇ ਅਹੁਦਿਆਂ ਦੇ ਹਿਸਾਬ ਨਾਲ ਰੇਟ ਲਿਸਟ ਲੱਗੀ ਹੋਵੇ।ਉਨ੍ਹਾ ਤਨਜ਼ ਕੱਸਦਿਆਂ ਕਿਹਾ ਕਿ ਇਹਨਾਂ ਬੋਰਡਾਂ ਤੋਂ ਲੋਕਾਂ ਨੂੰ ਮੁੱਖ ਮੰਤਰੀ, ਕੈਬਨਿਟ ਮੰਤਰੀ, ਸੰਸਦ ਮੈਂਬਰ, ਵਿਧਾਨ ਸਭਾ ਮੈਂਬਰ ਅਤੇ ਪੰਚਾਇਤ ਚੋਣਾਂ ਸਮੇਤ ਹੋਰ ਅਹੁਦਿਆਂ ਲਈ ਟਿਕਟਾਂ ਪ੍ਰਾਪਤ ਕਰਨ ਸੰਬੰਧੀ ਨਿਰਧਾਰਤ ਕੀਤੀ ਕੀਮਤ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਹੈ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਨਵਜੋਤ ਕੌਰ ਸਿੱਧੂ ਵੱਲੋਂ ਲਗਾਏ ਗਏ ਦੋਸ਼ਾਂ ਕਿ ਕਾਂਗਰਸ ਪਾਰਟੀ ਵਿੱਚ ਮੁੱਖ ਮੰਤਰੀ ਦੀ ਟਿਕਟ 500 ਕਰੋੜ ਰੁਪਏ ਵਿੱਚ ਵਿਕੀ ਸੀ, ਦਾ ਹਵਾਲਾ ਦਿੰਦਿਆਂ ਕਿਹਾ ਕਿ ਹੁਣ ਤੱਕ ਤਾਂ ਇਹ ਰੇਟ ਹੋਰ ਵੱਧ ਗਿਆ ਹੋਵੇਗਾ।ਉਨ੍ਹਾ ਹੈਰਾਨੀ ਪ੍ਰਗਟਾਈ ਕਿ ਚਾਰ ਦਿਨ ਬੀਤ ਜਾਣ ਤੋਂ ਬਾਅਦ ਵੀ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਇਹ ਸਪੱਸ਼ਟ ਕਰਨ ਲਈ ਕੋਈ ਬਿਆਨ ਨਹੀਂ ਆਇਆ ਹੈ ਕਿ ਇਹ ਪੈਸਾ ਕਿੱਥੇ ਜਾਂਦਾ ਹੈ।ਉਨ੍ਹਾ ਸੁਨੀਲ ਜਾਖੜ ਵੱਲੋਂ ਲਗਾਏ ਦੋਸ਼ ਦਾ ਮੁੱਦਾ ਵੀ ਚੁੱਕਿਆ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ

• ਬਾਕੀ ਸਫਾ 6 'ਤੇ

## ਆਪਣੇ ਪੁਰਾਣੇ ਬੈਂਕ ਖਾਤਿਆਂ ਵਿੱਚ ਪੈਸੇ ਭੁੱਲ ਗਏ ਹੋ?



ਜੋ ਤੁਹਾਡਾ ਹੈ ਆਰਬੀਆਈ ਉਸ ਨੂੰ ਮੁੜ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗਾ।

ਅਣਵਰਤੇ ਖਾਤਿਆਂ ਵਿੱਚ ਪੈਸਾ (2 ਸਾਲ ਤੋਂ ਵੱਧ ਅਤੇ 10 ਸਾਲ ਤੱਕ ਨਾ ਵਰਤਿਆ ਗਿਆ) ਤੁਹਾਡੇ ਬੈਂਕ ਕੋਲ ਜੋ ਪਿਆ ਹੈ / ਦਾਅਵਾ ਨਾ ਕੀਤੇ ਗਏ ਡਿਪਾਜ਼ਿਟ (10 ਸਾਲਾਂ ਤੋਂ ਵੱਧ) ਨੂੰ ਆਰਬੀਆਈ ਦੇ ਡੀਈਏ ਫੰਡ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਹੈ। ਤੁਸੀਂ ਜਾਂ ਤੁਹਾਡੇ ਕਾਨੂੰਨੀ ਵਾਰਿਸ ਉਸ ਤੇ ਕਿਸੀ ਵੀ ਸਮੇਂ ਦਾਅਵਾ ਕਰ ਸਕਦੇ ਹਨ।

ਦੀਯਾ ਫੰਡ

### ਆਪਣਾ ਪੈਸਾ ਮੁੜ ਪ੍ਰਾਪਤ ਕਰਨ ਲਈ 3 ਅਸਾਨ ਕਦਮ

1. ਆਪਣੇ ਬੈਂਕ ਦੀ ਕਿਸੇ ਵੀ ਸਾਖਾ 'ਤੇ ਜਾਓ, ਭਾਵੇਂ ਉਹ ਤੁਹਾਡੀ ਨਿਯਮਤ ਸਾਖਾ ਨਾ ਹੋਵੇ।
2. ਕੇਵਾਯਸੀ ਦਸਤਾਵੇਜ਼ਾਂ ਨਾਲ (ਆਧਾਰ, ਪਾਸਪੋਰਟ, ਵੋਟਰ ਆਈਡੀ ਜਾਂ ਡ੍ਰਾਈਵਰ ਲਾਈਸੰਸ) ਫਾਰਮ ਜਮਾ ਕਰੋ।
3. ਪੁਸ਼ਟੀ ਦੇ ਬਾਅਦ, ਵਿਆਜ ਸਮੇਤ, ਜੇ ਹੋਵੇ, ਆਪਣਾ ਪੈਸਾ ਪ੍ਰਾਪਤ ਕਰੋ।

### ਆਪਣੇ ਦਾਅਵਾ ਨਾ ਕੀਤੇ ਗਏ ਪੈਸੇ ਬਾਰੇ ਪਤਾ ਕਰਨ ਲਈ

ਆਪਣੇ ਬੈਂਕ ਦੀ ਵੈਬਸਾਈਟ ਵੇਖੋ ਜਾਂ ਆਰਬੀਆਈ ਦਾ UDGAM ਪੋਰਟਲ (https://udgam.rbi.org.in) ਚੈਕ ਕਰੋ ਜੋ ਮੌਜੂਦਾ ਸਮੇਂ 30 ਬੈਂਕਾਂ ਬਾਰੇ ਵੇਰਵਾ ਦੇਂਦਾ ਹੈ।

ਦਾਅਵਾ ਨਾ ਕੀਤੀ ਗਈ ਸੰਪੱਤੀ ਦੇ ਲਈ ਖਾਸ ਕੈਂਪਾਂ ਤੇ ਜਾਓ ਜੋ ਦੇਸ਼ ਦੇ ਸਾਰੇ ਜਿਲ੍ਹਿਆਂ ਵਿੱਚ ਅਕਤੂਬਰ ਤੋਂ ਦਸੰਬਰ 2025 ਦੌਰਾਨ ਲਗਾਏ ਜਾਣਗੇ।




ਵਧੇਰੇ ਜਾਣਕਾਰੀ ਲਈ, ਵਿਜ਼ਿਟ ਕਰੋ ਹੁਣੇ:https://rbikehtahai.rbi.org.in
ਫੀਡਬੈਕ ਲਈ, rbikehtahai@rbi.org.in ਨੂੰ ਲਿਖੋ। ਨੂੰ ਲਿਖੋ
ਕਿਊਆਰ ਕੋਡ ਸਕੈਨ ਕਰੋ
ਅਧਿਕਾਰਤ ਵਟਸਐਪ ਨੰਬਰ 99990 41935

ਜਨ ਹਿਤ ਵਿੱਚ ਜਾਰੀ ਕਰਤਾ
भारतीय रिज़र्व बैंक
RESERVE BANK OF INDIA
www.rbi.org.in

ਨਵਾਂ ਜ਼ਮਾਨਾ
ਬੁੱਧਵਾਰ, 10 ਦਸੰਬਰ 2025

# ਵੰਦੇ ਮਾਤਰਮ

ਦੁਨੀਆ ਦੀਆਂ ਬਹੁਤੀਆਂ ਪ੍ਰਾਚੀਨ ਸੱਭਿਆਤਾਵਾਂ ਮਾਤਰੀ ਪ੍ਰਧਾਨ ਸੱਭਿਆਤਾਵਾਂ ਰਹੀਆਂ ਹਨ, ਕਿਉਂਕਿ ਦਰੱਖਤ-ਪੌਦੇ, ਫੁੱਲ-ਫਲ ਤੇ ਫਸਲ ਦੇ ਉਤਪਾਦਕ ਦੇ ਰੂਪ ਵਿੱਚ ਧਰਤੀ 'ਤੇ ਬੱਚਿਆਂ ਨੂੰ ਪੈਦਾ ਕਰਨ ਦੇ ਰੂਪ ਵਿੱਚ ਮਾਂ, ਦੋ ਹੀ ਉਤਪਾਦਕ ਦੇ ਰੂਪ ਵਿੱਚ ਸਾਹਮਣੇ ਆਏ। ਇਨ੍ਹਾਂ ਦੋ ਦੇ ਉਤਪਾਦਨ ਨਾਲ ਸ੍ਰਿਸ਼ਟੀ ਅੱਗੇ ਵਧੀ। ਧਰਤੀ ਮਾਂ ਤੇ ਜੈਵਿਕ ਮਾਂ ਦੋਹਾਂ ਪ੍ਰਤੀ ਪ੍ਰੇਮ ਤੇ ਆਦਰ ਮਨੁੱਖ ਦਾ ਸਹਿਜ-ਸੁਭਾਵਕ ਭਾਵ ਸੀ ਤੇ ਹੈ ਵੀ। ਆਦਿਵਾਸੀ ਤੇ ਕਿਸਾਨ ਅੱਜ ਵੀ ਧਰਤੀ ਦੀ ਪੂਜਾ ਕਰਦੇ ਹਨ। ਇਹ ਪ੍ਰਾਣੀ ਦਾ ਮਾਂ ਪ੍ਰਤੀ ਸਹਿਜ-ਸੁਭਾਵਕ ਜੈਵਿਕ ਤੇ ਸਮਾਜੀ ਲਗਾਅ ਤੇ ਪ੍ਰੇਮ ਹੁੰਦਾ ਹੈ। ਇੱਕ ਨਿਸ਼ਚਿਤ ਭੂਗੋਲਿਕ ਖੇਤਰ ਦੇ ਆਧਾਰ 'ਤੇ ਦੇਸ਼ਾਂ ਦੀ ਵੰਡ ਦੇ ਬਾਅਦ ਲੋਕ ਆਪਣੇ ਦੇਸ਼ ਨੂੰ ਮਾਤ-ਭੂਮੀ ਜਾਂ ਪਿਤਰ-ਭੂਮੀ ਦੇ ਰੂਪ ਵਿੱਚ ਦੇਖਣ ਤੇ ਪ੍ਰੇਮ ਕਰਨ ਲੱਗੇ। ਸਾਮਰਾਜ ਦੀ ਗੁਲਾਮੀ ਤੋਂ ਮੁਕਤੀ ਲਈ ਲੋਕਾਂ ਨੇ ਆਪਣੀ ਮਾਤ-ਭੂਮੀ ਤੇ ਪਿਤਰੀ-ਭੂਮੀ ਦੀ ਆਜ਼ਾਦੀ ਦਾ ਨਾਅਰਾ ਦਿੱਤਾ। ਭਾਰਤ ਵਿੱਚ ਇਹ ਨਾਅਰਾ ਵੰਦੇ ਮਾਤਰਮ ਦੇ ਰੂਪ ਵਿੱਚ ਹਰਮਨਪਿਆਰਾ ਹੋਇਆ। ਕੀ ਹਿੰਦੂ, ਕੀ ਮੁਸਲਮਾਨ, ਕੀ ਈਸਾਈ, ਕੀ ਸਿੱਖ ਸਾਰਿਆਂ ਨੇ ਮਾਤ-ਭੂਮੀ ਦੀ ਆਜ਼ਾਦੀ ਲਈ ਕੁਰਬਾਨੀ ਦਿੱਤੀ। ਵੰਦੇ ਮਾਤਰਮ ਦਾ ਨਾਅਰਾ ਲਾ ਕੇ ਹੱਸਦੇ-ਹੱਸਦੇ ਫਾਂਸੀ ਦੇ ਫੰਦਿਆਂ 'ਤੇ ਝੂਲ ਗਏ।

ਅੱਜ ਉਹ ਸੰਘੀ ਤੇ ਉਨ੍ਹਾਂ ਦੇ ਚੇਲੇ ਭਾਜਪਾਈ ਵੰਦੇ ਮਾਤਰਮ ਤੇ ਮਾਤ-ਭੂਮੀ 'ਤੇ ਦਾਅਵਾ ਕਰ ਰਹੇ ਹਨ, ਜਿਨ੍ਹਾਂ ਮਾਤ-ਭੂਮੀ ਦੀ ਅੰਗਰੇਜ਼ਾਂ ਤੋਂ ਮੁਕਤੀ ਦੇ ਸੰਘਰਸ਼ ਵਿੱਚ ਕਦੇ ਹਿੱਸਾ ਹੀ ਨਹੀਂ ਲਿਆ। ਲੈ-ਦੇ ਕੇ ਇੱਕ ਵਿਅਕਤੀ ਸਾਵਰਕਰ ਨੇ ਹਿੱਸਾ ਵੀ ਲਿਆ ਤਾਂ ਮਾਤ-ਭੂਮੀ ਲਈ ਅੰਗਰੇਜ਼ਾਂ ਦੇ ਖਿਲਾਫ ਸੰਘਰਸ਼ ਕਰਨ ਨੂੰ ਆਪਣੀ ਭੁੱਲ ਮੰਨ ਕੇ ਮੁਆਫੀ ਮੰਗ ਲਈ ਅਤੇ ਪੈਨਸ਼ਨ ਲੈ ਲਈ। ਉਸ ਦੇ ਬਾਅਦ ਉਹ ਭਾਰਤੀ ਮਾਤ-ਭੂਮੀ ਦੀਆਂ ਔਲਾਦਾਂ (ਹਿੰਦੂ-ਮੁਸਲਮਾਨ) ਵਿਚਾਲੇ ਨਫਰਤ ਫੈਲਾਉਣ ਦੇ ਕਾਰੋਬਾਰ ਦੀ ਬ੍ਰਿਟਿਸ਼ ਸਾਜ਼ਿਸ਼ ਦਾ ਹਿੱਸਾ ਬਣ ਗਏ। ਇਨ੍ਹਾਂ ਸਾਵਰਕਰਵਾਦੀਆਂ-ਸੰਘੀਆਂ ਨੇ ਮਾਤ-ਭੂਮੀ ਦੇ ਟੁਕੜੇ ਕਰਨ ਦੀ ਸਭ ਤੋਂ ਪਹਿਲਾਂ ਵਕਾਲਤ ਕੀਤੀ। ਦੋ ਰਾਸ਼ਟਰ ਦਾ ਸਿਧਾਂਤ ਪੇਸ਼ ਕੀਤਾ, ਜਿਸ ਨੂੰ ਬਾਅਦ ਵਿੱਚ ਮੁਸਲਿਮ ਲੀਗ ਤੇ ਜਿਨਾਹ ਨੇ ਲਪਕ ਲਿਆ। ਭਾਰਤ ਤੇ ਪਾਕਿਸਤਾਨ ਬਣਾਉਣ ਲਈ ਵੰਦੇ ਮਾਤਰਮ ਦੇ ਨਾਅਰੇ ਦੀ ਵਰਤੋਂ ਕੀਤੀ ਗਈ। ਸੱਚ ਤਾਂ ਇਹ ਹੈ ਕਿ ਆਜ਼ਾਦੀ ਤੋਂ ਪਹਿਲਾਂ ਇਨ੍ਹਾਂ ਵੰਦੇ ਮਾਤਰਮ ਦੀ ਵਰਤੋਂ ਦੇਸ਼ ਵੰਡਣ ਲਈ ਕੀਤੀ। ਆਜ਼ਾਦੀ ਦੇ ਬਾਅਦ ਵੀ ਭਾਰਤੀ ਮੁਸਲਮਾਨਾਂ ਤੇ ਈਸਾਈਆਂ ਖਿਲਾਫ ਜ਼ਹਿਰ ਉਗਲਣ ਵਿੱਚ ਲੱਗੇ ਰਹੇ, ਦੇਸ਼ ਦੇ ਲੋਕਾਂ ਨੂੰ ਵੰਡਣ ਵਿੱਚ ਹੀ ਲੱਗੇ ਰਹੇ। ਵੰਦੇ ਮਾਤਰਮ ਵਰਗੇ ਡੂੰਘੇ ਦੇਸ਼-ਪ੍ਰੇਮ ਦੇ ਨਾਅਰੇ ਨੂੰ ਨਫਰਤ ਵਿੱਚ ਬਦਲ ਕੇ ਦੇਸ਼ ਵਿੱਚ ਦੰਗੇ ਫੈਲਾਉਣ, ਮੁਸਲਮਾਨਾਂ ਦੀ ਲਿੰਚਿੰਗ ਕਰਨ ਅਤੇ ਇੱਥੋਂ ਤੱਕ ਕਿ ਇਸ ਨਾਅਰੇ ਨੂੰ ਨਾ ਲਾਉਣ ਵਾਲਿਆਂ ਦੇ ਮੂੰਹ ਵਿੱਚ ਪੇਸ਼ਾਬ ਕਰਨ ਤੱਕ ਵਧਾ ਦਿੱਤਾ। ਜਿਹੜਾ ਨਾਅਰਾ ਕਦੇ ਮਾਤ-ਭੂਮੀ ਤੇ ਦੇਸ਼-ਪ੍ਰੇਮ ਦੇ ਚਲਦਿਆਂ ਸਹਿਜ-ਸੁਭਾਵਕ ਲੋਕਾਂ ਦੀ ਜ਼ੁਬਾਨ 'ਤੇ ਆਇਆ ਸੀ, ਉਸ ਨੂੰ ਜ਼ੋਰ-ਜ਼ਬਰਦਸਤੀ ਕਰਨ ਦਾ ਨਾਅਰਾ ਬਣਾ ਦਿੱਤਾ। ਲੋਕਾਂ ਨੂੰ ਵੰਡ ਕੇ ਇਸ ਨਾਅਰੇ ਦੀ ਵਰਤੋਂ ਸਿਆਸੀ ਸੱਤਾ 'ਤੇ ਕਬਜ਼ਾ ਕਰਨ ਲਈ ਕੀਤੀ। ਦੇਸ਼ ਨੂੰ ਨਫਰਤ ਦੀ ਅੱਗ ਵਿੱਚ ਝੋਕ ਕੇ ਲੋਕਾਂ ਦਾ ਧਿਆਨ ਭਟਕਾ-ਕੇ ਅਡਾਨੀ-ਅੰਬਾਨੀ ਤੇ ਹੋਰ ਧੰਦੇਬਾਜ਼ ਕਾਰੋਬਾਰੀਆਂ ਨੂੰ ਦੇਸ਼ ਦੇ ਜਨਤਕ ਧਨ (ਬੈਂਕ-ਐੱਲ ਆਈ ਸੀ-ਬੱਜਟ ਆਦਿ) ਨੂੰ ਹੜੱਪਣ ਦੀ ਖੁੱਲ੍ਹੀ ਛੋਟ ਦੇ ਦਿੱਤੀ। ਦੇਸ਼ ਦੇ ਕੁਦਰਤੀ ਸਾਧਨਾਂ ਨੂੰ ਲੁੱਟਣ ਦੀ ਖੁੱਲ੍ਹੀ ਛੋਟ ਦੇ ਦਿੱਤੀ। ਇਸ ਧੰਦੇ ਵਿੱਚ ਨਾ ਸਿਰਫ ਕਾਰਪੋਰੇਟ-ਪੂੰਜੀਪਤੀ ਤੇ ਕਾਰੋਬਾਰੀ ਮਾਲਾ-ਮਾਲ ਹੋਏ, ਸਗੋਂ ਵੰਦੇ ਮਾਤਰਮ 'ਤੇ ਅੱਜ ਦਾਅਵਾ ਠੋਕਣ ਵਾਲੇ ਸੰਘੀ ਤੇ ਭਾਜਪਾਈ ਵੀ ਮਾਲਾ-ਮਾਲ ਹੋਏ। ਇਨ੍ਹਾਂ ਲੁਟੇਰੇ ਕਾਰਪੋਰੇਟ ਘਰਾਣਿਆਂ ਤੇ ਕਾਰੋਬਾਰੀਆਂ ਨੇ ਬਦਲੇ ਵਿੱਚ ਇਨ੍ਹਾਂ ਨੂੰ ਕਾਫੀ ਚੰਦਾ ਦਿੱਤਾ ਤਾਂ ਜੋ ਉਹ ਵੋਟਰ ਖਰੀਦ ਸਕਣ, ਚੋਣ ਮਸ਼ੀਨਰੀ ਖਰੀਦ ਸਕਣ, ਵਿਧਾਇਕ-ਸਾਂਸਦ ਖਰੀਦ ਸਕਣ ਤੇ ਇੱਥੋਂ ਤੱਕ ਕਿ ਪੂਰੀ ਸਰਕਾਰ ਖਰੀਦ ਸਕਣ। ਇਨ੍ਹਾਂ ਚੰਦਿਆਂ ਨਾਲ ਸੰਘ ਤੇ ਭਾਜਪਾ ਨੇ ਦੇਸ਼-ਭਰ ਵਿੱਚ ਆਲੀਸ਼ਾਨ ਪਾਰਟੀ ਦਫਤਰ ਬਣਾ ਲਏ ਹਨ।

ਵੰਦੇ ਮਾਤਰਮ, ਜਿਸ 'ਤੇ ਸੰਸਦ ਵਿੱਚ ਬਹਿਸ ਕਰਵਾਈ ਗਈ ਹੈ, ਨਾਲ ਸੰਘੀਆਂ ਤੇ ਭਾਜਪਾਈਆਂ ਦਾ ਕਦੇ ਕੋਈ ਸਰੋਕਾਰ ਨਹੀਂ ਰਿਹਾ। ਜਦੋਂ ਲੋਕ ਇਸ ਨਾਅਰੇ ਨਾਲ ਮਰ-ਮਿਟ ਰਹੇ ਸਨ, ਇਹ ਲੋਕ ਨਮਸਤੇ ਸਦਾ ਵਤਸਲੇ ਗਾਉਂਦੇ ਰਹੇ ਅਤੇ ਖੁਦ ਨੂੰ ਲੁਕੋਈ ਰੱਖਿਆ। ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਤੇ ਕੁਰਬਾਨੀ ਤੋਂ ਬਚਦੇ ਰਹੇ। ਅੱਜ ਇਨ੍ਹਾਂ ਲਈ ਵੰਦੇ ਮਾਤਰਮ ਦਾ ਨਾਅਰਾ ਦੰਗੇ, ਧੰਦੇ ਤੇ ਚੰਦੇ ਦਾ ਨਾਅਰਾ ਬਣ ਗਿਆ ਹੈ ਅਤੇ ਆਪਣੇ ਧੰਦੇ ਤੇ ਚੰਦੇ ਲਈ ਇਸ ਨਾਅਰੇ ਨੂੰ ਆਪਣਾ ਨਾਅਰਾ ਕਹਿ ਕੇ ਉਛਾਲ ਰਹੇ ਹਨ।

# ਸੰਚਾਰ ਸਾਥੀ : ਦਰਵਾਜ਼ੇ-ਖਿੜਕੀਆਂ ਬੰਦ



ਗੁਰਮੀਤ ਸਿੰਘ ਪਲਾਹੀ

ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਰਮਨਪਿਆਰਤਾ ਵਿੱਚ ਕੋਈ ਕਮੀ ਨਹੀਂ ਆਈ, ਪਰ ਫਿਰ ਵੀ ਪ੍ਰਧਾਨ ਮੰਤਰੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ, ਉਹਨਾ ਵਿੱਚ ਆਤਮ-ਵਿਸ਼ਵਾਸ ਦੀ ਝਲਕ ਦਿਖਾਈ ਨਹੀਂ ਦਿੰਦੀ।

ਸਾਈਬਰ ਸੁਰੱਖਿਆ ਦੇ ਬਹਾਨੇ ਮੋਦੀ ਸਰਕਾਰ ਨੇ ਸਾਈਬਰ ਡਾਕੂਆਂ ਨੂੰ ਰੋਕਣ ਲਈ ਇੱਕ ਇਹੋ ਜਿਹਾ ਐਪ ਤਿਆਰ ਕਰਵਾਇਆ, ਜੋ ਨਵੇਂ ਬਣਾਏ ਜਾਣ ਵਾਲੇ ਮੋਬਾਇਲ ਵਿੱਚ ਪਾਇਆ ਜਾਣਾ ਜ਼ਰੂਰੀ ਕਰਾਰ ਦਿੱਤਾ ਗਿਆ ।ਇਸ ਐਪ, ਜਿਸ ਨੂੰ 'ਸੰਚਾਰ ਸਾਥੀ' ਕਿਹਾ ਜਾਂਦਾ ਹੈ, ਦਾ ਲੋਕਾਂ ਨੇ ਡਟਵਾਂ ਵਿਰੋਧ ਕੀਤਾ, ਕਿਉਂਕਿ ਇਸ ਐਪ ਨੇ ਉਹਨਾਂ ਦੇ ਨਿੱਜੀ ਜੀਵਨ ਵਿੱਚ ਸਰਕਾਰੀ ਨਜ਼ਰ ਰੱਖਣ ਨੂੰ ਯਕੀਨੀ ਬਣਾ ਦੇਣਾ ਸੀ।

ਜੇਕਰ ਇਹ ਐਪ ਹਰ ਫੋਨ ਵਿੱਚ ਇੱਕ ਜਾਸੂਸ ਦੀ ਤਰ੍ਹਾਂ ਬਿਠਾ ਦਿੱਤਾ ਜਾਂਦਾ, ਤਾਂ ਇਸ ਨੇ ਭਾਰਤੀ ਲੋਕਤੰਤਰ ਨੂੰ ਦੁਨੀਆ ਵਿੱਚ ਕਮਜ਼ੋਰ ਕਰ ਸੁੱਟਣਾ ਸੀ। ਇਹ ਇੱਕ ਇਹੋ ਜਿਹਾ ਜਾਸੂਸੀ ਐਪ ਹੈ, ਜਿਸ ਦੀ ਵਰਤੋਂ ਅਕਸਰ ਰੂਸ ਅਤੇ ਪਾਕਿਸਤਾਨ ਵਿੱਚ ਹੁੰਦੀ ਹੈ, ਜਿੱਥੇ ਚੋਣਾਂ ਦਾ ਢੌਂਗ ਤਾਂ ਰਚਿਆ ਜਾਂਦਾ ਹੈ-ਝੂਠੀਆਂ ਚੋਣਾਂ ਕਰਕੇ , ਪਰ ਜਿੱਥੇ ਲੋਕਤੰਤਰ ਦੀ ਗੱਲ ਸਿਰਫ਼ ਇੱਕ ਛਲਾਵਾ ਹੈ।

ਸੰਚਾਰ ਸਾਥੀ ਵਾਲੀ ਯੋਜਨਾ ਦਾ ਜ਼ਿਕਰ ਵਿਸ਼ਵ ਪੱਧਰ 'ਤੇ ਹੋਇਆ। ਇਕ ਦਮ ਦੇਸ਼ ਵਿੱਚ ਹੜਕੰਪ ਮਚ ਗਿਆ। ਚਰਚਾ ਹੋਣ ਲੱਗੀ ਕਿ ਇਹੋ ਜਿਹੀਆਂ ਚੀਜ਼ਾਂ ਜੇ ਕਿਸੇ ਦੇਸ਼ ਵਿੱਚ ਹੋਣ ਲੱਗਦੀਆਂ ਹਨ, ਤਾਂ ਇਹ ਸਬੂਤ ਮਿਲ਼ਦਾ ਹੈ ਕਿ ਉੱਥੇ ਦਾ ਲੋਕਤੰਤਰ ਕਮਜ਼ੋਰ ਕੀਤਾ ਜਾ ਰਿਹਾ ਹੈ।

ਵੈਸੇ ਇਸ ਵੇਲੇ ਵਿਸ਼ਵ ਵਿੱਚ ਆਮ ਰਾਏ ਇਹ ਬਣ ਰਹੀ ਹੈ ਕਿ ਭਾਰਤ ਵਿੱਚ ਲੋਕਤੰਤਰਿਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ । ਸੀ ਬੀ ਆਈ ਪਿੰਜਰੇ 'ਚ ਬੰਦ ਹੈ । ਈ ਡੀ ਸਰਕਾਰ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ । ਹੋਰ ਖ਼ੁਦਮੁਖਤਾਰ ਸੰਸਥਾਵਾਂ ਇੱਥੋਂ ਤੱਕ ਕਿ ਯੂਨੀਵਰਸਿਟੀਆਂ ਵੀ ਸਰਕਾਰ ਦੇ ਦਿਸ਼ਾ-ਨਿਰਦੇਸ਼ ਤੇ ਕੰਮ ਕਰ ਰਹੀਆਂ ਹਨ। ਦੇਸ਼ ਦਾ ਅਕਸ ਦੁਨੀਆਂ ਵਿੱਚ ਇਹੋ ਜਿਹਾ ਬਣ ਰਿਹਾ ਹੈ ਕਿ ਇਸ ਦੇਸ਼ ਚ ਲੋਕਤੰਤਰ ਨਹੀਂ ਰਿਹਾ, ਸਗੋਂ ਥੋੜ੍ਹਾ-ਬਹੁਤਾ ਰੂਸ ਅਤੇ ਪਾਕਿਸਤਾਨ ਵਰਗਾ ਬਣਦਾ ਜਾ ਰਿਹਾ ਹੈ।

ਮੋਦੀ ਜੀ ਨੇ ਜਿਸ ਢੰਗ ਨਾਲ ਆਪਣੀਆਂ ਦੋ ਪਾਰੀਆਂ ਖੇਡੀਆਂ, ਅਤੇ ਹੁਣ ਤੀਜੀ ਪਾਰੀ ਖੇਡ ਰਹੇ ਹਨ, ਉਹਨਾਂ ਲੋਕਤੰਤਰਿਕ ਸੰਸਥਾਵਾਂ ਸਮੇਤ ਭਾਰਤੀ ਚੋਣ ਕਮਿਸ਼ਨ ਨੂੰ ਆਪਣੇ ਬੋਝੇ 'ਚ ਪਾਉਣ ਦਾ ਯਤਨ ਕੀਤਾ। ਉਹਨਾਂ ਚੁਣੇ ਹੋਏ ਸਦਨ ਲੋਕ ਸਭਾ 'ਚ ਹਾਜ਼ਰ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਠਿੱਠ ਕਰਨ ਦਾ ਯਤਨ ਕੀਤਾ। ਉਹ ਆਪਣੇ ਵਿਰੋਧੀਆਂ ਨਾਲ ਕਿਵੇਂ ਵਰਤਾਉ ਕਰਦੇ ਹਨ, ਇਸ ਦੀ ਉਦਾਹਰਨ ਵੇਖੋ, ਉਹਨਾ ਦੇ ਇੱਕ ਭਾਸ਼ਣ ਦੇ ਕੁਝ ਅੰਸ਼ਾਂ ਵਿੱਚੋਂ: ਬਦਕਿਸਮਤੀ ਨਾਲ ਇੱਕ-ਦੋ ਸਿਆਸੀ ਧਿਰਾਂ ਇਹੋ ਜਿਹੀਆਂ ਹਨ, ਜੋ ਆਪਣੀ ਹਾਰ ਨੂੰ ਬਰਦਾਸ਼ਤ ਨਹੀਂ ਕਰ ਰਹੀਆਂ। ਮੈਨੂੰ ਲੱਗਦਾ ਹੈ ਕਿ ਬਿਹਾਰ ਦੇ ਨਤੀਜਿਆਂ ਨੂੰ ਜਦੋਂ ਹੁਣ ਕਾਫ਼ੀ ਸਮਾਂ ਬੀਤ ਚੁੱਕਾ ਹੈ, ਤਾਂ ਉਹ ਸੰਭਲ਼ ਗਏ ਹੋਣਗੇ, ਪਰ ਕੱਲ੍ਹ ਉਹਨਾਂ ਦੇ ਬਿਆਨ ਸੁਣ ਕੇ ਇਵੇਂ ਲੱਗਿਆ ਕਿ ਉਹਨਾਂ ਨੂੰ ਹਾਰ ਹਾਲੇ ਵੀ ਪਰੇਸ਼ਾਨ ਕਰ ਰਹੀ ਹੈ।

**ਇੱਕ ਹੋਰ ਬਿਆਨ ਵੱਲ ਵੀ ਨਜ਼ਰ ਮਾਰਨੀ ਬਣਦੀ ਹੈ :** ਦੇਸ਼ ਵਿੱਚ ਨਾਅਰੇ ਲਗਾਉਣ ਲਈ ਬਹੁਤ ਥਾਂ ਹੈ। ਤੁਸੀਂ ਉੱਥੇ ਨਾਅਰੇ ਲਗਾ ਚੁੱਕੇ ਹੋ। ਤੁਸੀਂ ਇੱਥੇ ਵੀ ਨਾਅਰੇ ਲਗਾ ਸਕਦੇ ਹੋ, ਜਿੱਥੇ ਅਗਲੀ ਵਾਰ ਹਾਰਨ ਵਾਲੇ ਹੋ। ਲੇਕਿਨ ਇੱਥੇ ਸਾਨੂੰ ਨਾਅਰਿਆਂ 'ਤੇ ਨਹੀਂ, ਨੀਤੀਆਂ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਪਰ ਇਹ ਦੋਹਰਾ ਚਰਿੱਤਰ ਹੈ। ਸੰਸਦ ਦੇ ਹਰ ਸੈਸ਼ਨ ਵਿੱਚ ਕਿਹਾ ਜਾਂਦਾ ਹੈ ਕਿ ਸਰਕਾਰ ਕੋਲ ਲੁਕਾਉਣ ਲਈ ਕੁਝ ਨਹੀਂ ਹੈ, ਸਰਕਾਰ ਡਰਦੀ ਨਹੀਂ ਹੈ। ਪਰ ਸਰਕਾਰ ਵਿਰੋਧੀ ਧਿਰਾਂ ਨੂੰ ਬੋਲਣ ਦੀ ਆਗਿਆ ਵੀ ਸਰਕਾਰ ਨਹੀਂ ਦਿੰਦੀ। ਉਹਨਾਂ ਦੇ ਕੋਲ਼ ਇੱਕ ਹੀ ਫਾਰਮੂਲਾ ਹੈ : ਨਿਯਮਾਂ ਅਧੀਨ ਇਸ ਮਸਲੇ 'ਤੇ ਗੱਲ ਨਹੀਂ ਹੋ ਸਕਦੀ ।

ਵਿਰੋਧੀ ਧਿਰ ਭਾਰਤੀ ਚੋਣ ਕਮਿਸ਼ਨ ਅਤੇ ਵੋਟ ਚੋਰੀ ਦਾ ਮਸਲਾ ਸੰਸਦ ਵਿੱਚ ਲਿਆਉਣਾ ਚਾਹੁੰਦੀ ਹੈ, ਪਰ ਮੋਦੀ ਸਰਕਾਰ ਨਿਯਮਾਂ ਦਾ ਹਵਾਲਾ ਦੇ ਕੇ ਇਸ ਮਹੱਤਵਪੂਰਨ ਮਸਲੇ ਤੋਂ ਪਾਸਾ ਵੱਟ ਰਹੀ ਹੈ। ਅਸਲ ਵਿੱਚ, ਸੰਸਦ ਵਿੱਚ ਵਿਰੋਧੀ ਧਿਰ ਵੱਲੋਂ ਪੇਸ਼ ਕੀਤੇ ਤੱਥਾਂ ਨੂੰ ਸੁਣਨ ਲਈ ਉਹਨਾਂ ਕੋਲ ਦਿਲ-ਗੁਰਦਾ ਹੀ ਨਹੀਂ। ਸਹੀ ਅਰਥਾਂ 'ਚ ਇਹ ਆਤਮ-ਵਿਸ਼ਵਾਸ ਦੀ ਘਾਟ ਕਾਰਨ ਹੈ।

ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪਰਖਣ, ਸਮਝਣ ਵਾਲੇ ਲੋਕ ਜਾਣਦੇ ਹਨ ਕਿ ਸੰਸਦ ਇੱਕ ਇਹੋ-ਜਿਹੀ ਥਾਂ ਹੈ ਜਿੱਥੇ ਕੁਝ ਕੰਮ ਹੋਣੇ ਚਾਹੀਦੇ ਹਨ, ਨਾਟਕ ਨਹੀਂ। ਲੋਕਾਂ ਦਾ ਦੁੱਖ ਗ਼ਰੀਬੀ ਹੈ, ਲੋਕਾਂ ਦਾ ਦੁੱਖ ਬੇਰੁਜ਼ਗਾਰੀ ਹੈ, ਲੋਕਾਂ ਦਾ ਦੁੱਖ ਭ੍ਰਿਸ਼ਟਾਚਾਰ ਹੈ। ਲੋਕਾਂ ਦਾ ਦੁੱਖ ਸਿੱਖਿਆ , ਸਿਹਤ ਸਹੂਲਤਾਂ ਨਾ ਮਿਲਣਾ ਹੈ। ਪਰ ਵੇਖਣ ਵਿੱਚ ਆ ਰਿਹਾ ਹੈ ਕਿ ਜਦੋਂ ਵੀ ਸਰਕਾਰ ਵਿਰੋਧੀ ਧਿਰ ਨੂੰ ਸੰਸਦ ਸੈਸ਼ਨ ਤੋਂ ਪਹਿਲਾਂ ਸਲਾਹ-ਮਸ਼ਵਰੇ ਲਈ ਸੱਦਦੀ ਹੈ, ਤਾਂ ਆਪਣੇ ਬਿੱਲਾਂ ਅਤੇ ਬਜਟ, ਜੋ ਸਰਕਾਰ ਦਾ ਅਜੰਡਾ ਹੁੰਦਾ ਹੈ,ਬਾਰੇ ਵਿਚਾਰ ਕਰਦੀ ਹੈ-ਪਰ ਪ੍ਰਸ਼ਨ ਕਾਲ ਵਿੱਚ ਵਿਰੋਧੀ ਧਿਰ ਨੂੰ ਬੋਲਣ ਦੀ ਆਗਿਆ ਨਹੀਂ ਦਿੰਦੀ। ਅਸਲ ਵਿੱਚ ਸਰਕਾਰ ਲੋਕ ਸਭਾ,ਰਾਜ ਸਭਾ ਦੇ ਸਪੀਕਰਾਂ ਰਾਹੀਂ ਵਿਰੋਧੀ ਧਿਰ ਵੱਲੋਂ ਕੀਤੀ ਜਾਣ ਵਾਲੀ ਬਹਿਸ 'ਤੇ ਪੂਰੀ ਤਰ੍ਹਾਂ ਸ਼ਿਕੰਜਾ ਕੱਸ ਕੇ ਰੱਖਦੀ ਹੈ।

ਦੂਜੇ ਪਾਸੇ ਪ੍ਰਧਾਨ ਮੰਤਰੀ ਆਪਣੇ ਮਨ ਦੀ ਗੱਲ ਦੱਸਦਾ ਹੈ, ਪਰ ਲੋਕਾਂ ਦੇ ਮਨ ਦੀ ਗੱਲ ਸੁਣਨਾ ਉਸ ਦੇ ਅਜੰਡੇ ਵਿੱਚ ਨਹੀਂ ਹੈ। ਸਾਲਾਂ ਦੇ ਸਾਲ ਬੀਤ ਗਏ ਹਨ, ਪਰ ਨਰੇਂਦਰ ਮੋਦੀ ਨੇ ਕਦੇ ਦੇਸ਼ ਦੀ ਪ੍ਰੈੱਸ ਨੂੰ ਬੁਲਾ ਕੇ ਕੋਈ ਪ੍ਰੈੱਸ ਕਾਨਫਰੰਸ ਨਹੀਂ ਕੀਤੀ। ਕੀ ਮੋਦੀ ਲੋਕਾਂ ਦੇ ਮਨ ਵਿੱਚ ਜੋ ਹੈ ਅਤੇ ਪੱਤਰਕਾਰਾਂ ਦੇ ਮਨਾਂ ਚ ਦੇਸ਼ ਦੇ ਲੋਕਤੰਤਰ ਸੰਬੰਧੀ ਜਿਹੜੇ ਸਵਾਲ ਹਨ, ਉਹਨਾਂ ਦੇ ਜਵਾਬ ਦੇਣ ਤੋਂ ਕੰਨੀਂ ਕਤਰਾਉਂਦੇ ਹਨ? ਅਸਲ ਚ ਉਹ ਦੇਸ਼ ਦੀ ਅਸਲੀਅਤ ਦਾ ਸਾਹਮਣਾ ਹੀ ਨਹੀਂ ਕਰਨਾ ਚਾਹੁੰਦੇ।

ਸੰਚਾਰ ਸਾਥੀ ਜੇਕਰ ਸਾਡੇ ਸੈੱਲ ਫੋਨਾਂ ਵਿੱਚ ਪਾਏ ਜਾਂਦੇ ਹਨ, ਤਾਂ ਯਕੀਨ ਮੰਨੋ ਇਹ ਸੰਚਾਰ ਸਾਥੀ ਐਪ, ਸੁਰੱਖਿਅਤ ਐਪ ਨਹੀਂ ਹੈ, ਬਲਕਿ ਜਾਸੂਸੀ ਹੋਵੇਗੀ-ਬਿਲਕੁਲ ਉਵੇਂ ਜਿਵੇਂ ਕੁਝ ਸਾਲ ਪਹਿਲਾਂ ਸਰਕਾਰ ਨੇ ਪੈਗਾਸਸ ਨਾਂਅ ਦਾ ਐਪ ਇਜ਼ਰਾਈਲ ਤੋਂ ਖਰੀਦ ਕੇ ਪੱਤਰਕਾਰਾਂ, ਸਿਆਸਤਦਾਨਾਂ,ਗਰਮ ਖਿਆਲੀਆਂ ਵਿਰੋਧੀ ਧਿਰਾਂ, ਖੱਬੇ ਪੱਖੀਆਂ ਦੇ ਫੋਨਾਂ 'ਚ ਪਾਉਣ ਦੀ ਕੋਸ਼ਿਸ਼ ਕੀਤੀ ਸੀ।

ਅਸਲ ਗੱਲ ਸਾਈਬਰ ਸੁਰੱਖਿਆ ਦੀ ਹੈ ਹੀ ਨਹੀਂ। ਸਿਆਸਤਦਾਨ ਜਿੰਨੇ ਵੱਡੇ ਹੁੰਦੇ ਜਾਂਦੇ ਹਨ, ਓਨਾ ਹੀ ਉਹ ਆਪਣੇ ਆਪ ਨੂੰ ਅਣਸੁਰੱਖਿਅਤ ਮਹਿਸੂਸ ਕਰਨ ਲੱਗਦੇ ਹਨ, ਜਿਵੇਂ ਕਿ ਅੱਜ ਨਰੇਂਦਰ ਮੋਦੀ ਕਰ ਰਹੇ ਹਨ। ਸੱਚ ਇਹ ਹੈ ਕਿ ਜੇਕਰ ਕੋਈ ਪੱਤਰਕਾਰ ਉਹਨਾਂ ਦੇ ਵਿਰੁੱਧ ਬੋਲਦਾ ਹੈ, ਤਾਂ ਸਰਕਾਰ ਕਾਰਵਾਈ ਕਰਨ ਤੋਂ ਦਰੇਗ ਨਹੀਂ ਕਰਦੀ। ਉਹਨਾਂ ਵੱਲੋਂ ਤਿਆਰ ਕੀਤੇ ਪੋਡਕਾਸਟ 'ਤੇ ਵਿਚਾਰਾਂ 'ਤੇ ਰੋਕ ਲਗਾਉਣ ਲਈ ਉਹ ਕਿਸੇ ਨਾ ਕਿਸੇ ਢੰਗ ਨਾਲ ਬੰਦ ਕਰ ਦਿੱਤਾ ਜਾਂਦਾ ਹੈ।

ਸਰਕਾਰ ਵੱਲੋਂ ਸੰਸਦ ਵਿੱਚ ਵਿਚਾਰ ਪ੍ਰਗਟ ਨਾ ਕਰਨ ਦੇਣ ਨਾਲ ਸਿਆਸਤਦਾਨ ਦੇ ਵਿਚਾਰਾਂ ਦਾ ਦਰਵਾਜ਼ਾ ਬੰਦ। ਸੰਚਾਰ ਸਾਥੀ ਲਾਗੂ ਕਰਨ ਨਾਲ ਲੋਕਾਂ ਦੀ ਜਾਸੂਸੀ ਉਪਰੰਤ, ਲੋਕਾਂ ਦੀਆਂ ਵਿਚਾਰਾਂ ਦੀਆਂ ਖਿੜਕੀਆਂ ਬੰਦ! ਫਿਰ ਕਿੱਥੇ ਜਾਵੇਗਾ ਲੋਕਤੰਤਰ? ਫਿਰ ਕਿੱਥੇ ਜਾਵੇਗਾ ਵੋਟਤੰਤਰ? ਫਿਰ ਕਿੱਥੇ ਰਹਿ ਜਾਵੇਗੀ ਅਜ਼ਾਦੀ? ਫਿਰ ਕਿੱਥੇ ਰਹਿ ਜਾਵੇਗਾ ਸੰਵਿਧਾਨ, ਜੋ ਬੋਲਣ, ਚਲਣ, ਰਹਿਣ-ਸਹਿਣ ਅਤੇ ਹਰ ਬੋਲੀ-ਸੱਭਿਆਚਾਰ ਨੂੰ ਪਲਪਣ ਦੀ ਅਜ਼ਾਦੀ ਦਿੰਦਾ ਹੈ?

ਲੋਕਾਂ ਵਿੱਚ ਅਤੇ ਵਿਸ਼ਵ ਦੇ ਲੋਕਾਂ ਵਿੱਚ ਨਰੇਂਦਰ ਮੋਦੀ ਦਾ ਅਕਸ ਲੋਕਤੰਤਰਿਕ ਨੇਤਾ ਦਾ ਨਹੀਂ, ਸਗੋਂ ਤਾਨਾਸ਼ਾਹੀ ਫ਼ਿਤਰਤ ਵਾਲੇ ਨੇਤਾ ਦਾ ਬਣ ਰਿਹਾ ਹੈ। ਜਦੋਂ ਹਰ ਹੀਲੇ ਸਦਨ ਦੇ ਅੰਦਰ ਅਤੇ ਬਾਹਰ-ਵਿਚਾਰਾਂ ਦੀਆਂ ਗਲੀਆਂ-ਦਰਵਾਜ਼ੇ ਬੰਦ ਕਰਨ ਵੱਲ ਕਦਮ ਵੱਧਦੇ ਹਨ, ਤਾਂ ਮੋਦੀ ਦੀ ਅਗਵਾਈ ਵਾਲੀ ਸਰਕਾਰ ਨਾ ਤਾਂ ਕੋਈ ਬਹਿਸ ਚਾਹੁੰਦੀ ਹੈ, ਨਾ ਖੁੱਲ੍ਹੇਆਮ ਵਿਚਾਰਾਂ ਦਾ ਬੁੱਲਾ । ਉਹ ਕਿਸੇ ਚਰਚਾ 'ਚ ਵੀ ਨਹੀਂ ਪੈਣਾ ਚਾਹੁੰਦੀ। ਉਹ ਕਿਸੇ ਚਰਚਾ 'ਚ ਸ਼ਾਮਲ ਹੋਣ ਦੇ ਵੀ ਸਖ਼ਤ ਖਿਲਾਫ਼ ਹੈ।

ਮੋਦੀ ਦੀ ਸਰਕਾਰ 'ਚ ਵਿਚਾਰਾਂ ਦੇ ਖੁੱਲ੍ਹੇਪਨ ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ, ਕਿਉਂਕਿ ਮੋਦੀ ਸਰਕਾਰ ਲਗਾਤਾਰ ਅੜੀਅਲ ਵਤੀਰੇ ਲਈ ਜਾਣੀ ਜਾਣ ਲੱਗੀ ਹੈ, ਪਰ ਜਦੋਂ ਉਸ ਨੂੰ ਲੋਕ-ਕ੍ਰਾਂਤੀ ਦਾ ਡਰ ਸਤਾਉਂਦਾ ਹੈ, ਤਾਂ ਉਹ ਡਰਪੋਕ ਬਣੀ ਆਤਮ-ਵਿਸ਼ਵਾਸ ਤੋਂ ਊਣੀ, ਆਪਣੇ ਫ਼ੈਸਲਿਆਂ ਤੋਂ ਯੂ-ਟਰਨ ਲੈਣ ਤੋਂ ਵੀ ਸ਼ਰਮਿੰਦੀ ਨਹੀਂ ਹੁੰਦੀ। ਜਿਵੇਂ ਉਸ ਨੇ ਹੁਣ ਸੰਚਾਰ ਸਾਥੀ ਸਮੇਂ ਅਤੇ ਪਹਿਲਾਂ 2021 'ਚ ਖੇਤੀ ਦੇ ਕਾਲੇ ਕਾਨੂੰਨਾਂ ਨੂੰ 2015 'ਚ ਵਿਵਾਦਿਤ ਭੂਮੀ ਕਾਨੂੰਨ ਨੂੰ ਅਤੇ ਬ੍ਰਾਡਕਾਸਟਿੰਗ ਬਿੱਲ ਡਰਾਫਟ ਦਾ ਤਿੱਖਾ ਵਿਰੋਧ ਹੋਣ 'ਤੇ ਵਾਪਸ ਲੈਣ ਸਮੇਂ ਰਤਾ ਭਰ ਸ਼ਰਮਿੰਦਗੀ ਮਹਿਸੂਸ ਨਹੀਂ ਕੀਤੀ।

**# ਸੰਪਰਕ : 98158-02070**

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਖੇਤਾਂ ਦਾ ਸੰਤ-ਸਾਧੂ ਸਿੰਘ

ਜਸਪਾਲ ਮਾਨਖੇੜਾ

ਗਰਮੀ ਦੀ ਕੋਈ ਢਲਦੀ ਸ਼ਾਮ ਸੀ। ਅਸੀਂ ਸ਼ਹਿਰ ਦੇ ਨਿੱਤਨੇਮ ਤੋਂ ਅੱਕੇ ਆਪਣੇ ਦੋਸਤ ਭੋਲੇ ਕੀ ਮੋਟਰ 'ਤੇ ਸ਼ਾਮ ਸੁਨਹਿਰੀ ਕਰਨ ਗਏ ਸਾਂ । ਤਪਦੀ ਗਰਮੀ ਵਿੱਚ ਭਾਰੇ ਬੋਹੜ ਦੀ ਛਾਂ, ਟਿਊਬਵੈੱਲ 'ਚੋਂ ਨਿਕਲਦੇ ਨਿਰਮਲ-ਸਵੱਛ-ਠੰਢੇ ਪਾਣੀ ਨੇ ਮੋਟਰ ਦਾ ਆਲ਼ਾ-ਦੁਆਲਾ ਸ਼ਿਮਲਾ ਬਣਾ ਰੱਖਿਆ ਸੀ। ਅਸੀਂ ਜਾ ਕੇ ਰੁਕੇ ਹੀ ਸਾਂ ਕਿ ਝੋਨੇ ਦੇ ਨੱਕੇ ਮੋੜਦਾ ਸੱਤਰ ਪਚੱਤਰ ਨੂੰ ਢੁੱਕਿਆ ਬਜ਼ੁਰਗ ਸਾਡੇ ਵੱਲ ਨੂੰ ਤੁਰ ਪਿਆ।ਨੰਗਾ ਬਦਨ, ਤੇੜ ਸਿਰਫ਼ ਡੋਕਲ਼ ਨਿੱਕਰ, ਮੋਢੇ 'ਤੇ ਕਹੀ ਧਰੀ ਉਹ ਸਾਡੇ ਵੱਲ ਆ ਰਿਹਾ ਸੀ । ਪਤਲਾ ਸਰੀਰ, ਧੁੱਪਾਂ ਨਾਲ ਤਾਂਬਾ ਹੋਇਆ ਰੰਗ, ਘਸ-ਘਸ ਕੇ ਛੋਟੀ ਹੋਈ ਚੱਪਾ ਕੁ ਦਾਹੜੀ, ਖਿੰਡੀਆਂ ਜਟੂਰੀਆਂ... ਕਦਮਾਂ ਵਿੱਚ ਬਰਕਤ ।ਇਹ ਭੋਲੇ ਦਾ ਬਾਪ ਸੀ...ਸ. ਸਾਧੂ ਸਿੰਘ।

ਸਾਧੂ ਸਿੰਘ ਨਰੂਆਣੇ ਪਿੰਡ ਦਾ ਜੱਦੀ-ਪੁਸ਼ਤੀ ਨੰਬਰਦਾਰ ਸੀ।ਅਠੱਤਰ ਤੋਂ ਤਰੰਨਵੇਂ ਤੱਕ ਲਗਾਤਾਰ ਪੰਦਰਾਂ ਸਾਲ ਪਿੰਡ ਦਾ ਸਰਪੰਚ ਰਿਹਾ ਸੀ। ਸਰਪੰਚ ਵੀ ਉਨ੍ਹਾਂ ਕਾਲ਼ੇ ਦਿਨਾਂ ਵਿੱਚ ਜਦੋਂ ਪੰਜਾਬ ਅੰਦਰ ਦੋਧਾਰੀ ਤਲਵਾਰ ਅੱਗੋਂ-ਪਿੱਛੋਂ ਖਾਂਦੀ ਸੀ।ਧਰਮ ਅਤੇ ਕਾਨੂੰਨ ਦੇ ਰਾਖੇ ਲੋਕਾਂ ਦਾ ਵਢਾਂਗਾ ਕਰ ਰਹੇ ਸਨ। ਉਨ੍ਹਾਂ ਦਿਨਾਂ ਵਿੱਚ ਸਾਧੂ ਸਿੰਘ ਨੇ ਧੜੱਲੇ ਨਾਲ ਸਰਪੰਚੀ ਕੀਤੀ।

ਸਾਧੂ ਸਿੰਘ ਦਾ ਜਨਮ ਅੰਦਾਜ਼ਨ ਉੱਨੀ ਸੌ ਅਠੱਤੀ-ਉਨਤਾਲੀ 'ਚ ਪਿਤਾ ਰੂਪ ਸਿੰਘ ਅਤੇ ਮਾਤਾ ਰਾਜ ਕੌਰ ਦੇ ਘਰ ਹੋਇਆ। ਤਿੰਨ ਭੈਣਾਂ ਅਤੇ ਦੋ ਭਰਾ ਧਰਮ ਸਿੰਘ ਅਤੇ ਕੌਰ ਸਿੰਘ ਸਨ।ਉਹ ਆਪਣੇ ਲੜਕਪਣ ਦੀ ਉਮਰ ਵਿੱਚ ਹੀ ਖੇਤੀ ਦੇ ਕੰਮਾਂ ਵਿੱਚ ਜੁਟ ਗਿਆ। ਪਲੇਠੀ ਦੇ ਪੁੱਤ ਸਿਰ ਖੇਤੀ ਦਾ ਭਾਰ ਪਾ ਕੇ ਬਾਪੂ ਰੂਪ ਸਿੰਘ ਨੰਬਰਦਾਰੀ 'ਤੇ ਹੋ ਗਿਆ। ਸਾਧੂ ਸਿੰਘ ਨੇ ਛੋਟੇ ਭਰਾਵਾਂ ਧਰਮੇ ਅਤੇ ਕੌਰੇ ਨੂੰ ਹਾਲ਼ੀ ਕੱਢਿਆ ਅਤੇ ਸੁਚੱਜੇ ਵਾਹੀਵਾਨ ਬਣਾਇਆ। ਤਿੰਨਾਂ ਭਰਾਵਾਂ ਨੇ ਵਾਹੀ ਨੂੰ ਖੱਬੀਖਾਨ ਵਾਹੀ ਬਣਾ ਲਿਆ।



ਸਾਧੂ ਸਿੰਘ ਦਾ ਵਿਆਹ ਛੋਟੀ ਉਮਰੇ ਹੀ ਤੇਜ਼ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਤਿੰਨ ਪੁੱਤਰ ਭੋਲਾ, ਰਾਜਾ, ਭਗਵਾਨ ਪੈਦਾ ਹੋਏ।ਦੋ ਧੀਆਂ ਹੋਈਆਂ, ਜੋ ਰੱਲੇ ਅਤੇ ਢਾਬਾਂ (ਰਾਜਸਥਾਨ) ਵਿਆਹੀਆਂ ਹੋਈਆਂ ਹਨ। ਨੰਬਰਦਾਰੀ ਤਾਂ ਸਾਧੂ ਸਿੰਘ ਨੂੰ ਵਿਰਾਸਤੀ ਮਿਲ ਗਈ, ਸਰਪੰਚ ਉਹ ਚੋਣਾਂ ਜਿੱਤ ਕੇ ਬਣਿਆ। ਪਹਿਲਾਂ ਬਹੱਤਰ ਤੋਂ ਸਤੱਤਰ ਤੱਕ ਧੜੱਲੇਦਾਰ ਪੰਚਾਇਤ ਮੈਂਬਰ ਰਿਹਾ। ਫਿਰ ਅਠੱਤਰ ਤੋਂ ਤਰੰਨਵੇਂ ਤੱਕ ਪੰਦਰਾਂ ਸਾਲ ਸਰਪੰਚੀ ਕੀਤੀ। ਉਹ ਜਵਾਨੀ ਦੇ ਦਿਨਾਂ ਵਿੱਚ ਹੀ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ ਸੀ । ਕਾ. ਜਗਿੰਦਰ ਸਿੰਘ ਭਸੀਨ, ਕਾ. ਮੱਖਣ ਸਿੰਘ, ਕਾ. ਹਰਦੇਵ ਅਰਸ਼ੀ, ਕਾ. ਜਗਜੀਤ ਜੋਗਾ ਦਾ ਨੇੜਲਾ ਸਾਥੀ ਸੀ ਸਾਧੂ ਸਿਓਂ...। ਉਹ ਪਾਰਟੀ ਦੇ ਜਲਸਿਆਂ, ਮੁਜ਼ਾਹਰਿਆਂ, ਧਰਨਿਆਂ ਅਤੇ ਹਰ ਚੋਣ ਦਾ ਗਾਡੀਵਾਨ ਹੁੰਦਾ ਸੀ।

ਸਰਪੰਚ ਬਣ ਕੇ ਸਾਧੂ ਸਿੰਘ ਨੇ ਜਿੱਥੇ ਪਿੰਡ ਦੇ ਸਾਂਝੇ ਅਤੇ ਵਿਕਾਸ ਦੇ ਕੰਮ ਕੀਤੇ, ਉਥੇ ਪੁਲਸੀ ਜਬਰ ਅਤੇ ਅੱਤਵਾਦੀ ਕਾਰਵਾਈਆਂ ਦੇ ਖ਼ਿਲਾਫ਼ ਵੀ ਡਟ ਕੇ ਖੜ੍ਹਿਆ।ਨਰੂਆਣੇ ਪਿੰਡ ਦੇ ਕਿਸੇ ਨਾ ਕਿਸੇ ਵਾਸੀ 'ਤੇ ਬਿਪਤਾ ਪਈ ਈ ਰਹਿੰਦੀ ਸੀ। ਕਦੇ ਅਸਾਲਟਾਂ ਵਰ੍ਹ ਜਾਂਦੀਆਂ, ਕਦੇ ਵਰ੍ਹਦੀਆਂ ਆ ਧਮਕਦੀਆਂ। ਬਿਪਤਾ ਮਾਰੇ ਬੰਦੇ ਸਾਧੂ ਸਿੰਘ ਦਾ ਦਰ ਆ ਖੜਕਾਉਂਦੇ। ਸਾਧੂ ਸਿੰਘ ਦੀ ਸੰਤਤਾਈ ਦੀਨ-ਦੁਖੀਆਂ ਦਾ ਆਸਰਾ ਬਣਦੀ । ਸਾਧੂ ਸਰਪੰਚ ਪੁਲਸ ਅੱਗੇ ਅੜ ਜਾਂਦਾ ਤੇ ਧਰਮੀਆਂ ਅੱਗੇ ਤਣ ਜਾਂਦਾ ।

ਪੰਜਾਬ ਦੇ ਕਾਲੇ ਸਮਿਆਂ ਵਿੱਚ ਬਠਿੰਡੇ ਲਾਗਲੇ ਤਿੰਨ ਪਿੰਡਾਂ ਦੇ ਕਾਮਰੇਡ ਸਰਪੰਚ ਪੁਲਸ ਅਤੇ ਅੱਤਵਾਦੀਆਂ ਅੱਗੇ ਲੋਕਾਂ ਦੀ ਢਾਲ ਬਣਦੇ ਸਨ।ਗੁਲਾਬਗੜ੍ਹ ਦਾ ਸਰਪੰਚ ਕਰਮ ਸਿੰਘ, ਦਿਓਣ ਦਾ ਸਰਪੰਚ ਸਾਧੂ ਸਿੰਘ ਅਤੇ ਨਰੂਆਣੇ ਦਾ ਸਰਪੰਚ ਸਾਧੂ ਸਿੰਘ ਲੋਕਾਂ ਦੇ ਮਸੀਹੇ ਵਜੋਂ ਮਸ਼ਹੂਰ ਸਨ।

ਉਨ੍ਹਾਂ ਮਾੜੇ ਦਿਨਾਂ ਵਿੱਚ ਨਰੂਆਣੇ ਪਿੰਡ ਵਿੱਚ ਦਿਨ-ਦਿਹਾੜੇ ਇੱਕ ਪਟਵਾਰੀ ਮਾਰ ਦਿੱਤਾ। ਤਫਤੀਸ਼ 'ਤੇ ਆਇਆ ਹੰਕਾਰਿਆ ਐੱਸ.ਪੀ. ਰੋਹਬ ਝਾੜਨ ਲੱਗਾ...।..ਸਰਪੰਚਾ ਧਾਡੇ ਸਾਮ੍ਹਣੇ ਬੰਦਾ ਮਾਰ ਗਏ, ਤੁਹੀਂ ਦਰਸ਼ਕ ਬਣੇ ਰਹੇ।

ਖਾਲੀ ਹੱਥ ਅਸੀਂ ਕੀ ਕਰਦੇ... ਸਾਡੀਆਂ ਬੰਦੂਕਾਂ ਤਾਂ ਤੂੰ ਦੋ ਦਿਨ ਪਹਿਲਾਂ ਠਾਣੇ ਜਮ੍ਹਾ ਕਰਾ ਲਈਆਂ। ਸਰਪੰਚ ਦੀ ਖਰੀ ਸੁਣ ਕੇ ਐੱਸ ਪੀ ਭਿੱਜੀ ਬਿੱਲੀ ਬਣ ਗਿਆ।ਪਿੰਡ ਦੇ ਭਗੌੜੇ ਹੋਏ ਇੱਕ ਮੁੰਡੇ ਦੀ ਮਾਂ ਨੂੰ ਜਦੋਂ ਪੁਲਸ ਫੜ ਕੇ ਲਿਜਾਣ ਲੱਗੀ ਤਾਂ ਸਾਧੂ ਸਿੰਘ ਦੀ ਸੰਤਤਾਈ ਤਣ ਗਈ।

...ਏਹਦਾ ਤੀਮੀਂ ਮਾਨੀ ਦਾ ਕੀ ਕਸੂਰ ਐ।ਉਹ ਜਿੱਥੇ ਮਿਲਦੈ ਗੋਲ਼ੀ ਮਾਰ ਦਿਓ। ਜ਼ਨਾਨੀਆਂ ਨ੍ਹੀਂ ਮੈਂ ਠਾਣੇ ਲਿਜਾਣ ਦਿੰਦਾ।

ਖਾੜਕੂ ਸਫਾ ਵਿੱਚ ਵੀ ਕਹਿੰਦੇ ਸਨ। ...ਸਾਧੂ ਸਰਪੰਚ ਤੋਂ ਪਰ੍ਹੇ ਰਹੋ ਯਾਰ...ਉਹ ਤਾਂ ਪੁਲਸ ਅੱਗੇ ਅੜ ਜਾਂਦੈ, ਕੀ ਪਤਾ ਆਪਣੇ ਨਾਲ ਉਲ਼ਝ ਜੇ।

ਪਿੰਡ ਦੀਆਂ ਧੀਆਂ-ਭੈਣਾਂ ਦੇ ਸਹੁਰਿਆਂ ਨਾਲ ਝਗੜਿਆਂ ਸਮੇਂ ਉਹ ਖਰੀ ਅਤੇ ਕੌੜੀ ਗੱਲ ਮੂੰਹ 'ਤੇ ਆਖ ਦਿੰਦਾ। ਮਾਨਸਾ ਨੇੜਲੇ ਪਿੰਡ ਵਿਆਹੀ ਇੱਕ ਕੁੜੀ ਦੇ ਪੁਲਸੀਏ ਪਤੀ ਨੇ ਦੂਜਾ ਵਿਆਹ ਕਰਾ ਲਿਆ।ਹੰਕਾਰੇ ਪੁਲਸੀਏ ਦਾ ਹੰਕਾਰ ਤੋੜ ਕੇ ਕੁੜੀ ਨੂੰ ਜ਼ਮੀਨ 'ਚੋਂ ਬਰਾਬਰ ਹਿੱਸਾ ਦੁਆਇਆ ।

ਬਠਿੰਡੇ ਸ਼ਹਿਰ ਦੇ ਇੱਕ ਮੰਤਰੀ ਨੇ ਪਿੰਡ ਦੇ ਕੁਝ ਲੋਕਾਂ ਦੇ ਪਿੱਛੇ ਲੱਗ, ਵਾਟਰ ਵਰਕਸ ਬਣਨ ਵਾਲ਼ੀ ਥਾਂ 'ਤੇ ਸ਼ਮਸ਼ਾਨ ਘਾਟ ਕਟਾ ਦਿੱਤਾ। ਸਾਧੂ ਸਿੰਘ ਨੇ ਉਹ ਫੈਸਲਾ ਰੱਦ ਕਰਾਇਆ, ਉਸੇ ਥਾਂ ਵਾਟਰ ਵਰਕਸ ਬਣਾ ਕੇ ਮੰਤਰੀ ਦਾ ਗਰੂਰ ਤੋੜਿਆ ।ਸਾਂਝੇ ਅਤੇ ਪਿੰਡ ਭਲਾਈ ਦੇ ਕੰਮ ਕਰਦਿਆਂ ਉਸ ਨੂੰ ਚਾਅ ਚੜ੍ਹ ਜਾਂਦਾ । ਗੁਰੂ ਘਰ ਵਿੱਚ ਪੁਰਾਣੀ ਖੂਹੀ ਪੂਰ ਕੇ ਗੁਰੂ ਘਰ ਲਈ ਦਸ ਕਨਾਲਾਂ ਜ਼ਮੀਨ ਕਢਾ ਕੇ ਸਾਹ ਲਿਆ ਸੀ।

ਲੋਕ ਭਲਾਈ ਦੇ ਕੰਮ ਕਰਦਿਆਂ ਸਾਧੂ ਸਿੰਘ ਵਿੱਚ ਸਵੈਮਾਣ, ਖੁਦਦਾਰੀ, ਗਰੂਰ ਅਤੇ ਗੌਰਵ ਆ ਗਿਆ ਸੀ। ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ, ਉਹ ਖਰੀ ਅਤੇ ਕੌੜੀ ਗੱਲ ਵੱਡੇ ਤੋਂ ਵੱਡੇ ਬੰਦੇ ਦੇ ਮੂੰਹ 'ਤੇ ਆਖ ਦਿੰਦਾ ਸੀ।ਉਹ ਤਾਂ ਆਵਦੇ ਘਰਦਿਆਂ ਨੂੰ ਵੀ ਨਹੀਂ ਬਖਸ਼ਦਾ ਸੀ।ਆਪਣੇ ਤਿੰਨੇ ਪੁੱਤ ਅਤੇ ਦੋਵੇਂ ਧੀਆਂ ਵਿਆਹ ਕੇ ਉਹ ਨਿਫਰਫੰਡ ਸੀ। ਆਪਣੇ ਨੱਬੇ ਮਾਡਲ ਸਕੂਟਰ ਤੇ ਉਹ ਲੋਕਾਂ ਦੇ ਕੰਮਾਂ ਵਿੱਚ ਭੱਜਿਆ ਫਿਰਦਾ, ਓਨੇ ਜੋਸ਼ ਨਾਲ ਹੀ ਖੇਤ ਡਟਿਆ ਰਹਿੰਦਾ । ਉਮਰ ਦੇ ਆਖਰੀ ਪੜਾਅ 'ਤੇ ਭਾਵੇਂ ਉਹ ਸਰੀਰੋਂ ਕਮਜ਼ੋਰ ਹੋ ਮੰਜੇ 'ਤੇ ਡਿੱਗ ਪਿਆ ਸੀ, ਪਰ ਆਖਰੀ ਸਾਹ ਤੱਕ ਗੜ੍ਹਕਾ ਕਾਇਮ ਰਿਹਾ ।ਉਹ ਆਪ ਨਹਾਉਣ, ਖਾਣ, ਕੱਪੜੇ ਪਾਉਣ ਦੀ ਜ਼ਿੱਦ ਕਰਦਾ ।ਅੰਤ 6 ਦਸੰਬਰ ਨੂੰ ਪੂਰਾ ਹੋ ਗਿਆ।

ਉਸ ਦੀ ਯਾਦ ਵਿੱਚ ਰੱਖੇ ਆਖੰਡ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ 10 ਦਸੰਬਰ ਨੂੰ ਸੰਯੋਗਸਰ ਗੁਰਦੁਆਰੇ ਨਰੂਆਣਾ ਵਿਖੇ ਹੋਵੇਗਾ।

**# ਸੰਪਰਕ : 97800-42156**

## ਮਨੁੱਖੀ ਅਧਿਕਾਰ ਦਿਵਸ 'ਤੇ ਵਿਸ਼ੇਸ਼

# ਮਨੁੱਖੀ ਅਧਿਕਾਰਾਂ ਪ੍ਰਤੀ ਸਰਕਾਰਾਂ ਗੰਭੀਰਤਾ ਨਾਲ ਸੋਚਣ

ਕੁਲਦੀਪ ਚੰਦ ਦੋਭੇਟਾ

ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਕੀਤੀ। ਇਸ ਸਬੰਧੀ 04 ਦਸੰਬਰ 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸ ਤੋਂ ਬਾਅਦ ਹਰ ਸਾਲ 10 ਦਸੰਬਰ ਦਾ ਦਿਨ ਮਨੁੱਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਸੰਬੰਧੀ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ 'ਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਮਨੁੱਖੀ ਅਧਿਕਾਰਾਂ ਦਾ ਵਿਸ਼ਵਵਿਆਪੀ ਘੋਸ਼ਣਾ ਪੱਤਰ ਬੁਨਿਆਦੀ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨਿਰਧਾਰਤ ਕਰਦਾ ਹੈ, ਜਿਸ ਦੇ ਅਸੀਂ ਸਾਰੇ ਹੱਕਦਾਰ ਹਾਂ। ਇਹ ਕੌਮੀਅਤ, ਨਿਵਾਸ ਸਥਾਨ, ਲਿੰਗ, ਰਾਸ਼ਟਰੀ ਜਾਂ ਨਸਲੀ ਮੂਲ, ਧਰਮ, ਭਾਸ਼ਾ ਜਾਂ ਕਿਸੇ ਹੋਰ ਸਥਿਤੀ ਦੇ ਅਧਾਰ 'ਤੇ ਭੇਦਭਾਵ ਕੀਤੇ ਬਿਨਾਂ ਹਰ ਵਿਅਕਤੀ ਦੇ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ। ਘੋਸ਼ਣਾ ਪੱਤਰ ਵਿੱਚ ਨਿਰਧਾਰਿਤ ਬੁਨਿਆਦੀ ਮਨੁੱਖੀ ਅਧਿਕਾਰਾਂ ਤੇ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ਾਂ ਦੀ ਆਮ ਸਹਿਮਤੀ ਇਸ ਨੂੰ ਹੋਰ ਵੀ ਮਜ਼ਬੂਤ ਬਣਾਉਂਦੀ ਹੈ ਅਤੇ ਸਾਡੇ ਰੋਜ਼ਾਨਾ ਜੀਵਨ ਵਿੱਚ ਮਨੁੱਖੀ ਅਧਿਕਾਰਾਂ ਦੀ ਸਾਰਥਕਤਾ 'ਤੇ ਜ਼ੋਰ ਦਿੰਦੀ ਹੈ। ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ, ਸੰਯੁਕਤ ਰਾਸ਼ਟਰ ਅਧਿਕਾਰਾਂ ਦੇ ਮੁੱਖ ਅਧਿਕਾਰੀ ਵਜੋਂ ਅਤੇ ਹਾਈ ਕਮਿਸ਼ਨਰ ਦਾ ਦਫ਼ਤਰ ਮਨੁੱਖੀ ਅਧਿਕਾਰ ਦਿਵਸ ਦੇ ਸਾਲਾਨਾ ਆਯੋਜਨ ਲਈ ਯਤਨਾਂ ਦਾ ਤਾਲਮੇਲ ਕਰਨ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ।

ਇਸ ਸਾਲ ਮਨੁੱਖੀ ਅਧਿਕਾਰ ਦਿਵਸ ਦਾ ਥੀਮ 'ਮਨੁੱਖੀ ਅਧਿਕਾਰ: ਸਾਡੇ ਰੋਜ਼ਾਨਾ ਜ਼ਰੂਰੀ' ਹੈ। ਇਹਨਾਂ ਜ਼ਰੂਰੀ ਚੀਜ਼ਾਂ ਵਿੱਚ ਜੀਵਨ ਦੇ ਢੁਕਵੇਂ ਮਿਆਰ ਦਾ ਅਧਿਕਾਰ, ਜੋ ਭੋਜਨ, ਬੁਨਿਆਦੀ ਜ਼ਰੂਰਤਾਂ ਅਤੇ ਇੱਕ ਸਿਹਤਮੰਦ ਵਾਤਾਵਰਣ ਦੀ ਗਰੰਟੀ ਦਿੰਦਾ ਹੈ, ਰਾਏ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ, ਜੋ ਜਾਣਕਾਰੀ ਤੱਕ ਪਹੁੰਚ ਨੂੰ ਯਕੀਨੀ ਬਣਾਉਂਦਾ ਹੈ, ਸਿੱਖਿਆ ਦਾ ਅਧਿਕਾਰ ਜੋ ਸਮਝ ਅਤੇ ਸੂਚਿਤ ਫੈਸਲਿਆਂ ਨੂੰ ਸਮਰੱਥ ਬਣਾਉਂਦਾ ਹੈ ਅਤੇ ਆਰਾਮ ਅਤੇ ਵਿਹਲੇਪਣ ਦਾ ਅਧਿਕਾਰ, ਜੋ ਤੰਦਰੁਸਤੀ ਅਤੇ ਦੂਜਿਆਂ ਨਾਲ ਜੁੜਨ ਲਈ ਸਮਾਂ ਦਿੰਦਾ ਹੈ, ਸ਼ਾਮਲ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਮੁਖੀ ਵੋਲਕਰ ਤੁਰਕ ਨੇ 10 ਦਸੰਬਰ ਨੂੰ ਮਨਾਏ ਜਾਣ ਵਾਲੇ ਮਨੁੱਖੀ ਅਧਿਕਾਰ ਦਿਵਸ ਮੁਹਿੰਮ ਦੀ ਸ਼ੁਰੂਆਤ ਨੂੰ ਯਾਦ ਕਰਦੇ ਹੋਏ ਕਿਹਾ, 'ਮਨੁੱਖੀ ਅਧਿਕਾਰ ਮੁਸ਼ਕਲ ਸਮਿਆਂ ਵਿੱਚ ਸਾਡਾ ਕੰਪਾਸ ਹਨ, ਸਾਨੂੰ ਅਨਿਸ਼ਚਿਤਤਾ ਵਿੱਚੋਂ ਲੰਘਾਉਂਦੇ ਅਤੇ ਸਥਿਰ ਕਰਦੇ ਹਨ।'

ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਅਤੇ ਮੁਢਲੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਅਜ਼ਾਦੀ ਤੋਂ ਬਾਅਦ ਭਾਰਤੀ ਸੰਵਿਧਾਨ ਦੁਆਰਾ ਬਿਨਾਂ ਕਿਸੇ ਪੱਖਪਾਤ ਤੋਂ ਪ੍ਰਦਾਨ ਕੀਤੇ ਗਏ ਹਨ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਾਫ ਕਿਹਾ ਗਿਆ ਹੈ ਕਿ ਰਾਜ ਹਰ ਵਿਅਕਤੀ ਦੀ ਪਹਿਚਾਣ ਮਨੁੱਖ ਦੇ ਰੂਪ ਵਿੱਚ ਕਰੇਗਾ ਅਤੇ ਹਰੇਕ ਵਿਅਕਤੀ ਦੇ ਬਰਾਬਰ ਵਿਕਾਸ ਦੇ ਲਈ ਮੌਲਿਕ ਅਧਿਕਾਰਾਂ ਦੀ ਵਿਵਸਥਾ ਕਰਦਾ ਹੈ। ਜੇਕਰ ਕਿਸੇ ਵਿਅਕਤੀ ਦੇ ਮੌਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਉਹ ਕਨੂੰਨ ਦਾ ਸਹਾਰਾ ਲੈ ਸਕਦਾ ਹੈ। ਵੱਖ-ਵੱਖ ਰਾਜਾਂ ਦਾ ਇਹ ਕਰਤੱਵ ਨਿਰਧਾਰਤ ਕੀਤਾ ਗਿਆ ਹੈ ਕਿ ਉਹ ਹਰੇਕ ਨਾਗਰਿਕ ਦੇ ਲਈ ਬਰਾਬਰ ਨਿਆਂ ਦੀ ਵਿਵਸਥਾ ਕਰੇ, ਬਰਾਬਰ ਮੌਕੇ ਉਪਲਬੱਧ ਕਰਾਏ, ਬਾਲ ਮਜ਼ਦੂਰੀ 'ਤੇ ਰੋਕ ਲਗਾਏ, ਹਰੇਕ ਵਿਅਕਤੀ ਦੇ ਕੰਮ ਪ੍ਰਾਪਤ ਕਰਨ, ਸਿੱਖਿਆ ਪ੍ਰਾਪਤ ਕਰਨ ਅਤੇ ਬਿਮਾਰੀ ਜਾਂ ਕਿਸੇ ਹੋਰ ਅਸਮਰੱਥਤਾ ਦੀ ਸਥਿਤੀ ਵਿੱਚ ਸਰਵਜਨਕ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਲਈ ਉਸ ਦੇ ਅਧਿਕਾਰਾਂ ਨੂੰ ਸੁਨਿਸ਼ਚਿਤ ਕਰੇ। ਸੰਵਿਧਾਨ ਦੇ ਮੌਲਿਕ ਅਧਿਕਾਰਾਂ ਵਿੱਚ ਭਾਰਤੀ ਨਾਗਰਿਕਾਂ ਨੂੰ ਬਰਾਬਰਤਾ, ਸੁਤੰਤਰਤਾ, ਸ਼ੋਸ਼ਣ-ਵਿਰੁੱਧ, ਧਾਰਮਿਕ ਸੁਤੰਤਰਤਾ, ਸੰਸਕ੍ਰਿਤੀ ਅਤੇ ਸਿੱਖਿਆ ਅਤੇ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਪ੍ਰਦਾਨ ਕਰਦਾ ਹੈ, ਪ੍ਰੰਤੂ ਹਕੀਕਤ ਵਿੱਚ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦਾ ਅਨੰਦ ਸਿਰਫ ਕੁਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ। ਸੰਵਿਧਾਨ ਵਿੱਚ ਦਿੱਤੇ ਮੌਲਿਕ ਅਧਿਕਾਰਾਂ ਰਾਹੀਂ ਮਨੁੱਖੀ ਅਧਿਕਾਰ ਸੁਰੱਖਿਅਤ ਹਨ, ਜਿਸ ਵਿੱਚ ਸਮਾਨਤਾ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਸ਼ੋਸ਼ਣ ਵਿਰੁੱਧ ਅਧਿਕਾਰ, ਧਰਮ ਦੀ ਆਜ਼ਾਦੀ ਦਾ ਅਧਿਕਾਰ, ਸੱਭਿਆਚਾਰਕ ਅਤੇ ਵਿਦਿਅਕ ਅਧਿਕਾਰ, ਅਤੇ ਸੰਵਿਧਾਨਕ ਉਪਚਾਰਾਂ ਦਾ ਅਧਿਕਾਰ ਸ਼ਾਮਲ ਹਨ। ਇਹ ਅਧਿਕਾਰ ਰਾਜ ਦੁਆਰਾ ਸੰਵਿਧਾਨਕ ਅਤੇ ਕਾਨੂੰਨੀ ਸਾਧਨਾਂ ਰਾਹੀਂ ਜਾਇਜ਼ ਅਤੇ ਲਾਗੂ ਕੀਤੇ ਜਾਂਦੇ ਹਨ, ਜਿਸ ਵਿੱਚ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵਰਗੀਆਂ ਸੰਸਥਾਵਾਂ ਦੀ ਸਥਾਪਨਾ ਸ਼ਾਮਲ ਹੈ।

ਮੀਡੀਆ ਦੁਆਰਾ ਸਮੇਂ-ਸਮੇਂ 'ਤੇ ਸ਼ੋਸ਼ਣ ਦੀਆਂ ਕਈ ਘਟਨਾਵਾਂ, ਜਿਵੇਂ ਮਹਿਲਾਵਾਂ ਅਤੇ ਨਾਬਾਲਿਗ ਬੱਚੀਆਂ ਦੇ ਨਾਲ ਬਲਾਤਕਾਰ, ਬਾਲ ਮਜ਼ਦੂਰੀ, ਹਿਰਾਸਤ ਵਿੱਚ ਮੌਤਾਂ, ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ 'ਤੇ ਅੱਤਿਆਚਾਰ, ਸੁਰੱਖਿਆ ਬਲਾਂ ਦੁਆਰਾ ਗੈਰਜ਼ਰੂਰੀ ਦਖਲਅੰਦਾਜ਼ੀ ਆਦਿ ਬਾਰੇ ਦੱਸਿਆ ਜਾਂਦਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਅਕਸਰ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਭਾਰਤ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹਨ। ਲੋਕ-ਪੱਖੀ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਸਾਡੀਆਂ ਸਰਕਾਰਾਂ ਅਕਸਰ ਹੀ ਪਿੱਛੇ ਰਹਿੰਦੀਆਂ ਹਨ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਦੀ ਵਧ ਰਹੀ ਗਿਣਤੀ ਦੇ ਨਾਲ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੁਆਰਾ ਸਿਫ਼ਾਰਸ਼ ਕੀਤੀ ਮੁਆਵਜ਼ੇ ਦੀ ਕੁੱਲ ਰਕਮ ਵਿੱਚ ਕਮੀ ਵੀ ਚਿੰਤਾ ਦਾ ਕਾਰਨ ਹੈ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦਾ ਇੱਕ ਗੁੰਝਲਦਾਰ ਇਤਿਹਾਸ ਹੈ, ਜਿਸ ਵਿੱਚ ਮਹੱਤਵਪੂਰਨ ਇਤਿਹਾਸਕ ਕਾਨੂੰਨੀ ਫੈਸਲਿਆਂ ਦੇ ਨਾਲ-ਨਾਲ ਵੱਡੇ ਪੱਧਰ 'ਤੇ ਹਿੰਸਾ ਅਤੇ ਪ੍ਰਣਾਲੀਗਤ ਵਿਤਕਰੇ ਦੀਆਂ ਕਈ ਉਦਾਹਰਣਾਂ ਹਨ। ਕਈ ਉੱਚ-ਪ੍ਰੋਫਾਈਲ ਘਟਨਾਵਾਂ ਅਤੇ ਚੱਲ ਰਹੇ ਪ੍ਰਣਾਲੀਗਤ ਮੁੱਦੇ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਚੁਣੌਤੀਆਂ ਦੇ ਇਤਿਹਾਸ ਨੂੰ ਉਜਾਗਰ ਕਰਦੇ ਹਨ। ਭਾਰਤ ਵਿੱਚ ਪ੍ਰਣਾਲੀਗਤ ਜਾਤੀ ਵਿਤਕਰਾ ਜਾਰੀ ਹੈ, ਜਿਸ ਕਾਰਨ ਦਲਿਤਾਂ ਵਿਰੁੱਧ ਹਿੰਸਾ, ਵਿਤਕਰੇ ਅਤੇ ਅੱਤਿਆਚਾਰਾਂ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਧਾਰਮਿਕ ਅਤੇ ਜਾਤ ਅਧਾਰਿਤ ਹਿੰਸਾ ਨੇ ਭਾਰਤ ਦੇ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਨੂੰ ਵੱਡੇ ਪੱਧਰ ਤੇ ਪ੍ਰਭਾਵਤ ਕੀਤਾ ਹੈ। ਪੁਲਿਸ ਅਤੇ ਹਿਰਾਸਤੀ ਬੇਰਹਿਮੀ, ਤਸ਼ੱਦਦ, ਗੈਰ-ਨਿਆਂਇਕ ਕਤਲ, ਮਨਮਾਨੀ ਗ੍ਰਿਫ਼ਤਾਰੀਆਂ ਅਤੇ ਪੁਲਸ ਅਤੇ ਸੁਰੱਖਿਆ ਬਲਾਂ ਦੁਆਰਾ ਹਿਰਾਸਤੀ ਮੌਤਾਂ ਦੀ ਰਿਪੋਰਟ ਹਿਊਮਨ ਰਾਈਟਸ ਵਾਚ ਅਤੇ ਐਮਨੈਸਟੀ ਇੰਟਰਨੈਸ਼ਨਲ ਵਰਗੇ ਮਨੁੱਖੀ ਅਧਿਕਾਰ ਸੰਗਠਨਾਂ ਦੁਆਰਾ ਲਗਾਤਾਰ ਕੀਤੀ ਜਾਂਦੀ ਰਹੀ ਹੈ। ਜੰਮੂ ਅਤੇ ਕਸ਼ਮੀਰ ਅਤੇ ਉੱਤਰ-ਪੂਰਬੀ ਰਾਜਾਂ ਵਰਗੇ ਸੰਘਰਸ਼ਗ੍ਰਸਤ ਖੇਤਰਾਂ ਵਿੱਚ ਆਰਮਡ ਫੋਰਸਿਜ਼ ਵਿਸ਼ੇਸ਼ ਸ਼ਕਤੀਆਂ ਐਕਟ ਫੌਜ ਨੂੰ ਵਿਆਪਕ ਸ਼ਕਤੀਆਂ ਪ੍ਰਦਾਨ ਕਰਦਾ ਹੈ, ਜਿਸ ਬਾਰੇ ਮਨੁੱਖੀ ਅਧਿਕਾਰ ਸੰਸਥਾਵਾਂ ਦਾ ਤਰਕ ਹੈ ਕਿ ਇਹ ਤਸ਼ੱਦਦ, ਬਲਾਤਕਾਰ ਅਤੇ ਗੈਰ-ਨਿਆਂਇਕ ਕਤਲਾਂ ਵਰਗੇ ਦੁਰਵਿਹਾਰਾਂ ਨੂੰ ਸੌਖਾ ਬਣਾਉਂਦਾ ਹੈ, ਕਿਉਂਕਿ ਇਹ ਮੁਕੱਦਮੇ ਤੋਂ ਛੋਟ ਪ੍ਰਦਾਨ ਕਰਦਾ ਹੈ। ਔਰਤਾਂ ਵਿਰੁੱਧ ਹਿੰਸਾ ਵਿੱਚ ਦਾਜ ਮੌਤਾਂ, ਆਨਰ ਕਿਲਿੰਗ, ਲਿੰਗ ਅਧਾਰਿਤ ਗਰਭ ਸਮਾਪਤੀ, ਜਿਨਸੀ ਸ਼ੋਸ਼ਣ ਅਤੇ ਬਲਾਤਕਾਰ ਆਦਿ ਸ਼ਾਮਲ ਹਨ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਕੰਮਕਾਜ ਦੇ ਮੁੱਦੇ 'ਤੇ ਮਨੁੱਖੀ ਅਧਿਕਾਰਾਂ ਬਾਰੇ ਵਰਕਿੰਗ ਗਰੁੱਪ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਸਮੂਹ ਅਨੁਸਾਰ ਦੇਸ਼ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਅਜੇ ਵੀ ਚੁਣੌਤੀਪੂਰਨ ਹੈ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਮਜ਼ਬੂਤੀ ਨਾਲ ਕੰਮ ਨਹੀਂ ਕੀਤਾ। ਮਨੁੱਖੀ ਅਧਿਕਾਰਾਂ ਬਾਰੇ ਗੈਰ-ਸਰਕਾਰੀ ਸੰਗਠਨਾਂ 'ਤੇ ਸ਼ਿਕੰਜਾ ਕੱਸਣ ਲਈ ਵਿਦੇਸ਼ੀ ਯੋਗਦਾਨ ਕਾਨੂੰਨ ਦੀ ਦੁਰਵਰਤੋਂ ਕੀਤੀ ਗਈ ਹੈ। ਨਿਰਪੱਖ ਸੁਣਵਾਈ ਦੇ ਅਧਿਕਾਰ ਨੂੰ ਕਮਜ਼ੋਰ ਕੀਤਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਾਲੇ ਮਹੱਤਵਪੂਰਨ ਮਾਮਲਿਆਂ ਦੀ ਸੁਣਵਾਈ ਵਿੱਚ ਦੇਰੀ ਕੀਤੀ ਹੈ। ਦਲਿਤਾਂ ਅਤੇ ਆਦਿਵਾਸੀਆਂ ਵਿਰੁੱਧ ਜਾਤੀ ਅਧਾਰਤ ਵਿਤਕਰਾ ਅਤੇ ਹਿੰਸਾ ਬੇਰੋਕ ਜਾਰੀ ਹੈ। ਵਿਚਾਰਾਂ ਦੇ ਪ੍ਰਗਟਾਵੇ ਅਤੇ ਇਕੱਠ ਦੀ ਆਜ਼ਾਦੀ 'ਤੇ ਗੈਰਕਾਨੂੰਨੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਪਾਬੰਦੀਆਂ ਲਗਾਈਆਂ ਗਈਆਂ ਸਨ। ਬਾਹਰਲੇ ਪੱਤਰਕਾਰਾਂ, ਮੀਡੀਆ ਆਉਟਲੈਟਾਂ, ਅਦਾਕਾਰਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਵਿਆਪਕ ਵਿੱਤੀ ਕਾਨੂੰਨਾਂ ਦੀ ਦੁਰਵਰਤੋਂ ਦੁਆਰਾ ਧਮਕਾਇਆ ਗਿਆ ਹੈ।

ਇੰਟਰਨੈੱਟ ਸਹੂਲਤਾਂ ਨੂੰ ਵੀ ਕਈ ਵਾਰ ਬੰਦ ਰੱਖਿਆ ਹੈ। ਜੰਮੂ ਅਤੇ ਕਸ਼ਮੀਰ ਦੇ ਵਸਨੀਕਾਂ ਨੂੰ ਕਈ ਵਾਰ ਇੰਟਰਨੈੱਟ ਬੰਦ ਦਾ ਸਾਹਮਣਾ ਕਰਨਾ ਪਿਆ। ਇਸ ਕਾਰਨ ਆਰਥਿਕ ਨੁਕਸਾਨ ਹੋਇਆ ਅਤੇ ਸਿੱਖਿਆ ਅਤੇ ਹੋਰ ਸੇਵਾ ਪ੍ਰਬੰਧਾਂ 'ਤੇ ਬਹੁਤ ਅਸਰ ਪਿਆ ਹੈ। ਦਲਿਤਾਂ ਅਤੇ ਆਦਿਵਾਸੀਆਂ ਨੂੰ ਲਗਾਤਾਰ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਵਿਰੁੱਧ 50 ਹਜਾਰ ਤੋਂ ਵੱਧ ਅਪਰਾਧ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਰੁੱਧ 8 ਹਜ਼ਾਰ ਤੋਂ ਵੱਧ ਅਪਰਾਧ ਦਰਜ ਕੀਤੇ ਗਏ। ਏਸ਼ੀਅਨ ਸੈਂਟਰ ਫਾਰ ਹਿਊਮਨ ਰਾਇਟਸ ਅਨੁਸਾਰ ਭਾਰਤ ਵਿੱਚ ਹਰ ਰੋਜ਼ 4 ਵਿਅਕਤੀਆਂ ਦੀ ਪੁਲਸ ਹਿਰਾਸਤ ਵਿੱਚ ਮੌਤ ਹੁੰਦੀ ਹੈ। ਪ੍ਰਸ਼ਾਸ਼ਕੀ ਸੁਧਾਰ ਸੰਸਥਾ ਪੰਜਾਬ ਵੱਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਦੇ ਲੱਗਭੱਗ 50 ਫੀਸਦੀ ਪੁਲਸ ਅਧਿਕਾਰੀ ਕੈਦੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਪ੍ਰਤਾੜਿਤ ਕਰਦੇ ਹਨ। ਬੱਚਿਆਂ ਦੇ ਜਿਨਸੀ ਸ਼ੋਸਣ ਮਾਮਲੇ ਵਿੱਚ ਭਾਰਤ ਸਭ ਤੋਂ ਅੱਗੇ ਹੈ ਅਤੇ ਲੱਗਭੱਗ 23 ਫੀਸਦੀ ਬੱਚੇ ਜਿਨਸੀ ਸ਼ੋਸਣ ਦਾ ਸ਼ਿਕਾਰ ਹਨ। ਬਾਲ ਮਜਦੂਰੀ, ਬੰਧੂਆ ਮਜ਼ਦੂਰੀ ਅਤੇ ਜਬਰੀ ਮਜ਼ਦੂਰੀ ਦੇ ਮਾਮਲੇ ਵਿੱਚ ਵੀ ਭਾਰਤ ਅੱਗੇ ਹੈ। ਵਿਸ਼ਵ ਪੱਧਰ 'ਤੇ ਫੈਲੀ ਕੋਰੋਨਾ ਮਹਾਂਮਾਰੀ ਦੌਰਾਨ ਬਹੁਤੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਨਜਰ ਆਇਆ ਹੈ। ਪਿਛਲੇ ਸਮੇਂ ਦੌਰਾਨ ਹੋਏ ਵੱਖ-ਵੱਖ ਅੰਦੋਲਨਾਂ ਦੌਰਾਨ ਸਰਕਾਰਾਂ ਵੱਲੋਂ ਅੰਦੋਲਨਕਾਰੀਆਂ ਦੇ ਅਧਿਕਾਰਾਂ ਦਾ ਸ਼ਰੇਆਮ ਘਾਣ ਕੀਤਾ ਗਿਆ ਹੈ। 1993 ਵਿੱਚ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀ ਸਥਾਪਨਾ ਕੀਤੀ ਗਈ, ਤਾਂ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਸਖਤੀ ਨਾਲ ਨਜਿਠਿਆ ਜਾ ਸਕੇ। ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਵੀ ਮਨੁੱਖੀ ਅਧਿਕਾਰ ਆਯੋਗਾਂ ਦੀ ਸਥਾਪਨਾ ਕੀਤੀ ਗਈ ਹੈ, ਜੋ ਕਿ ਆਪਣੇ-ਆਪਣੇ ਅਧਿਕਾਰ ਖੇਤਰ ਵਾਲੇ ਰਾਜਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸੰਬੰਧੀ ਮਾਮਲਿਆਂ ਨੂੰ ਵੇਖਦੇ ਹਨ ਅਤੇ ਸਮੇਂ-ਸਮੇਂ 'ਤੇ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਨੂੰ ਇਸ ਸੰਬੰਧੀ ਜਰੂਰੀ ਹਦਾਇਤਾਂ ਵੀ ਜਾਰੀ ਕਰਦੇ ਹਨ। ਇਹ ਆਯੋਗ ਆਪ ਕਈ ਮੁਸ਼ਕਲਾਂ ਦਾ ਸ਼ਿਕਾਰ ਹੋ ਰਹੇ ਹਨ, ਜਿਵੇਂ ਕਿ ਕਈ ਵਾਰ ਸਰਕਾਰਾਂ ਨੇ ਇਨ੍ਹਾਂ ਆਯੋਗਾਂ ਦੀਆਂ ਸਿਫਾਰਸ਼ਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ, ਗੈਰ-ਜ਼ਰੂਰੀ ਰਾਜਨੀਤਕ ਦਖਲਅੰਦਾਜੀ, ਕਰਮਚਾਰੀਆਂ ਦੀ ਘਾਟ, ਫੰਡਾਂ ਦੀ ਘਾਟ ਆਦਿ ਮੁੱਖ ਸਮੱਸਿਆਵਾਂ ਹਨ। ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀਆਂ ਰਿਪੋਰਟਾਂ ਅਨੁਸਾਰ ਆਏ ਸਾਲ ਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਅਣਗਿਣਤ ਸ਼ਿਕਾਇਤਾਂ ਆਯੋਗ ਕੋਲ ਪਹੁੰਚ ਰਹੀਆਂ ਹਨ, ਜਿਨ੍ਹਾਂ ਵਿੱਚ ਵਿਅਕਤੀਆਂ ਦੀ ਗੁੰਮਸ਼ੁਦਗੀ, ਝੂਠੇ ਮਾਮਲਿਆਂ ਵਿੱਚ ਨਜਾਇਜ ਫਸਾਉਣ, ਪੁਲਿਸ ਹਿਰਾਸਤ ਵਿੱਚ ਕੁੱਟਮਾਰ, ਗੈਰ ਕਨੂੰਨੀ ਗ੍ਰਿਫਤਾਰੀ, ਫਰਜ਼ੀ ਮੁਠਭੇੜ, ਪੁਲਸ ਜ਼ਿਆਦਤੀਆਂ, ਮਹਿਲਾਵਾਂ ਦੀ ਬੇਇਜ਼ਤੀ, ਯੋਨ ਸ਼ੋਸਣ, ਅਪਹਰਣ, ਬਲਾਤਕਾਰ, ਦਾਜ ਲਈ ਮਾਰਨਾ ਅਤੇ ਅੱਤਿਆਚਾਰ, ਬਾਲ ਮਜ਼ਦੂਰੀ, ਬਾਲ ਵਿਆਹ, ਬੰਧੂਆ ਮਜ਼ਦੂਰੀ, ਕੈਦੀਆਂ ਨਾਲ ਅਣਮਨੁੱਖੀ ਅੱਤਿਆਚਾਰ, ਜੇਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ, ਅਨੂਸੂਚਿਤ ਜਾਤਾਂ ਅਤੇ ਅਨੁਸੂਚਿਤ ਜਨਜਾਤਾਂ ਦੇ ਲੋਕਾਂ ਨਾਲ ਅੱਤਿਆਚਾਰ ਆਦਿ ਦੇ ਮਾਮਲਿਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਮਨੁੱਖੀ ਅਧਿਕਾਰ ਸਿਰਫ ਸੈਮੀਨਾਰਾਂ, ਭਾਸ਼ਣਾਂ ਆਦਿ ਤੱਕ ਸੀਮਿਤ ਹੋ ਕੇ ਰਹਿ ਜਾਂਦੇ ਹਨ, ਜਦਕਿ ਆਮ ਆਦਮੀ ਨੂੰ ਇਸ ਦੀ ਪਰਿਭਾਸ਼ਾ ਤੱਕ ਵੀ ਪਤਾ ਨਹੀਂ ਹੈ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜ਼ਰੂਰਤ ਹੈ ਅਤੇ ਇਸ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜ਼ਿੰਮੇਵਾਰ ਅਧਿਕਾਰੀਆਂ ਅਤੇ ਸੰਸਥਾਵਾਂ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਪਵੇਗਾ, ਤਾਂ ਜੋ ਹਰੇਕ ਦੇ ਮਨੁੱਖੀ ਅਧਿਕਾਰ ਸੁਰੱਖਿਅਤ ਰਹਿ ਸਕਣ ਅਤੇ ਇਸ ਦਿਨ ਨੂੰ ਮਨਾਉਣ ਦਾ ਅਸਲੀ ਮੰਤਵ ਪੂਰਾ ਹੋ ਸਕੇ, ਨਹੀਂ ਤਾਂ ਇਸ ਦਿਨ ਹੋਣ ਵਾਲੇ ਸਮਾਗਮ ਸਿਰਫ ਖਾਨਾਪੂਰਤੀ ਬਣ ਕੇ ਰਹਿ ਜਾਣਗੇ।

**# ਸੰਪਰਕ : 94175-63054**

10-DEC-PAGE-5.qxd 12/9/2025 9:20 PM Page 1



# ਬਿਜਲੀ ਸੋਧ ਐਕਟ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਵਿਸ਼ਾਲ ਧਰਨਾ



**ਜਗਰਾਉਂ (ਨਛੱਤਰ ਸੰਧੂ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸਥਾਨਕ ਸਿੱਧਵਾਂ ਰੋਡ ਪਾਵਰਕੌਮ ਦੇ ਮੰਡਲ ਦਫ਼ਤਰ ਅੱਗੇ ਵਿਸ਼ਾਲ ਰੋਹ ਭਰਪੂਰ ਰੋਸ ਧਰਨਾ ਦਿੱਤਾ ਗਿਆ।ਦਿੱਲੀ ਕਿਸਾਨ ਸੰਘਰਸ਼ ਦੌਰਾਨ ਕੇਂਦਰ ਸਰਕਾਰ ਵਲੋਂ ਲਿਆਂਦੇ ਬਿਜਲੀ ਐਕਟ 2020 ਨੂੰ ਮੁੜ ਸੋਧ ਕੇ ਸੰਸਦ ਵਿੱਚ ਪਾਸ ਕਰਨ ਲਈ ਲਿਆਂਦੇ ਬਿਜਲੀ ਐਕਟ 2025 ਨੂੰ ਦੇਸ਼ ਤੇ ਲੋਕ ਵਿਰੋਧੀ ਕਰਾਰ ਦਿੰਦਿਆਂ ਸਭਨਾਂ ਬੁਲਾਰਿਆਂ ਨੇ ਇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ।ਕਿਸਾਨ ਮਜ਼ਦੂਰ ਆਗੂਆਂ ਨੇ ਕਿਹਾ ਕਿ ਇਹ ਕਨੂੰਨ ਬਿਜਲੀ ਦੇ ਸਮੁੱਚੇ ਤੰਤਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਜਾ ਰਿਹਾ ਹੈ।ਸਰਕਾਰੀ ਕੰਟਰੋਲ ਦਾ ਭੋਗ ਪਾ ਕੇ ਬਿਜਲੀ ਨੂੰ ਵੱਡੇ ਮੁਨਾਫ਼ੇ ਤੇ ਲੁੱਟ ਦਾ ਸੰਦ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਐਕਟ ਨੂੰ ਲਾਗੂ ਕਰਕੇ ਕਰਾਸ ਸਬਸਿਡੀਆਂ ਦਾ ਖਾਤਮਾ ਕੀਤਾ ਜਾ ਰਿਹਾ ਹੈ।ਬਿਜਲੀ ਦੀ ਖਪਤ ਮਹਿੰਗੀ ਤਾਂ ਹੋਵੇਗੀ ਹੀ, ਇਸ ਨੂੰ ਹੁਣ ਗਰੀਬ ਵਰਗ ਹਾਸਲ ਵੀ ਨਹੀਂ ਕਰ ਸਕੇਗਾ ਕਿਉਂਕਿ ਬਿਜਲੀ ਦੀ ਵਰਤੋਂ ਲਈ ਪੈਸਾ ਪਹਿਲਾਂ ਦੇਣਾ ਪਵੇਗਾ ਤੇ ਬਾਜ਼ਾਰ ਚੋਂ ਖਰੀਦ ਕੇ ਚਿੱਪ ਪਾਉਣ ਨਾਲ ਬਿਜਲੀ ਸਪਲਾਈ ਮਿਲੇਗੀ।ਇਸ ਨਾਲ ਬਹੁਗਿਣਤੀ ਆਮ ਲੋਕ ਬਿਜਲੀ ਖਪਤ ਚੋਂ ਬਾਹਰ ਧੱਕ ਦਿੱਤੇ ਜਾਣਗੇ।ਪੁਰਾਣੇ ਮੀਟਰ ਕਬਾੜ 'ਚ ਭੇਜ ਕੇ ਨਵੇਂ ਮੀਟਰਾਂ ਨੂੰ ਚੌਥੀ ਵੇਰ ਬਦਲ ਕੇ ਆਮ ਖਪਤਕਾਰਾਂ ਤੇ ਬੋਝ ਪਾਇਆ ਜਾਵੇਗਾ। ਇਸ ਸਮੇਂ ਕੇਂਦਰ ਸਰਕਾਰ ਵਲੋਂ ਲਿਆਂਦੇ ਨਵੇਂ ਬੀਜ ਐਕਟ ਨੂੰ ਵੀ ਰੱਦ ਕਰਨ ਦੀ ਮੰਗ ਕਰਦੇ ਕਿਸਾਨ ਆਗੂਆਂ ਨੇ ਕਿਹਾ ਕਿ ਇਸ ਐਕਟ ਨਾਲ ਬੀਜ ਦੀ ਵਰਤੋਂ ਜਾਂ ਪੈਦਾਵਾਰ ਦਾ ਹੱਕ ਕਿਸਾਨੀ ਤੋਂ ਖੋਹ ਕੇ ਕਾਰਪੋਰੇਟ ਦੇ ਹਵਾਲੇ ਕੀਤਾ ਜਾ ਰਿਹਾ ਹੈ ਜਿਸ ਨੂੰ ਕਦਾਚਿੱਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਸਮੇਂ ਕਿਸਾਨਾਂ ਨੇ ਬਿਜਲੀ ਐਕਟ ਦੀਆਂ ਕਾਪੀਆਂ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ।ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ, ਸੁਰਜੀਤ ਸਿੰਘ ਦੌਧਰ, ਜਸਵਿੰਦਰ ਸਿੰਘ ਭਮਾਲ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂ ਜੋਗਿੰਦਰ ਸਿੰਘ ਢਿੱਲੋਂ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬਲਵਿੰਦਰ ਸਿੰਘ ਕੋਠੇ ਪੋਨਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਬੁਰਜਗਿੱਲ) ਦੇ ਆਗੂ ਮਹਿੰਦਰ ਸਿੰਘ ਕਮਾਲਪੁਰਾ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਆਗੂ ਮਦਨ ਸਿੰਘ, ਫੈਡਰੇਸ਼ਨ ਏਟਕ ਦੇ ਆਗੂ ਚਰਨਜੀਤ ਸਿੰਘ, ਪੈਨਸ਼ਨਰ ਐਸੋਸੀਏਸ਼ਨ ਦੇ ਜੋਗਿੰਦਰ ਕੁਮਾਰ, ਨਛੱਤਰ ਸਿੰਘ, ਕੁਲਵੰਤ ਸਿੰਘ ਢੋਲਣ, ਜਰਨੈਲ ਸਿੰਘ, ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਆਗੂ ਸੁਖਵਿੰਦਰ ਸਿੰਘ ਨੇ ਸੰਬੋਧਨ ਕੀਤਾ। ਇਸ ਸਮੇਂ ਜਗਜੀਤ ਸਿੰਘ ਕਲੇਰ, ਹਰਦੇਵ ਸਿੰਘ ਅਖਾੜਾ, ਪ੍ਰਿਤਪਾਲ ਸਿੰਘ ਭੰਮੀਪੁਰਾ, ਕੁਲਦੀਪ ਸਿੰਘ ਕਾਓਂਕੇ ਹਾਜ਼ਰ ਸਨ।

# ਸੈਦੋਕੇ ਦੇ ਸੇਵਾ ਸਦਭਾਵਨਾ ਸੰਮੇਲਨ 'ਚ ਪੁੱਜੇ ਪੰਜਾਬ ਦੇ ਰਾਜਪਾਲ




**ਮੋਗਾ (ਇਕਬਾਲ ਸਿੰਘ ਖਹਿਰਾ, ਲਵਲੀ ਕੁਮਾਰ)**-ਪਿੰਡ ਸੈਦੋਕੇ ਵਿੱਚ ਸੇਵਾ ਤੇ ਸਦਭਾਵਨਾ ਨੂੰ ਸਮਰਪਿਤ ਸੰਮੇਲਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸੰਮੇਲਨ ਦਾ ਆਯੋਜਨ ਪਿੰਡ ਸੈਦੋਕੇ ਦੇ ਵਾਸੀ ਤੇ ਪ੍ਰਸਿੱਧ ਐਨ.ਆਰ.ਆਈ. ਕਰਮਜੀਤ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਕੀਤਾ ਗਿਆ।ਪ੍ਰੋਗਰਾਮ ਵਿੱਚ ਵਿਧਾਇਕ ਨਿਹਾਲ ਸਿੰਘ ਵਾਲਾ ਮਨਜੀਤ ਸਿੰਘ ਬਿਲਾਸਪੁਰ, ਐਚ.ਐਚ. ਜੈਨ ਆਚਾਰਯ ਲੋਕੇਸ਼ ਅਤੇ ਸਾਬਕਾ ਆਈ.ਪੀ.ਐਸ. ਅਧਿਕਾਰੀ ਜਤਿੰਦਰ ਸਿੰਘ ਔਲਖ ਨੇ ਵੀ ਆਪਣੀ ਹਾਜ਼ਰੀ ਭਰੀ। ਬੁਲਾਰਿਆਂ ਨੇ ਕਿਹਾ ਕਿ ਕਰਮਜੀਤ ਸਿੰਘ ਧਾਲੀਵਾਲ ਇੱਕ ਉੱਘੇ ਸਮਾਜ ਸੇਵੀ ਹਨ ਤੇ ਅਜਿਹੇ ਲੋਕਾਂ ਦੇ ਕੰਮਾਂ ਵਿੱਚ ਹਰ ਕਿਸੇ ਨੂੰ ਸਾਥ ਦੇਣਾ ਚਾਹੀਦਾ ਹੈ।

ਰਾਜਪਾਲ ਨੇ ਖ਼ਾਸ ਤੌਰ 'ਤੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਕਰਮਜੀਤ ਸਿੰਘ ਧਾਲੀਵਾਲ ਵਿਦੇਸ਼ ਵਿੱਚ ਰਹਿੰਦੇ ਹੋਏ ਵੀ ਆਪਣੇ ਬੱਚਿਆਂ ਨੂੰ ਪਿੰਡ ਦੇ ਸਰਕਾਰੀ ਸਕੂਲ ਵਿੱਚ ਪੜ੍ਹਾਉਂਦੇ ਹਨ ਅਤੇ ਉਨ੍ਹਾਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜ ਕੇ ਰੱਖਦੇ ਹਨ।ਕਟਾਰੀਆ ਨੇ ਕਿਹਾ ਕਿ ਦੂਜਿਆਂ ਦੀ ਮਦਦ ਕਰਨਾ ਸਭ ਤੋਂ ਵੱਡਾ ਧਰਮ ਹੈ।ਗੁਰੂਆਂ ਦੀ ਧਰਤੀ ਕਹੇ ਜਾਣ ਵਾਲੇ ਪੰਜਾਬ ਬਾਰੇ ਕਿਹਾ ਕਿ ਨਸ਼ਿਆਂ ਤੋਂ ਬਚਣ ਲਈ ਸਭ ਨੂੰ ਇਕੱਠੇ ਹੋਣਾ ਪਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹਮੇਸ਼ਾ ਇੱਕ-ਦੂਜੇ ਲਈ ਖੜੇ ਰਹੇ ਹਨ, ਚਾਹੇ ਓਪਰੇਸ਼ਨ ਸਿੰਧੂਰ ਹੋਵੇ ਜਾਂ ਹੜ੍ਹ ਦੇ ਸਮੇਂ ਲੋਕਾਂ ਦੀ ਸਾਂਝੀ ਸਹਾਇਤਾ।ਉਨ੍ਹਾਂ ਸੇਵਾ ਸਦਭਾਵਨਾ ਸੰਮੇਲਨ ਵਿੱਚ ਪਿੰਡ ਦੀਆਂ ਕੁਝ ਲੋੜਵੰਦ ਔਰਤਾਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ ਤੇ ਹੋਰ ਸਹਾਇਤਾ ਸਮੱਗਰੀ ਦੀ ਵੰਡ ਵੀ ਕੀਤੀ ਗਈ।

# 24 ਗ੍ਰਾਮ ਹੈਰੋਇਨ ਸਮੇਤ ਤਿੰਨ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ 25 ਗ੍ਰਾਮ ਹੈਰੋਇਨ ਅਤੇ ਹੈਰੋਇਨ ਦੀ ਸਮੱਗਰੀ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ ਵੱਖ-ਵੱਖ ਥਾਣਿਆਂ ਵਿਚ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਦੇ ਹੌਲਦਾਰ ਦਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਹ ਦੌਰਾਨੇ ਗਸ਼ਤ ਸੀ ਤਾਂ ਅਜੇ ਪੁੱਤਰ ਸ਼ਾਮ ਲਾਲ ਵਾਸੀ ਨੇੜੇ ਭਗਵਾਨ ਵਾਲਮੀਕ ਮੰਦਰ ਬਸਤੀ ਸ਼ੇਖਾਂ ਵਾਲੀ ਫਿਰੋਜ਼ਪੁਰ ਸ਼ਹਿਰ ਕੋਲੋਂ 3 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਆਰਿਫ਼ ਕੇ ਪੁਲਿਸ ਦੇ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਦੇ ਚੈਕਿੰਗ ਦੇ ਸਬੰਧ ਵਿਚ ਪਿੰਡ ਆਰਿਫ ਕੇ, ਕਟੋਰਾ, ਵਾਹਕਾ ਮੋੜ, ਅਟਾਰੀ, ਬਸਤੀ ਰਾਮ ਲਾਲ ਆਦਿ ਰਵਾਨਾ ਸੀ ਤਾਂ ਜਦ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਦਾਣਾ ਮੰਡੀ ਆਰਿਫ ਕੇ ਕੋਲ ਪੁੱਜੀ ਤਾਂ ਉਨ੍ਹਾਂ ਨੂੰ ਇਕ ਮੋਨਾ ਨੌਜਵਾਨ ਹਰਜੀਤ ਸਿੰਘ ਉਰਫ ਜੀਤੀ ਪੁੱਤਰ ਜੰਗੀਰ ਸਿੰਘ ਵਾਸੀ ਪਿੰਡ ਸੁੱਧ ਸਿੰਘ ਵਾਲਾ ਮਿਲਿਆ ਜਿਸ ਨੇ ਆਪਣੀ ਪਹਿਨੀ ਜੈਕਟ ਦੀ ਸੱਜੀ ਜੇਬ ਵਿਚ ਇਕ ਮੋਮੀ ਪਾਰਦਰਸ਼ੀ ਲਿਫ਼ਾਫ਼ਾ ਨੂੰ ਬਾਹਰ ਕੱਢ ਕੇ ਜ਼ਮੀਨ 'ਤੇ ਸੁੱਟ ਦਿੱਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਕਾਬੂ ਕਰਕੇ ਉਸ ਵੱਲੋਂ ਸੁੱਟੇ ਹੋਏ ਲਿਫਾਫੇ ਨੂੰ ਚੈੱਕ ਕੀਤਾ ਤਾਂ ਉਸ 'ਚ ਇਕ ਗ੍ਰਾਮ ਹੈਰੋਇਨ, ਲਾਈਟਰ, 10 ਰੁਪਏ ਦਾ ਨੋਟ ਤੇ ਸਿਲਵਰ ਪੇਪਰ ਪੰਨੀ ਬਰਾਮਦ ਹੋਈ। ਥਾਣਾ ਤਲਵੰਡੀ ਭਾਈ ਪੁਲਿਸ ਦੇ ਸਹਾਇਕ ਥਾਣੇਦਾਰ ਸੁਰੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਪੁਲਿਸ ਪਾਰਟੀ ਇਲਾਕੇ ਵਿਚ ਗਸ਼ਤ ਦੇ ਸਬੰਧ ਵਿਚ ਗਸ਼ਤ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਪ੍ਰਦੀਪ ਸਿੰਘ ਉਰਫ ਨੋਨੀ ਪੁੱਤਰ ਗੁਰਮੇਲ ਸਿੰਘ ਵਾਸੀ ਤਲਵੰਡੀ ਹੈਰੋਇਨ ਵੇਚਣ ਦਾ ਆਦੀ ਹੈ ਤੇ ਹੁਣ ਵੀ ਹੈਰੋਇਨ ਵੇਚਣ ਲਈ ਆਪਣੀ ਕਾਰ ਸਵਿਫਟ ਨੰਬਰ ਪੀਬੀ 29 ਈਬੀ 9646 'ਤੇ ਬੁਈਆ ਵਾਲਾ ਤੋਂ ਵਾੜਾ ਜਵਾਹਰ ਸਿੰਘ ਵਾਲਾ ਨੂੰ ਆ ਰਿਹਾ ਹੈ। ਜੇਕਰ ਹੁਣੇ ਹੀ ਉਕਤ ਜਗ੍ਹਾ 'ਤੇ ਨਾਕਾਬੰਦੀ ਕੀਤੀ ਜਾਵੇ ਤਾਂ ਹੈਰੋਇਨ ਸਮੇਤ ਕਾਬੂ ਆ ਸਕਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 19 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

# ਨਿਗਮ ਦਾ ਪੈਸਾ ਹਜ਼ਮ ਕਰਨ ਵਾਲਿਆਂ ਦੀ ਹੁਣ ਨਹੀਂ ਖੈਰ : ਮੇਅਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਹੁਣ ਨਗਰ ਨਿਗਮ ਦਾ ਪੈਸਾ ਡਕਾਰ ਮਾਰਨ ਵਾਲਿਆਂ ਦੀ ਕੋਈ ਖੈਰ ਨਹੀਂ। ਜੋ ਲੋਕ ਨਿਗਮ ਤੋਂ ਦੁਕਾਨਾਂ ਜਾਂ ਹੋਰ ਜਾਇਦਾਦਾਂ ਕਿਰਾਏ ਜਾਂ ਲੀਜ਼ 'ਤੇ ਲੈ ਕੇ ਲੰਮੇ ਸਮੇਂ ਤੋਂ ਬਕਾਇਆ ਰਕਮ ਅਦਾ ਨਹੀਂ ਕਰ ਰਹੇ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਮੇਅਰ ਕੁੰਦਨ ਗੋਗੀਆ ਵੱਲੋਂ ਨਗਰ ਨਿਗਮ ਦਫ਼ਤਰ ਵਿੱਚ ਜੁਆਇੰਟ ਕਮਿਸ਼ਨਰ ਦੀਪਜੋਤ ਕੌਰ, ਦਫਤਰ ਕੁਮਾਰ ਸੁਪਰਡੈਂਟ ਲੈਂਡ ਬ੍ਰਾਂਚ, ਸਕੱਤਰ ਤੇ ਹੋਰ ਸਬੰਧਿਤ ਅਧਿਕਾਰੀਆਂ ਨਾਲ ਵਿਸ਼ਤ੍ਰਿਤ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਮੇਅਰ ਨੇ ਨਿਗਮ ਦੀ ਜਾਇਦਾਦਾਂ ਨਾਲ ਸਬੰਧਿਤ ਬਕਾਇਆ ਰਿਕਵਰੀ ਦੀ ਸਮੀਖਿਆ ਕੀਤੀ।ਮੇਅਰ ਨੇ ਕਿਹਾ ਕਿ ਕਈ ਦੁਕਾਨਦਾਰ ਤੇ ਲੀਜ਼ਧਾਰੀ ਨਿਗਮ ਦੀ ਜਾਇਦਾਦ ਦਾ ਉਪਯੋਗ ਕਰ ਰਹੇ ਹਨ, ਪਰ ਕਿਰਾਏਦਾਰ ਤੇ ਲੀਜ਼ ਦੀ ਰਕਮ ਜਮ੍ਹਾਂ ਨਹੀਂ ਕਰਾ ਰਹੇ, ਜੋ ਕਿ ਗੰਭੀਰ ਮਾਮਲਾ ਹੈ।ਉਨ੍ਹਾਂ ਅਜਿਹੇ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਨਿਗਮ ਵਿੱਚ ਆ ਕੇ ਆਪਣਾ ਬਕਾਇਆ ਜਮ੍ਹਾਂ ਕਰਾਉਣ।

ਉਨ੍ਹਾਂ ਸਖ਼ਤ ਲਹਿਜ਼ੇ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਨੇ ਬਕਾਇਆ ਭਰਨ ਦੀ ਬਜਾਏ ਨਿਗਮ ਦੀ ਜਗ੍ਹਾ ਹਜ਼ਮ ਕਰਨ ਦੀ ਸੋਚ ਰੱਖੀ ਹੈ, ਤਾਂ ਅਜਿਹਿਆਂ ਖ਼ਿਲਾਫ਼ ਜਗ੍ਹਾ ਖਾਲੀ ਕਰਵਾਉਣ ਦੀ ਕਾਨੂੰਨੀ ਪ੍ਰਕਿਰਿਆ ਤੁਰੰਤ ਤੇਜ਼ ਕੀਤੀ ਜਾਵੇਗੀ।ਮੇਅਰ ਨੇ ਸਾਫ਼ ਕੀਤਾ ਕਿ ਨਿਗਮ ਦੇ ਪੈਸੇ ਨਾਲ ਸ਼ਹਿਰ ਦੇ ਵਿਕਾਸ ਕਾਰਜ ਹੁੰਦੇ ਹਨ ਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਲਾਪ੍ਰਵਾਹੀ ਜਾਂ ਧੋਖਾਧੜੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਕਾਤਰਾਂ

### 100 ਪ੍ਰੇਗਾਬਾਲਿਨ ਕੈਪਸੂਲ ਸਣੇ ਇੱਕ ਕਾਬੂ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ 10 ਪੱਤਿਆਂ ਵਿੱਚ 100 ਪ੍ਰੇਗਾਬਾਲਿਨ ਕੈਪਸੂਲ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਵਰਨ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਥਾਣਾ ਏਰੀਏ ਵਿੱਚ ਮੌਜੂਦ ਸੀ ਤਾਂ ਮੁਖਬਰ ਖਾਸ ਪਾਸੋਂ ਸੂਚਨਾ ਮਿਲੀ ਸੀ ਕਿ ਸਰਕਾਰੀ ਹਸਪਤਾਲ ਜਲਾਲਾਬਾਦ ਦੇ ਬਾਹਰ ਕੁਝ ਸ਼ਰਾਰਤੀ ਅਨਸਰ ਨਸ਼ੀਲੇ ਪਦਾਰਥ ਵੇਚਦੇ ਹਨ, ਜਿਸ 'ਤੇ ਮੌਕੇ 'ਤੇ ਰੇਡ ਕੀਤੀ ਤਾਂ ਪੁਲਸ ਦੀ ਗੱਡੀ ਨੂੰ ਰੁਕਦੀ ਵੇਖ ਕੇ ਮਹਿੰਦਰ ਸਿੰਘ ਪੁੱਤਰ ਰੂੜ ਸਿੰਘ ਵਾਸੀ ਬਸਤੀ ਕਿੱਲੀ ਨੇੜੇ ਸੈਕਰਡ ਹਾਰਟ ਕਾਨਵੈਂਟ ਸਕੂਲ ਦਾਖਲੀ ਜਲਾਲਾਬਾਦ ਖਿਸਕਣ ਲੱਗਾ ਤੇ ਜਿਸ ਨੇ ਆਪਣੇ ਖੱਬੇ ਹੱਥ 'ਚ ਫੜਿਆ ਲਿਫ਼ਾਫ਼ਾ ਸੜਕ ਕਿਨਾਰੇ ਸੁੱਟ ਕੇ ਤੇਜ ਕਦਮੀ ਤੁਰਨ ਲੱਗਿਆ, ਜਿਸ ਨੂੰ ਕਾਬੂ ਕਰਕੇ ਉਸ ਪਾਸੋਂ 10 ਪੱਤੇ ਪ੍ਰੇਗਾਬਾਲਿਨ ਕੈਪਸੂਲ ਬਰਮਾਦ ਹੋਏ। ਮਹਿੰਦਰ ਸਿੰਘ ਨੂੰ ਕੈਪਸੂਲ ਸਮੇਤ ਕਾਬੂ ਕਰਨ ਉਪਰੰਤ ਥਾਣਾ ਅਮੀਰ ਖਾਸ ਵਿਖੇ ਧਾਰਾ 223 ਬੀ ਐਨ ਐਸ ਤਹਿਤ ਪਰਚਾ ਦਰਜ ਕੀਤਾ ਗਿਆ ਹੈ।

### ਏ ਐੱਸ ਆਈ ਨਿਰਭੈ ਸਿੰਘ ਦੂਜੀ ਵਾਰ ਡੀ ਜੀ ਪੀ ਡਿਸਕ ਨਾਲ ਸਨਮਾਨਤ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਡੀਜੀਪੀ ਸ੍ਰੀ ਗੌਰਵ ਯਾਦਵ ਦੁਆਰਾ ਭੇਜੀ ਗਈ ਡੀਜੀਪੀ ਡਿਸਕ ਪਟਿਆਲਾ ਰੇਂਜ ਦੇ ਡੀਆਈਜੀ ਸ੍ਰੀ ਕੁਲਦੀਪ ਚਾਹਲ ਆਈਪੀਐਸ ਤੇ ਸੰਗਰੂਰ ਦੇ ਐਸਐਸ ਪੀ ਸ਼੍ਰੀ ਸਰਤਾਜ ਸਿੰਘ ਚਹਿਲ ਵੱਲੋਂ ਸੁਨਾਮ ਟ੍ਰੈਫ਼ਿਕ ਪੁਲਸ ਦੇ ਇੰਚਾਰਜ ਏਐਸਆਈ ਨਿਰਭੈ ਸਿੰਘ ਨੂੰ ਲਾ ਕੇ ਸਨਮਾਨਤ ਕੀਤਾ ਗਿਆ।ਜ਼ਿਲਾ ਸੰਗਰੂਰ ਦੇ ਐਸਐਸਪੀ ਸਰਦਾਰ ਸਿੰਘ ਚਹਿਲ ਨੇ ਵਧਾਈ ਦਿੱਤੀ ਤੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਪਹਿਲਾਂ ਵਾਂਗੂ ਵਧੀਆ ਕੰਮ ਕਰਦੇ ਰਹੋਗੇ।ਏਐਸਆਈ ਨਿਰਭੈ ਸਿੰਘ ਨੇ ਕਿਹਾ ਉਹ ਪਿਛਲੇ 30 ਸਾਲਾਂ ਤੋਂ ਪੰਜਾਬ ਪੁਲਸ ਵਿੱਚ ਰਹਿ ਕੇ ਆਮ ਜਨਤਾ ਦੀ ਸੇਵਾ ਕਰ ਰਹੇ ਹਨ। ਇਹ ਸਨਮਾਨ ਉਨ੍ਹਾਂ ਨੂੰ ਟ੍ਰੈਫ਼ਿਕ ਪ੍ਰਤੀ ਵਧੀਆ ਸੇਵਾਵਾਂ ਲਈ ਮਿਲਿਆ ਹੈ।ਏਐਸਆਈ ਨਿਰਭੈ

### ਸ਼ੱਕੀ ਹਾਲਤ 'ਚ 2 ਕਾਬੂ, ਐਨ ਡੀ ਪੀ ਐਸ ਐਕਟ ਤਹਿਤ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਬੀ.ਐਸ.ਐਫ. ਦੁਆਰਾ ਸ਼ੱਕੀ 2 ਵਿਅਕਤੀਆਂ ਨੂੰ 2 ਮੋਬਾਇਲਾਂ ਤੇ ਮੋਟਰ ਸਾਇਕਲ ਸਮੇਤ ਕਾਬੂ ਕਰਨ ਦੇ ਸਬੰਧ 'ਚ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਨੇ ਦੱਸਿਆ ਸਿੰਘ ਸਿਧਾਰਥ ਪ੍ਰਮੋਦ ਅਸਿਸਟੈਂਟ ਕਮਾਡੈਂਟ ਕੰਪਨੀ ਕਮਾਂਡਰ ਬੀ.ਐਸ.ਐਫ. 65 ਬਟਾਲੀਆਨ ਵੱਲੋਂ ਇਕ ਫੋਨ ਆਇਆ ਕਿ ਬੀ.ਓ.ਪੀ. ਜੋਧਾ ਵਾਲਾ ਤੋਂ 2 ਸ਼ੱਕੀ ਵਿਅਕਤੀ ਸਰਬਜੀਤ ਸਿੰਘ ਪੁੱਤਰ ਮਲਕੀਤ ਸਿੰਘ ਤੇ ਬਲਵਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ ਵਾਸੀ ਪਿੰਡ ਮੁਹਾਰ ਜਮਸ਼ੇਰ ਥਾਣਾ ਸਦਰ ਫ਼ਾਜ਼ਿਲਕਾ ਮਿਲੇ ਹਨ, ਜਿਨ੍ਹਾਂ ਨੂੰ ਕਾਬੂ ਕਰਕੇ ਕਾਰਵਾਈ ਕੀਤੀ ਜਾਵੇ, ਜਿਸ 'ਤੇ ਪੁਲਸ ਪਾਰਟੀ ਮੌਕੇ 'ਤੇ ਪੁੱਜੀ ਤਾਂ ਇੱਥੇ ਇਕ ਪੱਤਰ ਸਮੇਤ ਸਰਬਜੀਤ ਸਿੰਘ ਤੇ ਬਲਵਿੰਦਰ ਸਿੰਘ ਨੂੰ 2 ਮੋਬਾਇਲ ਫੋਨ ਅਤੇ ਇਕ ਮੋਟਰ ਸਾਇਕਲ ਸਮੇਤ ਪੇਸ਼ ਕੀਤੇ ਗਏ। ਜਿਨ੍ਹਾਂ ਨੂੰ ਪੁਲਿਸ ਨੇ ਕਬਜ਼ੇ ਵਿੱਚ ਲੈ ਕੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਸਪੈਸ਼ਲਾਂ ਲਈ ਵਰਤੀ ਜਾਂਦੀ ਲਾਈਨ ਨੰਬਰ 04 ਨੂੰ ਉੱਚਾ ਕਰਨ ਦੀ ਮਨਜ਼ੂਰੀ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਆਰ.ਟੀ.ਆਈ. ਕਾਰਕੁੰਨ ਜਤਿੰਦਰ ਜੈਨ ਵੱਲੋਂ ਦਿਨ-ਰਾਤ ਇੱਕ ਕਰਕੇ ਕੀਤੇ ਅਣਥੱਕ ਯਤਨਾਂ ਤੇ ਮਜ਼ਦੂਰਾਂ ਦੀਆਂ ਆਸਾਂ ਨੂੰ ਉਸ ਵੇਲੇ ਬੂਰ ਪਿਆ, ਜਦੋਂ ਰੇਲਵੇ ਨੇ ਸੁਨਾਮ ਊਧਮ ਸਿੰਘ ਵਾਲਾ ਦੇ ਰੇਲਵੇ ਸਟੇਸ਼ਨ ਵਿਖੇ ਸਪੈਸ਼ਲਾਂ ਲਈ ਵਰਤੀ ਜਾਂਦੀ ਲਾਈਨ ਨੰਬਰ 04 ਨੂੰ ਉੱਚਾ ਚੁੱਕਣ ਦੇ ਕੰਮ ਨੂੰ ਮਨਜ਼ੂਰੀ ਦੇ ਕੇ ਇਹ ਕਾਰਜ 31 ਜਨਵਰੀ 2026 ਤੱਕ ਸ਼ੁਰੂ ਕਰਨ ਨੂੰ ਪ੍ਰਵਾਨਗੀ ਦਿੱਤੀ।

ਇਸ ਸਬੰਧੀ ਵੱਖ-ਵੱਖ ਧਿਰਾਂ ਵੱਲੋਂ ਮਿਲੇ ਮੰਗ ਪੱਤਰਾਂ ਦੇ ਅਧਾਰ 'ਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਵੀ ਰੇਲਵੇ ਨੂੰ ਪੱਤਰ ਲਿਖਿਆ ਸੀ।ਹੁਣ ਸ਼੍ਰੀ ਜਤਿੰਦਰ ਜੈਨ ਵੱਲੋਂ ਪਾਈ ਆਰ.ਟੀ.ਆਈ. ਦੇ ਜਵਾਬ ਵਿੱਚ ਇਸ ਪ੍ਰੋਜੈਕਟ ਦੀ ਪ੍ਰਵਾਨਗੀ ਦੀ ਪੁਸ਼ਟੀ ਹੋਣ 'ਤੇ ਜਿੱਥੇ ਮਨੁੱਖੀ ਅਧਿਕਾਰਾਂ ਪ੍ਰਤੀ ਸੁਚੇਤ ਨਾਗਰਿਕਾਂ, ਉੱਥੇ ਵੱਖ-ਵੱਖ ਮਜ਼ਦੂਰ ਜਥੇਬੰਦੀਆਂ ਵੱਲੋਂ ਸ਼੍ਰੀ ਜਤਿੰਦਰ ਜੈਨ ਦੀ ਵਿਆਪਕ ਪੱਧਰ ਉੱਤੇ ਸ਼ਲਾਘਾ ਕੀਤੀ ਜਾ ਰਹੀ ਹੈ ਤੇ ਧੰਨਵਾਦ ਕੀਤਾ ਜਾ ਰਿਹਾ ਹੈ।

ਸ਼੍ਰੀ ਜਤਿੰਦਰ ਜੈਨ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਵਿਖੇ ਲਾਈਨ ਨੰ: 4 ਨੇੜੇ ਬਣੇ ਰੇਲਵੇ ਮਾਲ ਗੁਦਾਮ ਬਾਬਤ ਸਪੈਸ਼ਲ ਭਰਨ ਤੇ ਖਾਦ ਦੀ ਢੋਆ-ਢੁਆਈ ਲਈ 2020 ਵਿੱਚ ਨਵੀਂ ਪਲੇਠੀ/ਪਲੇਟਫਾਰਮ ਬਣਾਈ ਗਈ ਸੀ, ਜੋ ਰੇਲ ਲਾਈਨ ਨਾਲੋਂ ਲਗਭਗ 15 ਤੋਂ 18 ਇੰਚ ਉੱਚੀ ਹੈ।ਰੇਲ ਲਾਈਨ ਦੇ ਨੀਵੇਂ ਹੋਣ ਕਾਰਨ ਢੋਆ-ਢੁਆਈ ਕਰਦੀ ਲੇਬਰ ਦੇ ਪੈਰ ਸਲਿੱਪ ਹੋਣ ਕਾਰਨ ਜਿੱਥੇ ਪਿਛਲੇ ਲੰਬੇ ਸਮੇਂ ਤੋਂ ਲੇਬਰ ਜ਼ਖ਼ਮੀ ਹੋ ਰਹੀ ਸੀ, ਉੱਥੇ ਹੀ ਢੋਆ-ਢੁਆਈ ਵਿੱਚ ਵੱਧ ਸਮਾਂ ਲੱਗਣ ਕਾਰਨ ਰੇਲਵੇ ਵਿਭਾਗ, ਐਫਸੀਆਈ ਦੇ ਨਾਲ-ਨਾਲ ਖਾਦ ਡੀਲਰਾਂ ਦਾ ਵੀ ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ।ਇੱਥੋਂ ਤੱਕ ਕਿ ਮਜ਼ਦੂਰਾਂ ਨੂੰ ਵਾਰ-ਵਾਰ ਸੱਟਾਂ ਲੱਗ ਰਹੀਆਂ ਹਨ ਤੇ ਹੱਡੀਆਂ ਟੁੱਟਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ।ਇਸੇ ਦੇ ਮੱਦੇਨਜ਼ਰ ਪੰਜਾਬ ਪ੍ਰਦੇਸ਼ ਪੱਲੇਦਾਰ ਮਜ਼ਦੂਰ ਯੂਨੀਅਨ ਵੱਲੋਂ ਰੇਲਵੇ ਵਿਭਾਗ ਨੂੰ ਮੰਗ ਪੱਤਰ ਵੀ ਦਿੱਤੇ ਗਏ ਸਨ।ਰੇਲਵੇ ਵਿਭਾਗ ਤੇ ਹੋਰ ਕਿਸੇ ਵੀ ਧਿਰ ਵੱਲੋਂ ਕੋਈ ਕਾਰਵਾਈ ਨਾ ਹੁੰਦੀ ਦੇਖ ਪੰਜਾਬ ਪ੍ਰਦੇਸ਼ ਪੱਲੇਦਾਰ ਮਜ਼ਦੂਰ ਯੂਨੀਅਨ ਦੇ ਨੁਮਾਇੰਦਿਆਂ ਨੇ ਸਾਲ 2022 ਵਿੱਚ ਸ਼੍ਰੀ ਜੈਨ ਅਤੇ ਸ਼੍ਰੀ ਅਮਨ ਅਰੋੜਾ ਨੂੰ ਇਸ ਬਾਬਤ ਗੁਹਾਰ ਲਾਈ ਸੀ।ਸ਼੍ਰੀ ਜੈਨ ਨੇ ਜਿਥੇ 09 ਜੁਲਾਈ 2022 ਨੂੰ ਰੇਲਵੇ ਵਿਭਾਗ ਨੂੰ ਜ਼ਖ਼ਮੀ ਮਜ਼ਦੂਰਾਂ ਦੀਆਂ ਰਿਪੋਰਟਾਂ ਸਮੇਤ ਪੱਤਰ ਲਿਖ ਕੇ ਤਰੁੰਤ ਕਾਰਵਾਈ ਲਈ ਲਿਖਿਆ, ਉੱਥੇ ਇਸ ਮੁੱਦੇ ਨੂੰ ਨੈਸ਼ਨਲ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਰੇਲਵੇ ਵਿਭਾਗ ਨੂੰ ਨਿਰਦੇਸ਼ ਦੇਣ ਲਈ ਵੀ ਸ਼ਿਕਾਇਤ ਦਰਜ ਕਰਵਾਈ ਸੀ।ਨੈਸ਼ਨਲ ਮਨੁੱਖੀ ਅਧਿਕਾਰ ਕਮਿਸ਼ਨ ਨੇ 22 ਜੁਲਾਈ 2022 ਨੂੰ ਰੇਲਵੇ ਵਿਭਾਗ ਨੂੰ ਇਸ ਸੰਬਧੀ ਨਿਰਦੇਸ਼ ਦਿੱਤੇ ਸਨ।ਸ਼੍ਰੀ ਜੈਨ ਵੱਲੋਂ ਵੱਖ-ਵੱਖ ਪੱਧਰ ਉੱਤੇ ਇਸ ਮਾਮਲੇ ਦੇ ਹੱਲ ਲਈ ਅਣਥੱਕ ਯਤਨ ਕੀਤੇ ਗਏ, ਜਿਸ ਵਿੱਚ ਸਮੇਂ-ਸਮੇਂ 'ਤੇ ਆਰ.ਟੀ. ਆਈ. ਨਾਲ ਜਾਣਕਾਰੀ ਲੈ ਕੇ ਉਸ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲੈ ਕੇ ਆਉਣੀ ਸ਼ਾਮਲ ਸਨ ਤੇ ਹੁਣ ਉਨ੍ਹਾਂ ਦੇ ਯਤਨਾਂ ਨੂੰ ਬੂਰ ਪਿਆ ਹੈ ਤੇ ਇਹ ਮਸਲਾ ਹੱਲ ਹੋਣ ਨੇੜੇ ਪੁੱਜਾ ਹੈ।ਰੇਲਵੇ ਲਾਈਨ ਉੱਚੀ ਚੁੱਕਣ ਲਈ ਸਮੱਗਰੀ ਆਉਣੀ ਸ਼ੁਰੂ ਹੋ ਗਈ ਹੈ ਤੇ ਬਹੁਤ ਜਲਦ ਮਜ਼ਦੂਰਾਂ ਤੇ ਹੋਰ ਧਿਰਾਂ ਨੂੰ ਇਸ ਮੁਸ਼ਕਲ ਤੋਂ ਰਾਹਤ ਮਿਲ ਜਾਵੇਗੀ।

# ਹਾਦਸੇ 'ਚ ਪਤੀ-ਪਤਨੀ ਸਮੇਤ 3 ਲੋਕਾਂ ਦੀ ਮੌਤ ਦੇ ਸੰਬੰਧ 'ਚ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਐਫ.ਐਫ ਮੁੱਖ ਮਾਰਗ 'ਤੇ ਨਜ਼ਦੀਕ ਸ਼ਮਸ਼ਦੀਨ ਚਿਸਤੀ ਬਸ ਸਟੈਂਡ ਦੇ ਕੋਲ ਵਾਪਰੇ ਹਾਦਸੇ ਵਿੱਚ 3 ਲੋਕਾਂ ਦੀ ਮੌਤ ਹੋ ਜਾਣ ਦੇ ਸਬੰਧ ਵਿੱਚ ਟਰੱਕ ਚਾਲਕ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਮੁਦੱਈ ਸੁਰਿੰਦਰ ਸਿੰਘ ਪੁੱਤਰ ਹੰਸ ਰਾਜ ਵਾਸੀ ਲੱਖੇ ਵਾਲੀ ਰੋਡ ਜਲਾਲਾਬਾਦ ਦੁਆਰਾ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਉਹ ਸਮੇਤ ਆਪਣੇ ਪਰਵਾਰ ਦੇ ਨਾਲ ਵਿਆਹ ਸਮਾਗਮ ਲੱਖੋਕੇ ਬਹਿਰਾਮ ਤੋਂ ਆਪਣੇ ਘਰ ਵਾਪਸ ਆ ਰਹੇ ਸੀ ਤਾਂ ਉਸ ਦਾ ਭਰਾ ਬਲਵਿੰਦਰ ਸਿੰਘ, ਉਸਦੀ ਪਤਨੀ ਮਨਜੀਤ ਕੌਰ, ਉਸਦੀ ਮਾਤਾ ਅਵੀਨਾਸ਼ ਕੌਰ ਸਮੇਤ 2 ਬੱਚਿਆ ਦੇ ਰਿਟਜ ਕਾਰ 'ਤੇ ਸਵਾਰ ਹੋ ਕੇ ਜਲਾਲਾਬਾਦ ਨੂੰ ਆ ਰਹੇ ਸੀ ਅਤੇ ਮੈਂ ਪਿੱਛੇ ਮੋਟਰ ਸਾਇਕਲ 'ਤੇ ਆ ਰਿਹਾ ਸੀ ਤਾਂ ਜਦ ਸ਼ਮਸ਼ਦੀਨ ਚਿਸਤੀ ਬੱਸ ਅੱਡੇ ਦੇ ਕੋਲ ਪੁੱਜੇ ਤਾਂ ਐਫ.ਐਫ ਮੁੱਖ ਮਾਰਗ 'ਤੇ ਜਲਾਲਾਬਾਦ ਵਾਲੀ ਸਾਇਡ ਤੋਂ ਇੱਕ ਟਰੱਕ, ਜਿਸ ਨੂੰ ਡਰਾਇਵਰ ਬਹੁਤ ਹੀ ਲਾਪ੍ਰਵਾਹੀ ਨਾਲ ਚਲਾ ਰਿਹਾ ਸੀ, ਜਿਸ ਕਾਰਨ ਮੇਰੇ ਭਰਾ ਦੀ ਰਿਟਜ ਕਾਰ ਵਿੱਚ ਟਕਰਾ ਗਿਆ, ਜਿਸ 'ਤੇ ਮੇਰੇ ਭਰਾ ਤੇ ਸਮੇਤ ਪਰਵਾਰ ਨੂੰ ਬਹੁਤ ਸੱਟਾਂ ਲੱਗੀਆਂ, ਜਿਨ੍ਹਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿਚ ਦਾਖਲ ਕਰਾਇਆ ਗਿਆ, ਜਿੱਥੇ ਮੇਰੇ ਭਰਾ ਬਲਵਿੰਦਰ ਸਿੰਘ, ਭਰਜਾਈ ਮਨਜੀਤ ਕੌਰ ਤੇ ਮੇਰੀ ਮਾਤਾ ਦੀ ਇਲਾਜ ਦੌਰਾਨ ਮੌਤ ਹੋ ਗਈ ਅਤੇ ਦੋ ਬੱਚੇ, ਜਿਨ੍ਹਾਂ ਦੇ ਵੀ ਸੱਟਾਂ ਲੱਗੀਆਂ ਹੋਣ ਕਾਰਨ ਏਮਜ ਹਸਪਤਾਲ ਬਠਿੰਡਾ ਵਿਖੇ ਦਾਖਲ ਕਰਵਾਇਆ ਗਿਆ ਹੈ।

ਥਾਣਾ ਅਮੀਰ ਖਾਸ ਵਿਖੇ ਮੁਦੱਈ ਸੁਰਿੰਦਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਟਰੱਕ ਚਾਲਕ ਦਿਲਬਾਗ ਸਿੰਘ ਪੁੱਤਰ ਭਰਪੂਰ ਸਿੰਘ ਵਾਸੀ ਏਅਰਪੋਰਟ ਰੋਡ ਫਰੈਂਡਜ ਐਵਨਿਊ ਅਮ੍ਰਿਤਸਰ ਦੇ ਵਿਰੁੱਧ ਧਾਰਾ 281,324(4) ਬੀ.ਐਨ.ਐਸ. ਤਹਿਤ ਮੁਕੱਦਮਾ ਨੰਬਰ 118 ਦਰਜ ਕੀਤਾ ਗਿਆ ਹੈ।

# ਸਿਲੰਡਰ ਨੂੰ ਅੱਗ ਲੱਗਣ ਕਾਰਨ ਧਮਾਕਾ, ਕਮਰੇ ਦੀ ਛੱਤ ਡਿੱਗੀ, 4 ਜ਼ਖ਼ਮੀ



**ਨਾਭਾ (ਵਰਿੰਦਰ ਵਰਮਾ)**

ਪਿੰਡ ਮੈਂਹਸ ਵਿਖੇ ਬਣੇ ਸ਼ਮਸ਼ੇਰ ਭਾਰਤ ਗੈਸ ਏਜੰਸੀ ਵਿਖੇ ਅਚਾਨਕ ਗਡਾਊਨ ਦੇ ਨਾਲ ਲੱਗਦੇ ਕਮਰੇ ਵਿੱਚ ਪਏ ਸਿਲੰਡਰਾਂ ਨੂੰ ਅਚਾਨਕ ਅੱਗ ਲੱਗਣ ਦੇ ਕਾਰਨ ਧਮਾਕਾ ਹੋ ਗਿਆ ਤੇ ਕਮਰੇ ਦੀ ਛੱਤ ਵੀ ਨੀਚੇ ਗਿਰ ਗਈ।ਧਮਾਕਾ ਏਨਾ ਜ਼ਬਰਦਸਤ ਸੀ ਕਿ ਸਿਲੰਡਰਾਂ ਦੇ ਟੋਟੇ-ਟੋਟੇ ਹੋ ਕੇ ਕਰੀਬ ਆਲੇ-ਦੁਆਲੇ ਦੂਰ ਦੂਰ ਤੱਕ ਖਿੰਡੇ ਟੁਕੜੇ ਦਿਖਾਈ ਦਿੱਤੇ ਤੇ ਇਹ ਬਲਾਸਟ ਬਾਰੇ ਨਾਲ ਲੱਗਦੇ ਪਿੰਡ ਦੇ ਲੋਕਾਂ ਨੂੰ ਜਦੋਂ ਪਤਾ ਲੱਗਿਆ ਤਾਂ ਮੌਕੇ 'ਤੇ ਪਹੁੰਚ ਜਿੱਥੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ, ਉੱਥੇ ਕਮਰੇ ਦੇ ਨੀਚੇ ਡਿੱਗੇ ਕਰੀਬ 4 ਵਿਅਕਤੀ ਦੱਸੇ ਜਾ ਰਹੇ ਹਨ, ਜੋ ਲੇਬਰ ਦਾ ਕੰਮ ਕਰਦੇ ਸਨ।ਚੰਗੀ ਕਿਸਮਤ ਰਹੀ ਕਿ ਨਾਲ ਲੱਗਦੇ ਗਡਾਊਨ ਵਿੱਚ ਦਰਜਨਾਂ ਸਿਲੰਡਰ ਪਏ ਸੀ, ਜੇਕਰ ਅੱਗ ਉੱਥੇ ਪਹੁੰਚ ਜਾਂਦੀ ਤਾਂ ਵੱਡਾ ਨੁਕਸਾਨ ਹੋ ਸਕਦਾ ਸੀ।ਮੌਕੇ 'ਤੇ ਫਾਇਰ ਬ੍ਰਿਗੇਡ ਕ੍ਰਮਚਾਰੀਆਂ ਨੇ ਅੱਗ 'ਤੇ ਕਾਬੂ ਪਾਇਆ।ਦੱਸਿਆ ਜਾ ਰਿਹਾ ਹੈ ਕਿ 4 ਦੇ ਕਰੀਬ ਵਿਅਕਤੀ ਇਸ ਵਿੱਚ ਬੁਰੀ ਤਰ੍ਹਾਂ ਝੁਲਸ ਗਏ, ਜਿਨ੍ਹਾਂ ਵਿਅਕਤੀਆਂ ਵਿੱਚੋਂ 2 ਨੂੰ ਪਟਿਆਲਾ ਵਿਖੇ ਰੈਫਰ ਕਰ ਦਿੱਤਾ ਗਿਆ ਤੇ ਬਾਕੀ ਦੇ ਨਾਭਾ ਦੇ ਸਰਕਾਰੀ ਹਸਪਤਾਲ ਵਿੱਚ ਜੇਰੇ ਇਲਾਜ ਹਨ।

ਇਸ ਮੌਕੇ ਤੇ ਪਿੰਡ ਵਾਸੀ ਅਤੇ ਫਾਇਰ ਬ੍ਰਿਗੇਡ ਕਰਮਚਾਰੀ ਨੇ ਕਿਹਾ ਕਿ ਧਮਾਕਾ ਬਹੁਤ ਜ਼ਬਰਦਸਤ ਸੀ ਅਤੇ ਸਿਲੰਡਰ ਜੋ ਬਲਾਸਟ ਹੋਇਆ ਉਸ ਦੇ ਟੁਕੜੇ ਟੁਕੜੇ ਦੂਰ ਦੂਰ ਤੱਕ ਗਿਰ ਪਏ ਸੀ। ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਦੱਸਿਆ ਜੇਕਰ ਮੌਕੇ ਤੇ ਅੱਗ ਤੇ ਕਾਬੂ ਨਾ ਪਾਇਆ ਜਾਂਦਾ ਤਾਂ ਵੱਡਾ ਨੁਕਸਾਨ ਹੋ ਸਕਦਾ ਸੀ।

ਜ਼ਖ਼ਮੀਆਂ ਦੇ ਪਰਵਾਰਕ ਮੈਂਬਰਾਂ ਨੇ ਕਿਹਾ ਕਿ ਇਹ ਅੱਗ ਕਿਵੇਂ ਲੱਗੀ, ਸਾਨੂੰ ਨਹੀਂ ਪਤਾ। ਸਾਨੂੰ ਫੋਨ ਆਇਆ ਸੀ ਤੇ ਮੌਕੇ 'ਤੇ ਹਸਪਤਾਲ ਪਹੁੰਚੇ ਹਾਂ ਸਾਡੇ ਪਰਵਾਰਕ ਮੈਂਬਰ ਬੁਰੀ ਤਰ੍ਹਾਂ ਝੁਲਸੇ ਪਏ ਹਨ।ਇਨ੍ਹਾਂ ਨੂੰ ਪਟਿਆਲੇ ਰੈਫਰ ਕੀਤਾ ਜਾ ਰਿਹਾ ਹੈ।

ਸਰਕਾਰੀ ਹਸਪਤਾਲ ਦੀ ਡਾਕਟਰ ਅਨੁੰਮੇਹਾ ਭੱਲਾ ਨੇ ਦੱਸਿਆ ਕਿ ਜੋ ਪਿੰਡ ਮੈਂਹਸ ਘਟਨਾ ਵਾਪਰੀ ਹੈ, ਉਸ ਵਿੱਚ ਸਾਡੇ ਕੋਲ ਕਰੀਬ 4 ਵਿਅਕਤੀ ਆਏ ਹਨ। ਉਹਨਾਂ ਨੂੰ ਅਸੀਂ ਟਰੀਟਮੈਂਟ ਦੇ ਰਹੇ ਹਾਂ।2 ਵਿਅਕਤੀਆਂ ਨੂੰ ਪਟਿਆਲਾ ਰੈਫਰ ਕੀਤਾ ਗਿਆ ਹੈ।

# ਹਲਕਾ ਇੰਚਾਰਜ ਨੂੰ ਮਜ਼ਦੂਰਾਂ ਤੇ ਨੌਜਵਾਨਾਂ ਵੱਲੋਂ ਸੌਂਪਿਆ ਗਿਆ ਮੰਗ ਪੱਤਰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪਿੰਡ ਘੁੱਦਾ ਵਿਖੇ ਹਲਕਾ ਇੰਚਾਰਜ ਜਸਵਿੰਦਰ ਸਿੰਘ ਛਿੰਦਾ ਦੇ ਪਹੁੰਚਣ 'ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਵੱਲੋਂ ਪਿਛਲੇ ਲੰਮੇਂ ਸਮੇਂ ਤੋਂ ਸੂਰੁਪਾ ਬਸਤੀ ਦੀਆਂ ਸਮੱਸਿਆਵਾਂ ਜਾਣੂ ਕਰਾਇਆ ਗਿਆ ਤੇ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਗੁਰਾਂਦਿੱਤ ਸਿੰਘ ਤੇ ਰਿੰਕੂ ਸਿੰਘ ਕਿਹਾ ਕਿ ਤਿੰਨ ਸਾਲ ਤੋਂ ਜ਼ਿਆਦਾ ਸਮਾਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਹੋ ਚੁੱਕਿਆ ਹੈ, ਪਰ ਸਰਕਾਰ ਨੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਹੱਲ ਕਰਨਾ ਦੂਰ ਦੀ ਗੱਲ ਹੈ। ਮਜ਼ਦੂਰਾਂ ਵੱਲ ਧਿਆਨ ਵੀ ਨਹੀਂ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਸੂਰੁਪਾ ਬਸਤੀ ਪਿੰਡ ਘੁੱਦਾ ਵਿੱਚ ਮਜ਼ਦੂਰਾਂ ਦੀਆਂ ਸਮੱਸਿਆਂਵਾਂ ਲੰਮੇ ਸਮੇਂ ਤੋਂ ਲਮਕ ਰਹੀਆਂ ਹਨ, ਜਿਸ ਵਿੱਚ ਸਰਕਾਰੀ ਕਮਿਊਨਿਟੀ ਸੈਂਟਰ ਦੀ ਖਸਤਾ ਹਾਲਤ ਬਾਰੇ ਜਾਣੂ ਕਰਾਇਆ ਗਿਆ, ਜੋ ਇਸ ਸਮੇਂ ਨਸ਼ੇ ਦੇ ਅੱਡੇ ਵਿੱਚ ਤਬਦੀਲ ਹੋ ਚੁੱਕਿਆ ਹੈ।

ਸੂਰੁਪਾ ਬਸਤੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਅਪਗ੍ਰੇਡ ਕਰਨ ਸਬੰਧੀ, ਸੂਰੁਪਾ ਬਸਤੀ ਦੇ ਮੇਨ ਰਸਤਾ ਨੂੰ ਠੀਕ ਕਰਨ ਸਬੰਧੀ ਜਿਸਦੀ ਲੰਮੇ ਸਮੇਂ ਤੋਂ ਖਸਤਾ ਹਾਲਤ ਤੇ ਪਾਣੀ ਦੀ ਨਿਕਾਸੀ ਦਾ ਵੀ ਸਹੀ ਪ੍ਰਬੰਧ ਨਹੀਂ ਹੈ, ਪਿੰਡ ਘੁੱਦਾ ਦੇ ਸਰਕਾਰੀ ਹਸਪਤਾਲ ਵਿਚ ਡਾਕਟਰਾਂ ਦੀ ਘਾਟ ਪੂਰੀ ਕਰਨ ਸਬੰਧੀ ਤੇ 24 ਸਹੂਲਤ ਚਾਲੂ ਕਰਨ ਸਬੰਧੀ ਆਦਿ ਸਮੱਸਿਆਵਾਂ ਸਬੰਧੀ ਮੰਗ ਪੱਤਰ ਸੌਂਪਿਆ ਗਿਆ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪਿੰਡਾਂ 'ਚ ਖੇਡ ਗਰਾਊਂਡ ਬਣਾਉਣ ਦੀ ਵੱਡੀ ਪੱਧਰ 'ਤੇ ਮਸ਼ਹੂਰੀ ਕੀਤੀ ਜਾ ਰਹੀ ਹੈ, ਪਰ ਪਿੰਡ ਘੁੱਦਾ ਵਿੱਚ ਨੌਜਵਾਨਾਂ ਲਈ ਖੇਡ ਗਰਾਊਂਡ ਨਹੀਂ ਹੈ।ਇਸ ਲਈ ਉਨ੍ਹਾਂ ਨੌਜਵਾਨਾਂ ਤੇ ਵਿਦਿਆਰਥੀਆਂ ਲਈ ਖੇਡ ਗਰਾਊਂਡ ਬਣਾਉਣ ਲਈ ਮੰਗ ਰੱਖੀ ਗਈ।

# 11ਵੇਂ ਨੋਰ੍ਹਾ ਰਿਚਰਡਜ਼ ਥੀਏਟਰ ਫੈਸਟੀਵਲ 'ਚ 'ਏਕ ਔਰ ਮੀਟਿੰਗ' ਦੀ ਪੇਸ਼ਕਾਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਯੁਵਕ ਭਲਾਈ ਵਿਭਾਗ, ਪੰਜਾਬੀ ਯੂਨੀਵਰਸਿਟੀ, ਨੌਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਤੇ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਸਾਰਥਕ ਰੰਗਮੰਚ ਅਤੇ ਸੋਸ਼ਲ ਵੈਲਫੇਅਰ ਸੁਸਾਇਟੀ ਪਟਿਆਲਾ ਵੱਲੋਂ ਕਰਾਏ ਜਾ ਰਹੇ 11ਵੇਂ ਨੋਰ੍ਹਾ ਰਿਚਰਡਜ਼ ਥੀਏਟਰ ਫੈਸਟੀਵਲ ਦੇ ਛੇਵੇਂ ਦਿਨ ਜੈਵਰਧਨ ਦੇ ਲਿਖੇ ਹਿੰਦੀ ਨਾਟਕ 'ਏਕ ਔਰ ਮੀਟਿੰਗ' ਨੂੰ ਟੀ.ਐਫ.ਟੀ. ਚੰਡੀਗੜ੍ਹ ਵੱਲੋਂ ਖੇਡਿਆ ਗਿਆ।ਇਸ ਪੇਸ਼ਕਾਰੀ ਨੂੰ ਹਰਵਿੰਦਰ ਸਿੰਘ ਦੁਆਰਾ ਡਿਜ਼ਾਈਨ ਕੀਤਾ ਤੇ ਕਰਨ ਚੌਹਾਨ ਵੱਲੋਂ ਨਿਰਦੇਸ਼ਿਤ ਕੀਤਾ ਗਿਆ।ਇਹ ਨਾਟਕ ਸਰਕਾਰੀ ਪ੍ਰਣਾਲੀ ਵਿੱਚ ਬਣ ਰਹੀਆਂ ਕਮੇਟੀਆਂ ਅਤੇ ਲਗਾਤਾਰ ਹੋਣ ਵਾਲੀਆਂ ਮੀਟਿੰਗਾਂ ਦੀ ਉਸ 'ਸੰਸਕ੍ਰਿਤੀ' 'ਤੇ ਤਿੱਖਾ ਵਿਅੰਗ ਕਰਦਾ ਹੈ, ਜਿੱਥੇ ਅਸਲ ਮੁੱਦਿਆਂ ਦੀ ਬਜਾਇ ਗੱਲਬਾਤ ਅਕਸਰ ਰਸਮੀ ਕਾਰਵਾਈ ਤੇ ਦਿਖਾਵੇ ਤੱਕ ਹੀ ਸੀਮਿਤ ਰਹਿ ਜਾਂਦੀ ਹੈ।

ਨਾਟਕ ਦਾ ਦਿਲਚਸਪ ਪਹਿਲੂ ਸਰਲ ਭਾਸ਼ਾ, ਹਲਕੇ ਹਾਸੇ ਤੇ ਵਿਅੰਗ ਰਾਹੀਂ ਗੰਭੀਰ ਸਮਾਜਿਕ ਹਕੀਕਤਾਂ ਨੂੰ ਪੇਸ਼ ਕਰਨ ਦੀ ਯੋਗਤਾ ਸੀ।ਦਰਸ਼ਕ ਹੱਸਦੇ ਹੋਏ ਅੰਦਰੋਂ ਇਹ ਵੀ ਸੋਚਣ ਲਈ ਮਜਬੂਰ ਹੋਏ ਕਿ ਇਹ ਬੇਅੰਤ ਮੀਟਿੰਗਾਂ ਕਦੇ ਕਿਸੇ ਅਰਥਪੂਰਨ ਨਤੀਜੇ ਵੱਲ ਲੈ ਜਾਂਦੀਆਂ ਹਨ।'ਏਕ ਔਰ ਮੀਟਿੰਗ' ਸਿਰਫ਼ ਮਨੋਰੰਜਨ ਨਹੀਂ ਸਗੋਂ ਇੱਕ ਤਿੱਖਾ ਸਮਾਜਿਕ ਵਿਅੰਗ ਹੈ, ਜੋ ਸਮਾਜ ਤੇ ਸ਼ਾਸਨ ਬਾਰੇ ਗੰਭੀਰ ਸਵਾਲ ਉਠਾਉਂਦਾ ਹੈ, ਜਿਸ ਨਾਲ ਦਰਸ਼ਕਾਂ ਨੂੰ ਹੱਸਦੇ ਹੋਏ ਵੀ ਸੋਚਣ ਲਈ ਮਜਬੂਰ ਕਰਦਾ ਹੈ।ਨਾਟਕ ਵਿੱਚ ਸਾਰੇ ਕਲਾਕਾਰਾਂ ਨੇ ਆਪਣੀਆਂ ਭੂਮਿਕਾਵਾਂ ਨੂੰ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ।ਦੀਪੇਂਦਰ ਸਿੰਘ ਨੇ ਪੀ.ਐੱਸ. ਕੋਹਲੀ ਦੀ ਭੂਮਿਕਾ ਨੂੰ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ।ਸੋਨੂ ਨੇ ਸਦਾਨੰਦ ਭਾਰਤੀ, ਅਮ੍ਰਿਤ ਜੱਸਲ ਨੇ ਅਨੁਭਵ ਤ੍ਰਿਪਾਠੀ ਦਾ ਕਿਰਦਾਰ ਨਿਭਾਇਆ, ਪਰ ਕਮਲਪ੍ਰੀਤ ਕੌਰ ਨੇ ਮੰਤਰੀ ਦੀ ਭੂਮਿਕਾ ਵਿੱਚ ਧਾਕ ਛੱਡੀ। ਬਾਕੀ ਕਲਾਕਾਰਾਂ ਵਿੱਚ ਰਵੀ ਚੌਹਾਨ, ਰੋਬਿਨ, ਨੇਹਾ ਧੀਮਾਨ, ਹਰਪ੍ਰੀਤ ਨੇ ਵੀ ਆਪਣੇ ਕਿਰਦਾਰਾਂ ਨਾਲ ਇਨਸਾਫ ਕੀਤਾ।

ਇਸ ਨਾਟਕੀ ਸ਼ਾਮ ਦੇ ਮੁੱਖ ਮਹਿਮਾਨ ਕੈਪਟਨ ਗੁਰਤੇਜ ਸਿੰਘ (ਸਕਿਊਰਟੀ ਯੁਵਕ ਭਲਾਈ ਅਫਸਰ) ਨੇ ਯੂਨੀਵਰਸਿਟੀ ਦੇ ਸਾਬਕਾ ਸਕਿਊਰਟੀ ਅਫਸਰ ਆਲਮ ਸਿੰਘ ਨੂੰ ਸਨਮਾਨਤ ਕੀਤਾ।ਵਿਸ਼ੇਸ਼ ਮਹਿਮਾਨ ਵਜੋਂ ਪਧਾਰੇ ਪੰਜਾਬੀ ਗਾਇਕ ਜੱਸੀ ਜਸਵੀਰ ਨੇ ਨਾਟਕ ਦੀ ਪ੍ਰਸੰਸਾ ਕੀਤੀ ਤੇ ਹੀਰ ਤੇ ਹੋਰ ਗੀਤ ਗਾ ਕੇ ਲੋਕਾਂ ਦਾ ਮਨੋਰੰਜਨ ਕੀਤਾ। ਵਿਭਾਗ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਨੇ ਕਲਾਕਾਰਾਂ ਨੂੰ ਫੁਲਕਾਰੀ ਦੇ ਕੇ ਸਨਮਾਨਤ ਕੀਤਾ ਤੇ ਕਿਹਾ ਤੇ ਕਿਹਾ ਕਿ ਭ੍ਰਿਸ਼ਟਾਚਾਰ ਸਮਾਜ ਨੂੰ ਕਮਜ਼ੋਰ ਕਰਦਾ ਹੈ।

ਡਾ. ਗਗਨ ਥਾਪਾ, ਡਾ. ਕੁਲਦੀਪ ਕੌਰ, ਡਾ. ਰਵੀ ਕੁਮਾਰ ਅਨੂੰ, ਅਮਰਿੰਦਰ ਬਜਾਜ਼, ਬਲਕਰਨ ਬਰਾੜ, ਦਲਜੀਤ ਡਾਲੀ, ਡਾ. ਸੁਰਜੀਤ ਭੱਟੀ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਫ਼ੈਸਟੀਵਲ ਡਾਇਰੈਕਟਰ ਡਾ. ਇੰਦਰਜੀਤ ਗੋਲਡੀ ਨੇ ਨੋਰ੍ਹਾ ਰਿਚਰਡਜ਼ ਦੀ ਪੰਜਾਬੀ ਰੰਗਮੰਚ ਨੂੰ ਦੇਣ ਬਾਰੇ ਚਾਨਣਾ ਪਾਇਆ ਤੇ ਆਏ ਹੋਏ ਮਹਿਮਾਨਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ।ਰੂਬਰੂ ਵਾਲੇ ਸੈਸ਼ਨ ਦੌਰਾਨ ਪੰਜਾਬੀ ਫ਼ਿਲਮਾਂ ਦੇ ਸੁਪਰ ਸਟਾਰ ਅਦਾਕਾਰ ਦੇਵ ਖਰੌੜ ਨੇ ਦਰਸ਼ਕਾਂ ਦੇ ਰੂਬਰੂ ਹੋਕੇ ਰੰਗਮੰਚ ਤੋਂ ਫ਼ਿਲਮਾਂ ਤੱਕ ਦੇ ਆਪਣੇ ਸਫ਼ਰ ਨੂੰ ਸਾਂਝਾ ਕੀਤਾ।ਦਰਸ਼ਕਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਰੰਗਮੰਚ ਦੇ ਕਲਾਕਾਰ ਹਮੇਸ਼ਾ ਹੀ ਵੱਖਰਾ ਤੇ ਨਿਵੇਕਲਾ ਕੰਮ ਕਰਦੇ ਹਨ।ਉਨ੍ਹਾਂ ਰੰਗਮੰਚ ਦੇ ਤਜਰਬੇ ਤੇ ਯਾਦਾਂ ਸਾਂਝੀਆਂ ਕੀਤੀਆਂ।ਰੰਗਮੰਚ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਿੱਚ ਜ਼ਿਆਦਾ ਸੰਤੁਸ਼ਟੀ ਮਿਲਦੀ ਹੈ, ਕਿਉਂਕਿ ਦਰਸ਼ਕਾਂ ਦੀ ਪ੍ਰਤੀਕਿਰਿਆ ਤੁਰੰਤ ਮਿਲਦੀ ਹੈ।ਇਸ ਲਈ ਅਦਾਕਾਰ ਕੋਲ ਸਵੈ-ਵਿਸ਼ਵਾਸ ਤੇ ਭਰੋਸਾ ਹੁੰਦਾ ਹੈ।ਨਵੇਂ ਕਲਾਕਾਰਾਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਆਪਣੀ ਪ੍ਰਤਿਭਾ ਤੇ ਮਿਹਨਤ ਨਾਲ ਕੋਈ ਵੀ ਮੰਜ਼ਲ ਸਰ ਕਰ ਸਕਦੇ ਹੋ।

# ਨਾਮਦੇਵ ਭੁਟਾਲ ਦੇ ਜੀਵਨ ਤੇ ਯਾਦਾਂ ਨੂੰ ਸਮਰਪਤ ਕਿਤਾਬ ਲੋਕ ਅਰਪਣ




**ਲਹਿਰਾਗਾਗਾ (ਪਵਨ ਸ਼ਰਮਾ)**-ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੇ ਸੂਝਵਾਨ, ਸਮਰਪਤ ਤੇ ਜੁਝਾਰੂ ਸਾਥੀ ਨਾਮਦੇਵ ਭੁਟਾਲ ਦੇ ਜੀਵਨ ਤੇ ਯਾਦਾਂ ਬਾਰੇ ਰਣਜੀਤ ਲਹਿਰਾ ਵੱਲੋਂ ਸੰਪਾਦਤ ਪੁਸਤਕ 'ਇਨਕਲਾਬੀ ਜਮਹੂਰੀ ਲਹਿਰ ਦਾ ਜੁਝਾਰੂ ਸਿਪਾਹੀ : ਨਾਮਦੇਵ ਭੁਟਾਲ' ਪਿੰਡ ਭੁਟਾਲ ਕਲਾਂ ਵਿਖੇ ਲੋਕ ਅਰਪਣ ਕੀਤੀ ਗਈ।ਪੁਸਤਕ ਦੇ ਸੰਪਾਦਕ ਰਣਜੀਤ ਲਹਿਰਾ ਵੱਲੋਂ ਸਾਥੀ ਨਾਮਦੇਵ ਦੀ ਜੀਵਨ ਸਾਥੀ ਜਸਵੰਤ ਕੌਰ, ਉਨ੍ਹਾਂ ਦੇ ਬੇਟੇ ਦਿਲਪ੍ਰੀਤ ਦੀਪੀ, ਉਨ੍ਹਾਂ ਦੀ ਬੇਟੀ ਹਰਦੀਪ ਕੌਰ ਰਿੰਪੀ, ਜਵਾਈ ਸੁਖਵਿੰਦਰ ਸਿੰਘ ਹੈਪੀ ਤੇ ਉਨ੍ਹਾਂ ਦੇ ਵੱਡੇ ਭਰਾ ਬਾਈ ਬਲਦੇਵ ਸਿੰਘ ਗਿੱਲ ਨੂੰ ਪਹਿਲੀ ਕਾਪੀ ਭੇਟ ਕੀਤੀ ਗਈ।ਉਨ੍ਹਾਂ ਨਾਲ ਨਾਮਦੇਵ ਦੇ ਬਹੁਤ ਨਜ਼ਦੀਕੀ ਦੋਸਤ ਜਗਮੋਹਨ ਪਟਿਆਲਾ, ਐਡਵੋਕੇਟ ਸੰਪੂਰਨ ਸਿੰਘ ਛਾਜਲੀ, ਐਡਵੋਕੇਟ ਹਰੀਭਗਵਾਨ ਜੌਹਰ, ਬਿੱਲੂ ਭੁਟਾਲ, ਵਿੰਦਰ ਸਿੰਘ, ਰਾਜਪਾਲ ਕੌਰ, ਹਰਚਰਨ ਮੀਨੂ ਵੀ ਨਾਲ ਸਨ।ਕਿਤਾਬ ਬਾਰੇ ਲੇਖ਼ਕ ਰਣਜੀਤ ਲਹਿਰਾ ਨੇ ਕਿਹਾ ਕਿ ਸਾਥੀ ਨਾਮਦੇਵ ਭੁਟਾਲ ਇਨਕਲਾਬੀ ਜਮਹੂਰੀ ਲਹਿਰ ਦੀ ਇੱਕ ਮਾਣਮੱਤੀ ਸ਼ਖ਼ਸੀਅਤ ਸੀ, ਜਿਸ ਨੇ ਆਪਣੀ ਜ਼ਿੰਦਗੀ ਦੇ ਪੰਜਾਹ ਤੋਂ ਵਧੇਰੇ ਸਾਲ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਕੁਰਬਾਨ ਕੀਤੇ ਤੇ ਮਰਨ ਉਪਰੰਤ ਮਨੁੱਖਤਾ ਦੀ ਸੇਵਾ ਲਈ ਆਪਣਾ ਸ਼ਰੀਰ ਵੀ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ।ਅਜਿਹੀ ਅਜ਼ੀਮ ਸ਼ਖ਼ਸੀਅਤ ਦੇ ਅਨੇਕਾਂ ਗੁਣਾਂ, ਕੁਰਬਾਨੀਆਂ ਤੇ ਯਾਦਾਂ ਨੂੰ ਕਿਤਾਬ ਦੇ ਰੂਪ ਵਿੱਚ ਸੰਪਾਦਿਤ ਕਰਕੇ ਮੈਂ ਆਪਣਾ ਲੇਖਕ ਹੋਣ ਦਾ ਫ਼ਰਜ਼ ਨਿਭਾਇਆ ਹੈ।ਉਨ੍ਹਾਂ ਕਿਹਾ ਕਿ ਵਿੱਛੜੇ ਸਾਥੀਆਂ ਬਾਰੇ ਲਿਖਣ ਦੀ ਪ੍ਰੇਰਨਾ ਉਨ੍ਹਾਂ ਨੂੰ ਸ਼ਾਇਰ ਸੁਰਜੀਤ ਪਾਤਰ ਦੀਆਂ ਇਹ ਸਤਰਾਂ 'ਮੇਰੇ ਯਾਰ ਜੋ ਇਸ ਆਸ 'ਤੇ ਮਰ ਗਏ ਕਿ ਮੈਂ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ, ਜੇ ਮੈਂ ਚੁੱਪ ਹੀ ਰਿਹਾ ਹੈ ਜੇ ਮੈਂ ਕੁਝ ਨਾ ਕਿਹਾ ਬਣ ਹਵਾਵਾਂ ਸਦਾ ਭਟਕਦੇ ਰਹਿਣਗੇ' ਵਿੱਛੜੇ ਸਾਥੀਆਂ ਬਾਰੇ ਲਿਖਣ ਦੀ ਪ੍ਰੇਰਨਾ ਦਿੰਦੀਆਂ ਰਹਿੰਦੀਆਂ ਹਨ। ਮਰਹੂਮ ਸਾਥੀ ਨਾਮਦੇਵ ਭੁਟਾਲ ਦੇ ਬਹੁਤ ਕਰੀਬੀ ਦੋਸਤ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਪਟਿਆਲਾ ਨੇ ਕਿਹਾ ਕਿ ਉਹ ਆਪਣੇ ਤੇ ਪਰਿਵਾਰ ਵੱਲੋਂ ਕਿਤਾਬ ਦੇ ਸੰਪਾਦਕ ਰਣਜੀਤ ਲਹਿਰਾ ਸਮੇਤ ਕਿਤਾਬ ਲਈ ਯਾਦਗਾਰੀ ਰਚਨਾਵਾਂ ਲਿਖਣ ਵਾਲੇ ਸਾਰੇ ਸੰਗੀਆਂ ਸਾਥੀਆਂ ਦਾ ਧੰਨਵਾਦ ਕੀਤਾ ਤੇ ਉਮੀਦ ਜ਼ਾਹਰ ਕੀਤੀ ਕਿ ਪਾਠਕ ਇਸ ਕਿਤਾਬ ਨੂੰ ਭਰਵਾਂ ਹੁੰਗਾਰਾ ਦੇਣਗੇ।

# ਬਿਜਲੀ ਸੋਧ ਬਿੱਲ ਖਿਲਾਫ ਰੈਲੀ ਕਰਕੇ ਬਿੱਲ ਦੀਆਂ ਕਾਪੀਆਂ ਸਾੜੀਆਂ



**ਦੋਰਾਹਾ (ਹਰਮਿੰਦਰ ਸੇਠ)**

ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਉੱਤੇ ਕਿਸਾਨ, ਬਿਜਲੀ ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਬਿੱਲ 2025, ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ, ਨਵੇਂ ਬਣਾਏ ਚਾਰ ਲੇਬਰ ਕੋਡ ਤੇ ਸੀਡ ਬਿੱਲ 2025 ਖ਼ਿਲਾਫ਼ ਪਾਵਰਕਾਮ ਡਵੀਜ਼ਨ ਅੱਗੇ ਵਿਸ਼ਾਲ ਧਰਨਾ ਦੇਣ ਉਪਰੰਤ ਉਕਤ ਬਿੱਲਾਂ ਤੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਆਲ ਇੰਡੀਆ ਕਿਸਾਨ ਸਭਾ-1936, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂਆਂ ਨੇ ਕਿਹਾ ਬਿਜਲੀ ਵਿਭਾਗ ਦਾ ਮੁਕੰਮਲ ਨਿੱਜੀਕਰਨ ਕਰਨ ਲਈ ਕੇਂਦਰ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੀ ਲੁੱਟ ਤੇ ਮੁਨਾਫੇ ਲਈ ਬਿਜਲੀ ਸੋਧ ਬਿੱਲ 2025 ਲਿਆਂਦਾ ਗਿਆ ਹੈ।ਇਸੇ ਮਨਸ਼ੇ ਤਹਿਤ ਹੀ ਕਾਮਿਆਂ ਦੀ ਕਿਰਤ ਦੀ ਲੁੱਟ ਨੂੰ ਤਿੱਖਾ ਕਰਦਿਆਂ ਲੇਬਰ ਕੋਡਾਂ ਨੂੰ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ।ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੀਆਂ ਜਮੀਨਾਂ ਵੇਚਣ ਦਾ ਫੈਸਲਾ ਕੀਤਾ ਹੈ।ਕਿਸਾਨ ਵਿਰੋਧੀ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਸੀਡ ਬਿੱਲ 2025 ਦੀ ਵੀ ਕਿਸਾਨਾਂ ਵਿੱਚ ਭਾਰੀ ਬੇਚੈਨੀ ਹੈ।

ਆਗੂਆਂ ਨੇ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਖ਼ਿਲਾਫ਼ ਲੋਕਾਂ ਨੂੰ ਚੇਤਨ ਕਰਨ ਲਈ ਪਹਿਲੇ ਪੜਾਅ ਵਿੱਚ ਇਨ੍ਹਾਂ ਬਿੱਲਾਂ ਤੇ ਕਾਨੂੰਨਾਂ ਖ਼ਿਲਾਫ਼ ਰੋਹ ਭਰਪੂਰ ਰੈਲੀਆਂ ਅਤੇ ਮੁਜ਼ਾਹਰੇ ਕਰਕੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਬਿੱਲਾਂ ਤੇ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ। ਕਾਰਪੋਰੇਟ ਪੱਖੀ ਬਣਾਏ ਚਾਰ ਲੇਬਰ ਕੋਡ ਰੱਦ ਕਰਕੇ ਐਕਟ 1948 ਵਾਲੇ ਕਿਰਤ ਕਾਨੂੰਨ ਬਹਾਲ ਕੀਤੇ ਜਾਣ।ਪੰਜਾਬ ਸਰਕਾਰ ਤੁਰੰਤ ਵਿਧਾਨ ਸਭਾ ਅੰਦਰ ਬਿਜਲੀ ਬੋਰਡ ਦੇ ਕੀਤੇ ਜਾ ਰਹੇ ਕੇਂਦਰੀਕਰਨ, ਬਿਜਲੀ ਸੋਧ ਬਿਲ 2025 ਅਤੇ ਸੀਡ ਬਿੱਲ ਨੂੰ ਰੱਦ ਕਰਨ ਦਾ ਮਤਾ ਪਾਸ ਕਰੇ।ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ ਦੇ ਮਨਸੂਬਿਆਂ ਨੂੰ ਤੁਰੰਤ ਵਾਪਸ ਲਵੇ।ਜੇਕਰ ਕੇਂਦਰ ਤੇ ਪੰਜਾਬ ਸਰਕਾਰ ਨੇ ਇਨ੍ਹਾਂ ਬਿੱਲਾਂ ਅਤੇ ਕਾਨੂੰਨਾਂ ਨੂੰ ਵਾਪਸ ਨਾ ਲਿਆ ਤਾਂ 8 ਦਸੰਬਰ ਦੇ ਐਲਾਨ ਕੀਤੇ ਸੰਘਰਸ਼ ਨੂੰ ਲਾਗੂ ਕਰਨ ਤੋਂ ਬਾਅਦ ਕਿਸਾਨ, ਮਜ਼ਦੂਰ, ਬਿਜਲੀ ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਧਰਨੇ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਸੁਦਾਗਰ ਸਿੰਘ ਘੁਡਾਣੀ ਤੇ ਜਸਵੀਰ ਸਿੰਘ, ਆਲ ਇੰਡੀਆ ਕਿਸਾਨ ਸਭਾ-1 ਕਾਮ ਦੇ ਜਸਵੀਰ ਝੱਜ, ਜੰਗ ਸਿੰਘ ਤੇ ਗੁਰਮੇਲ ਸਿੰਘ ਸਿਆੜ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਰਾਜਵੀਰ ਸਿੰਘ ਘੁਡਾਣੀ, ਟੈਕਨੀਕਲ ਸਰਵਿਸਜ਼ ਯੂਨੀਅਨ ਜਸਵਿੰਦਰ ਸਿੰਘ, ਪੈਨਸ਼ਨਰ ਐਸੋਸੀਏਸ਼ਨ ਪਾਵਰ ਕਾਮ ਐਂਡ ਟ੍ਰਾਂਸਕੋ ਦੇ ਤਰਸੇਮ ਲਾਲ, ਹਰਬੰਸ ਸਿੰਘ ਦੋਬੁਰਜੀ,ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨ ਯੂਨੀਅਨ ਦੇ ਬਲਵਿੰਦਰ ਸਿੰਘ, ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਸੁਖਜੀਤ ਸਿੰਘ, ਜਗਰੂਪ ਸਿੰਘ, ਪੀ ਐਸ.ਈ.ਬੀ. ਇੰਪਲਾਈਜ ਫੈਡਰੇਸ਼ਨ ਲਖਵੀਰ ਸਿੰਘ ਨੇ ਸੰਬੋਧਨ ਕੀਤਾ।

# ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਸ਼ਨਪ੍ਰੀਤ ਕੌਰ ਤੇ ਹਰਮਨਪ੍ਰੀਤ ਸਿੰਘ ਹਮੀਦੀ ਵੱਲੋਂ ਘਰ-ਘਰ ਜਾ ਕੇ ਚੋਣ ਪ੍ਰਚਾਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**

ਜ਼ਿਲ੍ਹਾ ਪ੍ਰੀਸ਼ਦ ਜ਼ੋਨ ਠੁੱਲੀਵਾਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬੀਬੀ ਜਸ਼ਨਪ੍ਰੀਤ ਕੌਰ ਹਮੀਦੀ ਅਤੇ ਬਲਾਕ ਸੰਮਤੀ ਜ਼ੋਨ ਵਜੀਦਕੇ ਕਲਾਂ ਤੋਂ ਉਮੀਦਵਾਰ ਹਰਮਨਪ੍ਰੀਤ ਸਿੰਘ ਹਮੀਦੀ ਦੀ ਚੋਣ ਮੁਹਿੰਮ ਨੂੰ ਹਰ ਪਾਸਿਓਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਪਿੰਡ ਗੁੰਮਟੀ, ਹਮੀਦੀ ਆਦਿ ਪਿੰਡਾਂ ਵਿਖੇ ਉਮੀਦਵਾਰ ਬੀਬੀ ਜਸ਼ਨਪ੍ਰੀਤ ਕੌਰ ਹਮੀਦੀ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਅਤੇ ਸਰਕਾਰ ਸਮੇਂ ਕੀਤੇ ਵਿਕਾਸ ਕਾਰਜਾਂ ਦੀ ਜਾਣਕਾਰੀ ਦਿੱਤੀ। ਹਲਕਾ ਇੰਚਾਰਜ ਮਹਿਲ ਕਲਾਂ ਜਥੇਦਾਰ ਨਾਥ ਸਿੰਘ ਹਮੀਦੀ ਨੇ ਲੋਕ ਭਲਾਈ ਸਕੀਮਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮ ਵਰਗ ਅਤੇ ਦੁਕਾਨਦਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਮੁਹੱਈਆ ਕਰਵਾਈਆਂ ਸਹੂਲਤਾਂ ਦਾ ਵਰਨਣ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਤੇ ਉਨ੍ਹਾਂ ਸਾਰੀਆਂ ਸਕੀਮਾਂ ਨੂੰ ਫਿਰ ਤੋਂ ਲਾਗੂ ਕੀਤਾ ਜਾਵੇਗਾ। ਇਸ ਸਮੇਂ ਇਕੱਤਰ ਸੰਗਤਾਂ ਨੇ ਪੂਰਨ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਦੋਵੇ ਉਮੀਦਵਾਰਾਂ ਨੂੰ ਸ਼ਾਨ ਨਾਲ ਜਿਤਾਇਆ ਜਾਵੇਗਾ। ਇਸ ਸਮੇਂ ਦਲਬਾਰਾ ਸਿੰਘ ਹਮੀਦੀ, ਮਨਮੋਹਨ ਸਿੰਘ ਹਮੀਦੀ, ਬੀਬੀ ਮਨਜੀਤ ਕੌਰ ਹਮੀਦੀ, ਸਿਮਰਨਪ੍ਰੀਤ ਕੌਰ ਹਮੀਦੀ, ਕਮਲਜੀਤ ਕੌਰ ਹਮੀਦੀ, ਗੁਰਦੀਪ ਸਿੰਘ ਹਮੀਦੀ ਆਦਿ ਅਗਵਾਈ ਹੇਠ ਉਮੀਦਵਾਰ ਬੀਬੀ ਜਸ਼ਨਪ੍ਰੀਤ ਕੌਰ ਹਮੀਦੀ, ਹਰਮਨਜੀਤ ਸਿੰਘ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਅਖੀਰ ਵਿੱਚ ਜਥੇਦਾਰ ਨਾਥ ਸਿੰਘ ਹਮੀਦੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

# ਕਿੰਡਰ ਗਾਰਟਨ ਸਕੂਲ ਦੇ ਵਿਦਿਆਰਥੀਆਂ ਨੇ ਗੁਰਦੁਆਰਾ ਕਤਲਗੜ੍ਹ ਦੇ ਕੀਤੇ ਦਰਸ਼ਨ



**ਸਮਰਾਲਾ (ਸੁਰਜੀਤ ਸਿੰਘ)**

ਕਿੰਡਰ ਗਾਰਟਨ ਐਂਡ ਸੀ. ਸੈ. ਸਕੂਲ ਵੱਲੋਂ ਬੱਚਿਆਂ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਦੇ ਹੋਏ ਬੱਚਿਆਂ ਨੂੰ ਗੁਰਦੁਆਰਾ ਕਤਲਗੜ੍ਹ ਸਾਹਿਬ ਅਤੇ ਦਾਸਤਾਨ -ਏ -ਸ਼ਹਾਦਤ ਮਿਊਜ਼ੀਅਮ ਦੇ ਦਰਸ਼ਨਾਂ ਲਈ ਲਿਜਾਇਆ ਗਿਆ, ਜਿਸ ਦਾ ਉਦੇਸ਼ ਬੱਚਿਆਂ 'ਚ ਧਾਰਮਕਿ ਕਦਰਾਂ-ਕੀਮਤਾਂ ਨੂੰ ਜਗਾਉਣਾ ਤੇ ਉਨ੍ਹਾਂ 'ਚ ਅਧਿਆਤਮਕ ਕਦਰਾਂ-ਕੀਮਤਾਂ ਤੇ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਕਰਨਾ ਹੈ।ਸਾਰੇ ਬੱਚੇ ਬੜੇ ਅਨੁਸ਼ਾਸਨ ਨਾਲ ਗੁਰਦੁਆਰਾ ਸਾਹਿਬ ਦੇ ਅੰਦਰ ਦਾਖ਼ਲ ਹੋਏ, ਆਪਣੇ ਸਿਰ ਰੁਮਾਲਾਂ ਨਾਲ ਢਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਹੋ ਕੇ ਮੱਥਾ ਟੇਕਿਆ ਬੱਚਿਆਂ ਨੇ ਆਪਣੀ ਮਿੱਠੀ ਆਵਾਜ਼ 'ਚ ਮੂਲ ਮੰਤਰ ਅਤੇ ਸਤਿਨਾਮ ਸ੍ਰੀ ਵਾਹਿਗੁਰੂ ਦਾ ਜਾਪ ਕੀਤਾ ਤੇ ਕੀਰਤਨ ਦਾ ਆਨੰਦ ਮਾਣਿਆ।ਬੱਚਿਆਂ ਨੇ ਸ਼ਬਦ-ਕੀਰਤਨ 'ਚ ਵੀ ਯੋਗਦਾਨ ਪਾਇਆ।ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੇ ਬੱਚਿਆਂ ਨੂੰ ਨਾਮ ਜਪੋ, ਵੰਡ ਛਕੋ, ਕਿਰਤ ਕਰੋ ਦੇ ਅਰਥ ਸਮਝਾਏ। ਬੱਚਿਆਂ ਨੇ ਸਤਿਕਾਰ ਸਹਿਤ ਪ੍ਰਸ਼ਾਦ ਛਕਿਆ। ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਦੱਸਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਮੁਗ਼ਲ ਫ਼ੌਜਾਂ ਬੜੀ ਤੇਜ਼ੀ ਨਾਲ ਉਨ੍ਹਾਂ ਦਾ ਪਿੱਛਾ ਕਰ ਰਹੀਆਂ ਸਨ।ਗੁਰੂ ਸਾਹਿਬ ਨੇ ਚਮਕੌਰ ਸਾਹਿਬ ਦੀ ਇੱਕ ਕੱਚੀ ਗੜ੍ਹੀ ਵਿੱਚ 40 ਸਿੱਖਾਂ ਸਮੇਤ ਸ਼ਰਨ ਲਈ।ਮੁਗ਼ਲ ਸੈਨਿਕਾਂ ਨੇ ਇਸ ਗੜ੍ਹੀ ਨੂੰ ਘੇਰਾ ਪਾ ਲਿਆ।ਚਮਕੌਰ ਸਾਹਿਬ ਦੀ ਇਹ ਲੜਾਈ ਜੋ 22 ਦਸੰਬਰ, 1704 ਈ. ਵਿੱਚ ਲੜੀ ਗਈ, ਬੜੀ ਘਮਸਾਣ ਦੀ ਲੜਾਈ ਸੀ।ਇਸ ਲੜਾਈ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ-ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਬਹਾਦਰੀ ਦੇ ਉਹ ਜੌਹਰ ਵਿਖਾਏ ਕਿ ਮੁਗ਼ਲਾਂ ਨੂੰ ਦਿਨੇ ਤਾਰੇ ਨਜ਼ਰ ਆ ਗਏ।ਉਨ੍ਹਾਂ ਅਣਗਿਣਤ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਅੰਤ ਲੜਦੇ-ਲੜਦੇ ਸ਼ਹੀਦ ਹੋ ਗਏ।ਪੰਜ ਸਿੱਖਾਂ ਦੀ ਬੇਨਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਸਾਹਿਬ ਦੀ ਗੜ੍ਹੀ ਨੂੰ ਛੱਡ ਦਿੱਤਾ।ਸਕੂਲੀ ਬੱਚਿਆਂ ਨੂੰ 'ਦਾਸਤਾਨ ਏ ਸ਼ਹਾਦਤ' ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹੰਦ ਫ਼ਤਿਹ ਤੇ ਖ਼ਾਲਸਾ ਰਾਜ ਸਥਾਪਤ ਕਰਨ ਤੱਕ ਦੇ ਇਤਿਹਾਸ ਨੂੰ ਐਨੀਮੇਟਿਡ ਰੂਪ 'ਚ ਦਰਸਾਉਂਦੀਆਂ 11 ਗੈਲਰੀਆਂ ਨੂੰ ਦਿਖਾਇਆ ਗਿਆ।

ਗੈਲਰੀਆਂ ਰਾਹੀਂ ਪੇਸ਼ ਕੀਤੀ ਐਨੀਮੇਟਿਡ ਝਲਕ ਦੇਖ ਕੇ ਬੱਚਿਆਂ ਦੀਆਂ ਅੱਖਾਂ 'ਚ ਹੰਝੂ ਆਪ ਮੁਹਾਰੇ ਵਗਣ ਲੱਗ ਗਏ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੋਤ ਕੌਰ, ਅਧਿਆਪਕ ਅਤੇ ਤੀਜੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀ ਸ਼ਾਮਲ ਸਨ।

## ਅਨੰਦ ਈਸ਼ਰ ਪਬਲਿਕ ਸਕੂਲ ਨੇ ਜਿੱਤੀ ਜ਼ੋਨਲ ਟਰਾਫੀ



**ਜਗਰਾਉਂ (ਸੰਜੀਵ ਅਰੋੜਾ)**-ਸਤਿਨਾਮ ਸਰਬ ਕਲਿਆਣ ਟਰੱਸਟ ਰਜਿ: ਚੰਡੀਗੜ੍ਹ ਜ਼ੋਨ ਮੋਗਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਗੁਰਮਤਿ ਮੁਕਾਬਕਾ ਕਰਾਇਆ ਗਿਆ। ਸੁਖਜਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਕਾਬਲੇ 'ਚ ਮੋਗੇ ਜ਼ਿਲ੍ਹੇ ਦੇ 28 ਸਕੂਲਾਂ ਦੇ 646 ਬੱਚਿਆਂ ਨੇ ਭਾਗ ਲਿਆ, ਜਿਸ 'ਚ ਗੁਰਬਾਣੀ ਕੰਠ, ਕਵੀਸ਼ਰੀ, ਕਵਿਤਾ, ਭਾਸ਼ਣ, ਵਾਰਤਾਲਾਪ, ਕੁਇਜ਼, ਦਸਤਾਰ, ਦੁਮਾਲਾ, ਸ਼ਬਦ ਗਾਇਨ ਅਤੇ ਗੱਤਕਾ ਮੁਕਾਬਲੇ ਕਰਾਏ ਗਏ, ਜਿਸ 'ਚ ਬੱਚਿਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਮੁਕਾਬਲੇ ਵਿੱਚ ਸਭ ਤੋਂ ਵੱਧ ਪੁਜੀਸ਼ਨਾਂ ਹਾਸਲ ਕਰਕੇ ਅਨੰਦ ਈਸ਼ਰ ਪਬਲਿਕ ਸਕੂਲ ਕੋਠੇ ਪੋਨਾ ਦੇ ਵਿਦਿਆਰਥੀਆਂ ਨੇ ਰਨਿੰਗ ਟਰਾਫੀ ਜਿੱਤੀ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੀ ਗੱਤਕੇ ਦੀ ਟੀਮ ਨੇ ਲਗਾਤਾਰ ਚੌਥੀ ਵਾਰ ਪਹਿਲੀ ਪੁਜੀਸ਼ਨ ਹਾਸਲ ਕੀਤੀ। ਉਨ੍ਹਾਂ ਟਰੱਸਟ ਦੇ ਮੈਨੇਜਰ ਭਿੰਦਰ ਸਿੰਘ ਅਤੇ ਸੁਪਰਵਾਈਜ਼ਰ ਹਰਦੀਪ ਸਿੰਘ ਦਾ ਸ਼ਾਨਦਾਰ ਤੇ ਸੁਚੱਜੇ ਢੰਗ ਨਾਲ ਮੁਕਾਬਲਾ ਕਰਾਉਣ ਲਈ ਧੰਨਵਾਦ ਕੀਤਾ। ਪ੍ਰਿੰਸੀਪਲ ਜਸਵਿੰਦਰਪਾਲ ਕੌਰ ਤੇ ਸਰਪੰਚ ਗੁਰਤੇਜ ਸਿੰਘ ਨੇ ਬੱਚਿਆਂ ਤੇ ਸਕੂਲ ਸਟਾਫ਼ ਨੂੰ ਇਸ ਮਾਣਮੱਤੀ ਪ੍ਰਾਪਤੀ ਲਈ ਵਧਾਈ ਦਿੱਤੀ। ਇਸ ਮੌਕੇ ਵਾਈਸ ਪ੍ਰਿੰਸੀਪਲ ਕੰਵਲਦੀਪ ਕੌਰ, ਸੁਖਜਿੰਦਰ ਸਿੰਘ, ਮੈਡਮ ਜਸਪ੍ਰੀਤ ਕੌਰ, ਮੈਂਬਰ ਸੁਖਦੇਵ ਸਿੰਘ ਤੇ ਹਰਮਨ ਸਿੰਘ ਆਦਿ ਹਾਜ਼ਰ ਸਨ।

## ਅਕਾਲੀ ਆਗੂਆਂ ਨੇ ਬੀਬੀ ਗੁਰਜੀਤ ਕੌਰ ਹਰਿਆਊ ਦੀ ਚੋਣ ਮੁਹਿੰਮ ਭਖਾਈ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੀਆਂ ਹੋ ਰਹੀਆਂ ਚੋਣ ਦੌਰਾਨ ਗੁਲਾਹੜ ਜ਼ੋਨ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਬੀਬੀ ਗੁਰਜੀਤ ਕੌਰ ਹਰਿਆਊ ਦੀ ਚੋਣ ਮੁਹਿੰਮ ਨੂੰ ਅਕਾਲੀ ਆਗੂਆਂ ਵੱਲੋਂ ਲਗਾਤਾਰ ਤੇਜ਼ ਕੀਤਾ ਜਾ ਰਿਹਾ ਹੈ।ਦਲ ਦੇ ਆਗੂਆਂ ਵੱਲੋਂ ਸਰਪੰਚ ਬਚਿੱਤਰ ਸਿੰਘ ਹਰਿਆਊ ਦੀ ਮਾਤਾ ਗੁਰਜੀਤ ਕੌਰ ਦੀ ਚੋਣ ਮੁਹਿੰਮ ਨੂੰ ਤੇਜ਼ ਕਰਨ ਲਈ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕਰਨ ਦੇ ਨਾਲ-ਨਾਲ ਘਰ-ਘਰ ਜਾ ਕੇ ਵੋਟਰਾਂ ਨਾਲ ਸਿੱਧਾ ਸੰਪਰਕ ਬਣਾਇਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਪੀਏਡੀਬੀ ਪਾਤੜਾਂ ਦੇ ਸਾਬਕਾ ਚੇਅਰਮੈਨ ਗੁਰਬਚਨ ਸਿੰਘ, ਜਨਰਲ ਸਕੱਤਰ ਲਖਵਿੰਦਰ ਸਿੰਘ ਮੌਲਵੀਵਾਲਾ, ਹਲਕਾ ਸ਼ੁਤਰਾਣਾ ਦੇ ਮੁੱਖ ਬੁਲਾਰੇ ਅਜੈਬ ਸਿੰਘ ਮੱਲ੍ਹੀ, ਜਸਵੰਤ ਸਿੰਘ ਸੰਧੂ ਤੇ ਸਰਪੰਚ ਰਛਪਾਲ ਸਿੰਘ ਵੱਲੋਂ ਨਿਆਲ, ਬਣਵਾਲਾ, ਲਾਲਵਾ, ਡਰੋਲੀ, ਖਾਂਗ, ਦੁਗਾਲ, ਸੇਲਵਾਲਾ, ਹਰਿਆਊ ਕਲਾਂ, ਕੱਲਰ ਭੈਣੀ ਤੇ ਭੂਤਗੜ੍ਹ ਵਿਖੇ ਮੀਟਿੰਗਾਂ ਕੀਤੀਆਂ ਗਈਆਂ।ਆਗੂਆਂ ਨੇ ਕਿਹਾ ਕਿ ਸਰਪੰਚ ਬਚਿੱਤਰ ਸਿੰਘ ਦਾ ਪਰਿਵਾਰ ਟਕਸਾਲੀ ਅਕਾਲੀ ਤੇ ਇਲਾਕੇ ਵਿੱਚ ਚੰਗਾ ਅਸਰ ਰਸੂਖ ਰੱਖਣ ਵਾਲਾ ਪਰਿਵਾਰ ਹੈ।ਉਨ੍ਹਾਂ ਕਿਹਾ ਕਿ ਸੱਤਾ 'ਤੇ ਕਬਜ਼ਾ ਆਪ ਸਰਕਾਰ ਵੱਲੋਂ ਪੰਜਾਬ ਨੂੰ ਕੰਗਾਲ ਕਰਕੇ ਰੱਖ ਦਿੱਤਾ ਗਿਆ ਹੈ। ਸੂਬੇ ਨੂੰ ਬਚਾਉਣ ਲਈ ਅਕਾਲੀ ਦਲ ਦਾ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ।

## ਗੁਰਿੰਦਰ ਸਿੰਘ ਬੱਲ ਨੂੰ ਗੁਲਦਸਤਾ ਭੇਟ ਕਰਕੇ ਦਿੱਤੀਆਂ ਵਧਾਈਆਂ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਵਿਖੇ ਡੀਐਸਪੀ ਗੁਰਿੰਦਰ ਸਿੰਘ ਬੱਲ ਨੂੰ ਨਿਯੁਕਤ ਕੀਤਾ ਗਿਆ।ਉਨ੍ਹਾਂ ਦੀ ਤਾਇਨਾਤੀ ਨੂੰ ਲੈ ਕੇ ਹਲਕੇ ਵਿੱਚ ਖੁਸ਼ੀ ਦੀ ਲਹਿਰ ਭਾਈ ਗਈ।ਕੌਂਸਲਰ ਰੋਜ਼ੀ ਨਾਗਪਾਲ ਦੇ ਪਤੀ ਸਮਾਜ ਸੇਵੀ ਦੀਪਕ ਨਾਗਪਾਲ, ਕੌਂਸਲਰ ਜੀਐਸ ਭੱਟੀ, ਸੰਵਾਦ ਗਰੁੱਪ ਸੰਚਾਲਕ ਰਾਜੇਸ਼ ਢੀਂਗਰਾ, ਮਾਨਟੂ ਪਾਹੂਜਾ ਤੇ ਰਾਕੇਸ਼ ਸਿੰਗਲਾ ਨੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕਰਦਿਆਂ ਵਧਾਈਆਂ ਦਿੱਤੀਆਂ।ਗੁਰਿੰਦਰ ਸਿੰਘ ਬੱਲ ਨੇ ਕਿਹਾ ਕਿ ਐਸਐਸਪੀ ਪਟਿਆਲਾ ਡਾਕਟਰ ਵਰੁਣ ਸ਼ਰਮਾ ਤੇ ਐਸਪੀ ਗੁਰਬੰਸ ਸਿੰਘ ਬੈਂਸ ਦੀ ਅਗਵਾਈ 'ਚ ਸਮਾਜ ਵਿਰੋਧੀ ਅਨਸਰਾਂ, ਨਸ਼ਾ ਸਮਗਲਰਾਂ ਅਤੇ ਗੈਂਗਸਟਰਾਂ ਖਿਲਾਫ ਸਖਤ ਤੋਂ ਸਖਤ ਰੁੱਖ ਅਪਨਾਇਆ ਜਾਵੇਗਾ।ਨਵ ਨਿਯੁਕਤ ਡੀਐਸਪੀ ਗੁਰਿੰਦਰ ਸਿੰਘ ਬੱਲ ਨੇ ਕਿਹਾ ਕਿ ਨਾਭਾ ਹਲਕੇ 'ਚ ਨਸ਼ੇ ਵਾਲੀਆਂ ਦਵਾਈਆਂ ਜਾਂ ਸਿੰਥੈਟਿਕ ਨਸ਼ਾ ਵੇਚਣ ਦਾ ਧੰਦਾ ਕਰਨ ਵਾਲੇ ਦਵਾਈ ਵਿਕਰੇਤਾ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਉਹ ਆਪਣਾ ਗੋਰਖ ਧੰਦਾ ਬੰਦ ਕਰ ਲੈਣ।ਉਨ੍ਹਾਂ ਦੱਸਿਆ ਕਿ ਜਲਦ ਹੀ ਇਲਾਕੇ ਦੀਆਂ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਜਾਵੇਗੀ।ਗੁਰਿੰਦਰ ਸਿੰਘ ਬੱਲ ਨੇ ਕਿਹਾ ਕਿ ਨਾਭਾ ਇਲਾਕੇ ਦੀ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਬਣਾਉਣਾ ਤੇ ਇਲਾਕੇ 'ਚ ਅਮਨ ਸ਼ਾਂਤੀ ਦੀ ਬਹਾਲੀ ਮੁੱਖ ਮਕਸਦ ਹੋਵੇਗਾ।ਉਨ੍ਹਾਂ ਦੱਸਿਆ ਕਿ ਹਲਕਾ ਵਾਸੀਆਂ ਵੱਲੋਂ ਲਗਾਤਾਰ ਮੰਗ ਆ ਰਹੀ ਹੈ ਕਿ ਹਲਕੇ ਵਿੱਚ ਲੋਕਾਂ ਨੂੰ ਟ੍ਰੈਫਿਕ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਤ ਜਲਦੀ ਹੀ ਟ੍ਰੈਫਿਕ ਸਮੱਸਿਆ ਦਾ ਹੱਲ ਕੱਢਿਆ ਜਾਵੇਗਾ।

## ਪੰਜਾਬੀ ਯੂਨੀਵਰਸਿਟੀ ਦੇ ਸ਼ਾਰਟ ਟਰਮ ਕੋਰਸ ਸਫ਼ਲਤਾਪੂਰਵਕ ਸਮਾਪਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਯੂ.ਜੀ.ਸੀ.-ਮਾਲਵੀਆ ਮਿਸ਼ਨ ਅਧਿਆਪਕ ਸਿਖਲਾਈ ਕੇਂਦਰ ਵਿਖੇ ਮੂਕਸ, ਆਨਲਾਈਨ ਕੋਰਸ ਤੇ ਓਪਨ ਸਿੱਖਿਆ ਸਰੋਤ ਵਿਸ਼ੇ ਉੱਤੇ ਸ਼ਾਰਟ ਟਰਮ ਕੋਰਸ ਸਫ਼ਲਤਾਪੂਰਵਕ ਸਮਾਪਤ ਹੋ ਗਿਆ।ਸਮਾਪਤੀ ਸਮਾਰੋਹ 'ਚ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਮੁੱਖ ਮਹਿਮਾਨ ਵਜੋਂ ਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਉਪ-ਕੁਲਪਤੀ ਡਾ. ਸੰਜੀਵ ਕੁਮਾਰ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਜ਼ੋਰ ਦਿੱਤਾ ਕਿ ਡਿਜੀਟਲ ਸਿੱਖਿਆ 'ਚ ਤਕਨੀਕੀ ਤਰੱਕੀ ਨਾਲ ਨੈਤਿਕਤਾ ਤੇ ਸੁਰੱਖਿਆ ਨੂੰ ਜੋੜਨਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਸੁਰੱਖਿਅਤ, ਪਾਰਦਰਸ਼ੀ ਤੇ ਸਮਾਜਿਕ ਲਾਭਕਾਰੀ ਆਨਲਾਈਨ ਸਿੱਖਿਆ ਸਬੰਧੀ ਮਹੌਲ ਦੀ ਉਸਾਰੀ ਅੱਜ ਸਮੇਂ ਦੀ ਲੋੜ ਹੈ।ਉਪ-ਕੁਲਪਤੀ ਡਾ. ਸੰਜੀਵ ਕੁਮਾਰ ਸ਼ਰਮਾ ਨੇ ਡੇਟਾ ਪ੍ਰਾਈਵੇਸੀ, ਡਿਜੀਟਲ ਨੈਤਿਕਤਾ ਤੇ ਸੁਰੱਖਿਅਤ ਵਰਚੂਅਲ ਦੀ ਮਹੱਤਤਾ 'ਤੇ ਚਾਨਣਾ ਪਾਇਆ।ਐਮ.ਐਮ.ਟੀ.ਟੀ.ਸੀ. ਡਾਇਰੈਕਟਰ ਡਾ. ਰਮਨ ਮੈਣੀ ਨੇ ਸਵਾਗਤੀ ਭਾਸ਼ਣ ਦੌਰਾਨ ਦੱਸਿਆ ਕਿ ਇਸ ਪ੍ਰੋਗਰਾਮ ਨੇ ਖੇਤਰ ਦੇ ਫੈਕਲਟੀ ਮੈਂਬਰਾਂ ਨੂੰ ਡਿਜੀਟਲ ਸਿੱਖਿਆ ਈਕੋਸਿਸਟਮ, ਮੂਕਸ ਨਿਰਮਾਣ, ਓਪਨ ਐਜੂਕੇਸ਼ਨਲ ਸਰੋਤ, ਡਿਜੀਟਲ ਪੈਡਾਗੋਜੀ ਦੇ ਵਿਸ਼ਵ ਪੱਧਰੀ ਰੁਝਾਨਾਂ ਤੇ ਨਵੀਨਤਾਕਾਰੀ ਤਕਨੀਕੀ ਸਿੱਖਿਆ ਰਣਨੀਤੀਆਂ ਬਾਰੇ ਡੂੰਘਾ ਗਿਆਨ ਪ੍ਰਦਾਨ ਕੀਤਾ ਹੈ। ਕੋਰਸ ਕੋਆਰਡੀਨੇਟਰ ਦਲਜੀਤ ਅਮੀ ਨੇ ਉਮੀਦ ਪ੍ਰਗਟਾਈ ਕਿ ਇਸ ਕੋਰਸ ਦੇ ਭਾਗੀਦਾਰ ਹੁਣ ਆਧੁਨਿਕ ਡਿਜੀਟਲ ਟੂਲ ਅਪਣਾ ਕੇ ਵਿੱਦਿਅਕ ਅਦਾਰਿਆਂ 'ਚ ਵਿਦਿਆਰਥੀ-ਕੇਂਦਰਿਤ ਤਕਨੀਕੀ ਅਮਲ ਲਾਗੂ ਕਰਨ ਲਈ ਸਮਰੱਥ ਹਨ।

## ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਵੱਡਾ ਝਟਕਾ, ਅੱਧੀ ਦਰਜਨ ਪਰਵਾਰ 'ਆਪ' 'ਚ ਸ਼ਾਮਲ



**ਮਲੋਟ (ਓਮ ਪ੍ਰਕਾਸ਼ ਸ਼ਰਮਾ)**-ਸਥਾਨਕ ਲੰਬੀ ਵਿਧਾਨ ਸਭਾ ਵਿਸ਼ੇਸ਼ ਚਿੰਤਾ ਦਾ ਕੇਂਦਰ ਬਣੀ ਹੋਈ ਹੈ ਜਿੱਥੇ ਕਿਸੇ ਵਕਤ ਬਾਦਲ ਪਰਿਵਾਰ ਇਸ ਇਲਾਕੇ ਨੂੰ ਆਪਣਾ ਖਾਸ ਹੋਣ ਦਾ ਦਾਅਵਾ ਕਰਦਾ ਸੀ ਪਰ ਪ੍ਰਸਥਿਤੀਆਂ ਇਸ ਦੇ ਉਲਟ ਨਜ਼ਰ ਆ ਰਹੀਆਂ ਹਨ। ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਅਤੇ ਗੁਰਮੀਤ ਸਿੰਘ ਖੁੱਡੀਆਂ ਨੇ ਆਪਣੀ ਜਿੱਤ ਨਾਲ ਆਮ ਆਦਮੀ ਪਾਰਟੀ ਦਾ ਪਰਚਮ ਲੰਬੀ ਵਿਧਾਨ ਸਭਾ ਵਿੱਚ ਲਹਿਰਾਇਆ ਹੈ, ਉਸ ਦਾ ਅਸਰ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਦੇ ਪ੍ਰਚਾਰ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਕੈਬਨਿਟ ਮੰਤਰੀ ਖੁੱਡੀਆਂ ਜਦੋਂ ਆਪਣੇ ਕਾਫ਼ਲੇ ਨਾਲ ਪ੍ਰਚਾਰ 'ਤੇ ਨਿਕਲਦੇ ਹਨ ਤੇ ਲੰਬੀ ਵਿਧਾਨ ਸਭਾ ਦੇ ਲੋਕਾਂ ਦਾ ਪਿਆਰ ਦੇਖਣ ਵਾਲਾ ਬਣਦਾ ਹੈ। ਇਸ ਲੜੀ ਤਹਿਤ ਬਲੋਚ ਕੇਰਾ ਪਿੰਡ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਉਸ ਵਕਤ ਬਹੁਤ ਵੱਡਾ ਝਟਕਾ ਲੱਗਾ ਜਦੋਂ ਭਾਰੀ ਗਿਣਤੀ ਵਿੱਚ ਅੱਧੀ ਦਰਜਨ ਦੇ ਕਰੀਬ ਪਰਵਾਰਾਂ ਨੇ ਆਮ ਆਦਮੀ ਪਾਰਟੀ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਪਾਰਟੀ ਨੂੰ ਅਲਵਿਦਾ ਕਹਿ ਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਗਏ। ਸ਼ਾਮਲ ਹੋਣ ਵਾਲੇ ਪਰਵਾਰਾਂ ਦੇ ਨਾਮ ਸੁਰਿੰਦਰ ਪਾਲ ਸਿੰਘ, ਕਾਬਲ ਸਿੰਘ, ਸੁਖਦੇਵ ਸਿੰਘ, ਨਿਰੰਜਨ ਸਿੰਘ, ਬਲਵਿੰਦਰ ਸਿੰਘ, ਗੁਰਦੀਪ ਸਿੰਘ, ਕੁਲਦੀਪ ਸਿੰਘ, ਰਣੋਕ ਸਿੰਘ, ਰੂਪ ਸਿੰਘ, ਕਾਰਜ ਸਿੰਘ, ਬਾਲਕ ਸਿੰਘ, ਬੋਰਡ ਸਿੰਘ, ਮੰਗਾ ਸਿੰਘ, ਨਿਰਮਲ ਸਿੰਘ, ਪ੍ਰੀਤਮ ਸਿੰਘ ਪਰਵਾਰ ਨੇ ਝਾੜੂ ਦਾ ਪੱਲਾ ਫੜਨ ਦਾ ਪ੍ਰਣ ਲਿਆ। ਦੂਜੇ ਪਾਸੇ ਖੁੱਡੀਆਂ ਨੇ ਸ਼ਾਮਲ ਹੋਣ ਵਾਲੇ ਪਰਵਾਰਾਂ ਨੂੰ ਜੀ ਆਇਆਂ ਕਿਹਾ ਅਤੇ ਪਾਰਟੀ ਵਿੱਚ ਸਭਨਾਂ ਦਾ ਬਣਦਾ ਮਾਣ ਸਤਿਕਾਰ ਦੇਣ ਦਾ ਵਾਅਦਾ ਕੀਤਾ।

# ਮਹਿਲ ਕਲਾਂ 'ਚ ਜਥੇਬੰਦੀਆਂ ਵੱਲੋਂ ਪਾਵਰਕਾਮ ਗਰਿੱਡ ਮੂਹਰੇ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸਾਰੀਆਂ ਜੁਝਾਰੂ ਜਨਤਕ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਬਿੱਲ 2025 ਅਤੇ ਸੀਡ ਬਿੱਲ 2025 ਰਾਹੀਂ ਬਿਜਲੀ ਬੋਰਡ ਦੇ ਕੀਤੇ ਜਾ ਰਹੇ ਨਿੱਜੀਕਰਨ ਅਤੇ ਕਿਸਾਨਾਂ ਤੋਂ ਆਪਣਾ ਬੀਜ ਵਰਤਣ ਵਿਰੁੱਧ ਲਏ ਜਾ ਰਹੇ ਫੈਸਲਿਆਂ ਵਿਰੁੱਧ 220 ਕੇ ਵੀ ਗਰਿੱਡ ਮਹਿਲ ਕਲਾਂ ਵਿਖੇ ਬਿਜਲੀ ਮੁਲਾਜ਼ਮਾਂ ਦੇ ਸਹਿਯੋਗ ਨਾਲ ਵਿਸ਼ਾਲ ਧਰਨਾ ਦੇ ਕੇ ਬਿਜਲੀ ਬਿੱਲ 2025 ਅਤੇ ਸੀਡ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਭਾਕਿਯੂ ਉਗਰਾਹਾਂ ਦੇ ਕੁਲਜੀਤ ਸਿੰਘ ਵਜੀਦਕੇ, ਜੱਜ ਸਿੰਘ ਗਹਿਲ, ਭਾਕਿਯੂ ਡਕੌਂਦਾ ਦੇ ਗੁਰਦੇਵ ਸਿੰਘ ਮਾਂਗੇਵਾਲ, ਜਗਰਾਜ ਸਿੰਘ ਹਰਦਾਸਪੁਰਾ ਨੇ ਬਿਜਲੀ ਐਕਟ 2025 ਲਾਗੂ ਹੋਣ 'ਤੇ ਉਸਦੇ ਪੈਣ ਵਾਲੇ ਮਾੜੇ ਪ੍ਰਭਾਵ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਿਜਲੀ ਐਕਟ 1948 ਅਧੀਨ ਸਰਕਾਰ ਨੇ ਲੋਕਾਂ ਦੀਆਂ ਸੁੱਖ ਸਹੂਲਤਾਂ ਲਈ ਬਿਜਲੀ ਦਾ ਪ੍ਰਬੰਧ ਕੀਤਾ ਸੀ।ਤਾਂ ਕਿ ਜੋ ਇਸ ਦੀ ਬਿਨਾਂ ਕਿਸੇ ਮੁਨਾਫ਼ੇ ਨੁਕਸਾਨ ਦੇ ਲੋਕ ਇਹ ਸਸਤੀ ਸਹੂਲਤ ਮਾਣ ਸਕਣ ਤੇ ਇਹ ਅਦਾਰਾ ਲੋਕ ਸੇਵਾ ਦਾ ਅਦਾਰਾ ਰਹੇ।ਇਸ ਦੇ ਚਾਰੇ ਨੂੰ ਚਲਾਉਣ ਲਈ ਵਪਾਰਕ ਵਰਤੋਂ ਦੀ ਬਿਜਲੀ ਵਾਸਤੇ ਵੱਖਰੇ ਰੇਟ ਰੱਖੇ ਹੋਏ ਸਨ।ਪਰ ਉਸ ਤੋਂ ਬਾਅਦ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਤਹਿਤ ਇਸ ਨੂੰ ਵੱਡੇ ਉਦਯੋਗ ਘਰਾਣਿਆਂ ਦੇ ਹੱਥ ਦੇਣ ਲਈ ਵਾਰ ਵਾਰ ਇਸ ਕਾਨੂੰਨ ਵਿੱਚ ਸੋਧਾਂ ਕੀਤੀਆਂ ਗਈਆਂ।ਇਸ ਨੂੰ ਹੁਣ ਪੂਰੀ ਤਰ੍ਹਾਂ ਨਿੱਜੀ ਹੱਥਾਂ 'ਚ ਦੇਣ ਲਈ ਕੇਂਦਰ ਸਰਕਾਰ ਨੇ ਪਹਿਲਾਂ ਬਿਜਲੀ ਐਕਟ 2003 ਰਾਹੀਂ ਲੋਕਾਂ ਦੀਆਂ ਸਹੂਲਤਾਂ ਨੂੰ ਛਾਂਗਿਆ।ਹੁਣ 2025 ਐਕਟ ਅਤੇ ਸੀਡ ਬਿੱਲ 2025 ਨੂੰ ਸੰਸਦ ਦੇ ਸਰਦ ਰੁੱਤ ਵਿੱਚ ਪੇਸ਼ ਕਰਨ ਲਈ ਰਾਹੀਂ ਸੂਬੇ ਦੀਆਂ ਸਰਕਾਰਾਂ ਨੂੰ ਲਾਗੂ ਕਰਨ ਲਈ ਸਲਾਹਾਂ ਮੰਗੀਆਂ ਗਈਆਂ ਹਨ ਜਿਸ ਸੰਬੰਧੀ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵੀ ਇਸ ਦਾ ਵਿਰੋਧ ਕਰਨ ਲਈ ਚੁੱਪ ਵੱਟੀ ਹੋਈ ਹੈ।ਭਾਕਿਯੂ ਕਾਦੀਆਂ ਦੇ ਪਰਮਜੀਤ ਸਿੰਘ ਚੰਡਿਆਲਾ, ਭਾਕਿਯੂ ਬੁਰਜ ਗਿੱਲ ਦੇ ਅਮਰਜੀਤ ਸਿੰਘ ਮਹਿਲ ਖੁਰਦ, ਪਵਿੱਤਰ ਸਿੰਘ ਲਾਲੀ ਕ੍ਰਾਂਤੀਕਾਰੀ ਯੂਨੀਅਨ ਨੇ ਕਿਹਾ ਕਿ ਇਸ ਐਕਟ ਅਧੀਨ ਕੇਂਦਰ ਦੀ ਮੋਦੀ ਸਰਕਾਰ ਸੂਬਿਆਂ ਤੋਂ ਲੋਕਾਂ ਲਈ ਬਿਜਲੀ ਦੀ ਸਹੂਲਤ ਦੇ ਅਧਿਕਾਰ ਖੋਹ ਕੇ ਕੇਂਦਰ ਸਰਕਾਰ ਆਪਣੇ ਹੱਥ ਵਿੱਚ ਕਰਨ ਲਈ ਜਾ ਰਹੀ ਹੈ।ਇਸ ਦੇ ਲਾਗੂ ਹੋਣ ਦੇ ਨਾਲ ਸਾਰਾ ਬਿਜਲੀ ਪ੍ਰਬੰਧ ਨਿੱਜੀ ਹੱਥਾਂ ਵਿੱਚ ਜਾਣ ਕਾਰਨ ਕੰਪਨੀਆਂ ਵੱਲੋਂ ਬਿਜਲੀ ਲੋਕਾਂ ਦੀ ਸਾਰ ਰਗ ਇੰਨੀ ਮਹਿੰਗੀ ਕਰ ਦਿੱਤੀ ਜਾਵੇਗੀ ਕਿ ਬਿਜਲੀ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਜਾਵੇਗੀ ਅਤੇ ਸਾਰੀਆਂ ਸਬ ਸਿਡੀਆਂ ਬੰਦ ਹੋਣ ਕਾਰਨ ਖੇਤੀ ਮੋਟਰਾਂ ਲਈ ਮਿਲਦੀ ਮੁਫਤ ਬਿਜਲੀ ਲੋਕਾਂ ਦੇ ਮਹਿੰਗੇ ਭਾਅ ਦੇ ਬਿੱਲ ਦੀਆਂ ਕੀਮਤਾਂ ਵੀ ਬਹੁਤ ਵੱਧ ਜਾਣਗੀਆਂ ਜੋ ਕਿ ਆਮ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੋ ਜਾਣਗੀਆਂ।ਕਿਸਾਨ ਜ਼ਮੀਨਾਂ ਛੱਡਣ ਲਈ ਮਜਬੂਰ ਹੋ ਜਾਣਗੇ।ਇਸ ਧਰਨੇ ਵਿੱਚ ਬਿਜਲੀ ਬੋਰਡ ਦੀਆਂ ਸਮੂਹ ਜਥੇਬੰਦੀਆਂ ਨੇ ਪੂਰਨ ਸਾਹਿਯੋਗ ਦਿੰਦੇ ਹੋਏ , ਐਮ ਐਸ ਯੂ ਵੱਲੋਂ ਅਮਨਿੰਦਰ ਸਿੰਘ, ਟੀ ਐਸ ਯੂ ਵੱਲੋਂ ਕੁਲਵੀਰ ਸਿੰਘ ਅੱਲਖ, ਹਰਦੇਵ ਸਿੰਘ ਪੰਡੋਰੀ, ਸੀ ਐਸ ਵੀ ਆਗੂ ਚਰਨਜੀਤ ਸਿੰਘ ਖਿਆਲੀ , ਪੈਨਸ਼ਨਰ ਐਸੋਸੀਏਸ਼ਨ ਬਰਨਾਲਾ ਦੇ ਆਗੂ ਦਰਸ਼ਨ ਸਿੰਘ ਦਸ਼ੌਂਧਾ ਸਿੰਘ ਵਾਲਾ , ਸ਼ਿੰਗਾਰਾ ਸਿੰਘ ਕੁਰੜ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਉਣ ਵਾਲੇ ਸਮੇਂ ਵਿੱਚ ਬਿਜਲੀ ਐਕਟ 2025 ਰੱਦ ਕਰਵਾਉਣ ਲਈ ਤਿੱਖੇ ਸੰਘਰਸ਼ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਕਿਸਾਨ ਆਗੂਆਂ ਗੁਰਪ੍ਰੀਤ ਸਿੰਘ ਗੋਪੀ, ਮਲਕੀਤ ਸਿੰਘ ਈਨਾ, ਪਰਮਜੀਤ ਸਿੰਘ ਮਹਿਲ ਕਲਾਂ, ਜਸਵਿੰਦਰ ਸਿੰਘ ਛੀਨੀਵਾਲ, ਚਰਨਜੀਤ ਸਿੰਘ, ਅਮਰਜੀਤ ਸਿੰਘ ਕੌਸ਼ੀਆਂ, ਰਜਿੰਦਰ ਸਿੰਘ ਖਿਆਲੀ, ਮਾਨ ਸਿੰਘ ਗੁਰਮ, ਨਿਸ਼ਾਨ ਸਿੰਘ ਗੁੰਮਟੀ, ਕੁਲਦੀਪ ਸਿੰਘ ਚੂਹਾਣਕੇ, ਟੀ ਐਸ ਯੂ ਆਗੂ ਪ੍ਰਗਟ ਸਿੰਘ ਕੋਟਦੁੱਨਾ, ਜਸਵਿੰਦਰ ਸਿੰਘ ਚੰਨਣਵਾਲ, ਮਨਦੀਪ ਸਿੰਘ ਗਹਿਲ, ਸਿਕੰਦਰ ਸਿੰਘ ਮਹਿਲ ਖੁਰਦ, ਹਰਬੰਸ ਸਿੰਘ ਧਨੇਰ, ਹਰਜਸ ਸਿੰਘ ਠੀਕਰੀਵਾਲ, ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਸਰਕਾਰ ਦੇ ਲੋਕਾਂ 'ਤੇ ਇਸ ਵੱਡੇ ਹਮਲੇ ਨੂੰ ਰੋਕਣ ਲਈ ਸਿਰਫ ਕਿਸਾਨ ਸਾਰਾ, ਮੁਲਾਜ਼ਮ ਜਾਂ ਮਜ਼ਦੂਰ ਜਥੇਬੰਦੀਆਂ ਨਹੀਂ ਰੋਕ ਸਕਦੀਆਂ, ਇਸ ਹਮਲੇ ਨੂੰ ਰੋਕਣ ਲਈ ਸਮੂਹ ਕਿਰਤੀ ਲੋਕਾਂ ਨੂੰ ਸੰਘਰਸ਼ ਦੇ ਮੈਦਾਨ ਵਿੱਚ ਅੱਗੇ ਆਉਣਾ ਪਵੇਗਾ।ਉਨ੍ਹਾਂ ਕਿਹਾ ਕਿ ਇਸ ਦੀ ਤਿਆਰੀ ਲਈ ਪਿੰਡਾਂ ਵਿੱਚ ਘਰ ਘਰ ਪਿੰਡ ਜਗਾਓ ਮੁਹਿੰਮ ਚਲਾਈ ਜਾਵੇਗੀ ।ਅਖੀਰ ਵਿੱਚ ਧਰਨੇ ਦੌਰਾਨ ਬਿਜਲੀ ਸੋਧ ਬਿੱਲ 2025, ਸੀਡ ਬਿੱਲ ਦੀਆਂ ਕਾਪੀਆਂ ਸਾੜ ਕੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਸਮੂਹ ਕਿਰਤੀ ਲੋਕਾਂ ਨੂੰ ਇਕਜੁੱਟ ਹੋ ਕੇ ਸ਼ੰਘਰਸ਼ ਲਈ ਤਿਆਰ ਬਰ ਤਿਆਰ ਰਹਿਣ ਦਾ ਸੱਦਾ ਦਿੱਤਾ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਮਿਲ ਰਿਹੈ ਭਰਵਾਂ ਸਮਰਥਨ : ਗਗੜਾ



**ਕੋਟ ਈਸੇ ਖਾਂ (ਅਰੋੜਾ)**-ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਗੁਰਮੀਤ ਸਿੰਘ ਗਗੜਾ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਪਿੰਡਾਂ ਵਿੱਚ ਭਾਰੀ ਸਮਰਥਨ ਮਿਲ ਰਿਹਾ ਹੈ ਅਤੇ ਲੋਕ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾਉਣ ਵਿੱਚ ਕੋਈ ਕਸਰ ਨਹੀ ਛੱਡਣਗੇ।ਗਗੜਾ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ਕਿਉਂਕਿ ਉਹ ਵਾਅਦੇ ਪੂਰੇ ਨਹੀਂ ਕਰਦੀ।ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਹੀ ਲੋਕਾਂ ਦੀ ਆਪਣੀ ਪਾਰਟੀ ਹੈ ਜੋ ਕਿ ਹਰੇਕ ਵਰਗ ਨੂੰ ਨਾਲ ਲੈ ਕੇ ਚਲਦੀ ਹੈ ਤੇ ਜਿੰਨਾ ਵੀ ਵਿਕਾਸ ਪੰਜਾਬ ਵਿੱਚ ਹੋਇਆ ਹੈ, ਉਹ ਸਿਰਫ ਅਕਾਲੀ ਦਲ ਦੀ ਸਰਕਾਰ ਦੌਰਾਨ ਹੀ ਹੋਇਆ ਹੈ ਅਤੇ ਲੋਕ ਅੱਜ ਵੀ ਅਕਾਲੀ ਦਲ ਦੀ ਸਰਕਾਰ ਨੂੰ ਯਾਦ ਕਰ ਰਹੇ ਹਨ। ਗਗੜਾ ਨੇ ਕਿਹਾ ਪਿੰਡਾਂ ਵਿੱਚ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਲੋਕ ਬਹੁਤ ਵਧੀਆ ਸਮਰਥਨ ਦੇ ਰਹੇ ਹਨ।ਗਗੜਾ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੇ ਸਾਰੇ ਹੀ ਉਮੀਦਵਾਰਾਂ ਨੂੰ ਆਪਣੀ ਕੀਮਤੀ ਵੋਟ ਦੇਣ ਅਤੇ ਲੀਡ ਨਾਲ ਜਿਤਾਉਣ ।

## 'ਭਾਰਤ ਕੋ ਜਾਨੋ' ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਟੀਫਨ ਇੰਟਰਨੈਸ਼ਨਲ ਸਕੂਲ ਦੀ ਸੀਨੀਅਰ ਟੀਮ ਨੇ ਭਾਰਤ ਕੋ ਜਾਨੋ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਇੱਕ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤਾ ਹੈ।ਸ਼ਾਨਦਾਰ ਪ੍ਰਦਰਸ਼ਨ ਦੇ ਨਾਲ ਤੇਜਵੀਰ ਸਿੰਘ ਤੇ ਅਲੀਸ਼ਾ ਅਖਤਰ ਦੀ ਟੀਮ ਨੇ ਇਸ ਪ੍ਰਤਿਸ਼ਠਾਵਾਨ ਪ੍ਰੋਗਰਾਮ ਦੇ ਖੇਤਰੀ ਪੱਧਰ ਲਈ ਸਫਲਤਾਪੂਰਵਕ ਕੁਆਲੀਫਾਈ ਕੀਤਾ ਹੈ।ਭਾਰਤ ਦੇ ਸੱਭਿਆਚਾਰ, ਵਿਰਾਸਤ ਤੇ ਰਾਸ਼ਟਰੀ ਪ੍ਰਾਪਤੀਆਂ ਬਾਰੇ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣ ਲਈ ਤਿਆਰ ਕੀਤੇ ਗਏ ਇਸ ਮੁਕਾਬਲੇ ਵਿੱਚ ਜ਼ਿਲ੍ਹੇ ਭਰ ਦੇ ਵੱਖ-ਵੱਖ ਸਕੂਲਾਂ ਵੱਲੋਂ ਉਤਸ਼ਾਹਜਨਕ ਭਾਗੀਦਾਰੀ ਦੇਖਣ ਨੂੰ ਮਿਲੀ।ਸਟੀਫਨ ਇੰਟਰਨੈਸ਼ਨਲ ਸਕੂਲ ਟੀਮ ਦਾ ਸ਼ਾਨਦਾਰ ਪ੍ਰਦਰਸ਼ਨ ਉਨ੍ਹਾਂ ਦੇ ਸਮਰਪਣ, ਟੀਮ ਵਰਕ ਤੇ ਮਜ਼ਬੂਤ ਤਿਆਰੀ ਨੂੰ ਦਰਸਾਉਂਦਾ ਹੈ।ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਸ਼ਰਮਾ ਨੇ ਕਿਹਾ ਕਿ ਸਕੂਲ ਅਧਿਕਾਰੀਆਂ ਅਤੇ ਅਧਿਆਪਕਾਂ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ।

## ਗਰਭਵਤੀ ਔਰਤਾਂ ਦਾ ਡਾਕਟਰੀ ਚੈੱਕਅੱਪ ਕੈਂਪ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਸਿਵਲ ਸਰਜਨ ਫ਼ਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੀ ਐਚ ਸੀ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ ਰੇਖਾ ਭੱਟੀ ਦੀ ਅਗਵਾਈ ਵਿੱਚ ਪ੍ਰਧਾਨ ਮੰਤਰੀ ਸੁਰੱਖਿਆ ਮਾਤ੍ਰਿਤਵ ਯੋਜਨਾ ਤਹਿਤ ਗਰਭਵਤੀ ਔਰਤਾਂ ਦਾ ਡਾਕਟਰੀ ਚੈੱਕਅਪ ਕਰਨ ਲਈ ਕੈਂਪ ਲਾਇਆ ਗਿਆ।ਡਾ ਰੇਖਾ ਭੱਟੀ ਨੇ ਦੱਸਿਆ ਕਿ ਇਸ ਕੈਂਪ ਦਾ ਮਕਸਦ ਗਰਭਵਤੀ ਔਰਤਾਂ ਦੀ ਸਮੇਂ ਸਿਰ ਦੇਖਭਾਲ ਕਰਕੇ ਸੁਰੱਖਿਅਤ ਬੱਚੇ ਦੇ ਜਨਮ ਨੂੰ ਯਕੀਨੀ ਬਣਾਉਣਾ ਹੈ।ਉਨ੍ਹਾਂ ਰੂਟੀਨ ਚੈੱਕਅਪ, ਪੋਸ਼ਣ ਸਲਾਹ ਮਸ਼ਵਰਾ ਤੇ ਉੱਚ ਖਤਰੇ ਵਾਲੀਆਂ ਗਰਭਵਤੀ ਔਰਤਾਂ ਦੀ ਸਕ੍ਰੀਨਿੰਗ ਕੀਤੀ।ਇਸਦੇ ਨਾਲ ਗਰਭਵਤੀ ਔਰਤਾਂ ਦੇ ਟੈਸਟ ਤੇ ਦਵਾਈਆਂ ਦਿੱਤੀਆਂ ਗਈਆਂ।ਡਾ ਰੇਖਾ ਭੱਟੀ ਨੇ ਗਰਭਵਤੀ ਔਰਤਾਂ ਨੂੰ ਚੰਗੀ ਖ਼ੁਰਾਕ ਜਿਵੇਂ ਹਰੀ ਸਬਜ਼ੀਆਂ ਮੌਸਮੀ ਫਲ, ਦੁੱਧ ਤੇ ਸਹੀ ਮਾਤਰਾ ਵਿੱਚ ਪਾਣੀ ਪੀਣ ਬਾਰੇ ਦੱਸਿਆ ਤੇ ਨਾਲ ਹੀ ਕਿਹਾ ਜੇਕਰ ਤੁਸੀਂ ਕਿਸੇ ਸਮੱਸਿਆ ਜਾਂ ਦਰਦ ਦਾ ਸਾਹਮਣਾ ਕਰ ਰਹੇ ਹੋ, ਜਿਵੇਂ ਥਕਾਵਟ, ਖ਼ੂਨ ਦੀ ਘਾਟ ਤਾਂ ਤੁਰੰਤ ਸਾਡੀ ਸਲਾਹ ਲਵੋ।ਇਸ ਮੌਕੇ ਬੀ.ਈ.ਈ. ਅਮਨ ਕੰਬੋਜ ਨੇ ਆਈਆਂ ਗਰਭਵਤੀ ਔਰਤਾਂ ਨੂੰ ਸਿਹਤ ਵਿਭਾਗ ਵੱਲੋਂ ਮਿਲਣ ਵਾਲੀਆਂ ਸਿਹਤ ਸਹੂਲਤਾਂ ਬਾਰੇ ਜਾਗਰੂਕ ਕੀਤਾ ਤੇ ਹਾਈ ਰਿਸਕ ਗਰਭਵਤੀ ਔਰਤਾਂ ਨੂੰ ਰੁਟੀਨ ਚੈੱਕਅਪ ਕਰਾਉਣ ਦੀ ਸਲਾਹ ਦਿੱਤੀ।ਗਰਭਵਤੀ ਔਰਤਾਂ ਨੂੰ ਡਾਈਟ ਵੀ ਦਿੱਤੀ ਗਈ।

# ਮਾਤਾ ਸ਼ਾਂਤੀ ਦੇਵੀ ਗਰਗ ਨੂੰ ਸੈਂਕੜੇ ਸੇਜਲ ਅੱਖਾਂ ਵੱਲੋਂ ਸ਼ਰਧਾਂਜਲੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਸਮਤੀ ਰਾਈਸ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਾਲ ਕ੍ਰਿਸ਼ਨ ਬਾਲੀ ਅਤੇ ਸਮਾਜ ਸੇਵੀ ਕੇਵਲ ਕ੍ਰਿਸ਼ਨ ਗਰਗ ਦੀ ਮਾਤਾ, ਧਰਮਪਤਨੀ ਸਵ: ਜਗਦੀਸ਼ ਰਾਏ ਗਰਗ, ਮਾਤਾ ਸ਼ਾਂਤੀ ਦੇਵੀ ਗਰਗ ਅਚਾਨਕ ਅਕਾਲ ਚਲਾਣਾ ਕਰ ਗਏ ਸਨ।ਮਾਤਾ ਸ਼ਾਂਤੀ ਦੇਵੀ ਗਰਗ ਬਾਘਾ ਪੁਰਾਣਾ ਧਰਮਸ਼ਾਲਾ ਮਾਤਾ ਚਿੰਤਪੁਰਨੀ ਦੇ ਪ੍ਰਧਾਨ ਬਾਊ ਰਜਿੰਦਰ ਗਰਗ ਅਤੇ ਭਾਜਪਾ ਆਗੂ ਸੁਖਨੰਦਨ ਅਗਰਵਾਲ ਦੀ ਭਰਜਾਈ ਸਨ, ਰਾਘਵ ਗਰਗ, ਲਖਨ ਗਰਗ ਅਤੇ ਜੇਅੰਤ ਗਰਗ ਦੀ ਪਿਆਰੀ ਦਾਦੀ ਸਨ।ਮਾਤਾ ਸ਼ਾਂਤੀ ਦੇਵੀ ਦੇ ਨਿਧਨ ਨਾਲ ਖੇਤਰ ਵਿਚ ਗਹਿਰਾ ਸੋਗ ਛਾ ਗਿਆ।ਅੱਜ ਮਾਤਾ ਜੀ ਦੇ ਅੰਗੀਠਾ ਸੰਭਾਲਣ ਅਤੇ ਫੁੱਲ ਦੀ ਰਸਮ ਅਦਾ ਕੀਤੀ ਗਈ, ਜਿਸ ਦੌਰਾਨ ਭਾਵੁਕ ਮੰਜ਼ਰ ਦੇਖਣ ਨੂੰ ਮਿਲਿਆ।ਇਸ ਮੌਕੇ ਬਾਲ ਕ੍ਰਿਸ਼ਨ ਬਾਲੀ, ਕੇਵਲ ਕ੍ਰਿਸ਼ਨ ਗਰਗ ਦੇ ਨਾਲ ਕਈ ਸਮਾਜ ਸੇਵੀ, ਰਾਜਨੀਤਿਕ ਆਗੂਆਂ ਅਤੇ ਵੱਖ-ਵੱਖ ਸ਼ਖ਼ਸੀਅਤਾਂ ਨੇ ਪਹੁੰਚ ਕੇ ਪਰਵਾਰ ਨਾਲ ਗਹਿਰਾ ਦੁੱਖ ਪ੍ਰਗਟ ਕੀਤਾ।ਇਸ ਦੁੱਖ ਦੀ ਘੜੀ ਵਿਚ ਬਾਸਮਤੀ ਰਾਈਸ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਾਲ ਕ੍ਰਿਸ਼ਨ ਬਾਲੀ ਅਤੇ ਕੇਵਲ ਕ੍ਰਿਸ਼ਨ ਗਰਗ ਦੇ ਨਾਲ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ, ਜਗਤਾਰ ਸਿੰਘ ਰਾਜੇਆਣਾ, ਗੁਰਬਚਨ ਸਿੰਘ ਬਰਾੜ, ਜਗਸੀਰ ਸਿੰਘ ਕਾਲੇਕੇ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਜੇ ਸ਼ਰਮਾ, ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ, ਭੋਲਾ ਸਿੰਘ ਬਰਾੜ, ਰਜਿੰਦਰ ਬੰਸੀ, ਕਮਲਜੀਤ ਬਰਾੜ ਖੋਟੇ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਵਨ ਗੁਪਤਾ, ਹਲਕਾ ਇੰਚਾਰਜ ਸੰਨੀ ਗਿੱਲ ਮੋਗਾ, ਰਜਿੰਦਰ ਸਿੰਘ ਡੱਲਾ ਧਰਮਕੋਟ, ਖਣਮੁੱਖ ਭਾਰਤੀ ਪੱਤੋ, ਨਗਰ ਸੁਧਾਰ ਟਰੱਸਟ ਮੋਗਾ ਦੇ ਚੇਅਰਮੈਨ ਰਮਨ ਮਿੱਤਲ ਰਿੰਪੀ, ਐਡਵੋਕੇਟ ਨਰ ਸਿੰਘ ਬਰਾੜ, ਮੁਨੀਸ਼ ਗਰਗ ਟੀਨੀ, ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਰਨਦੀਪ ਗਰਗ ਕਾਲਾ, ਸਤੀਸ਼ ਗਰਗ ਸੋਨੂੰ, ਯੂਥ ਪ੍ਰਧਾਨ ਐਡਵੋਕੇਟ ਰਾਮ ਬਾਂਸਲ, ਐਡਵੋਕੇਟ ਅਮਿਤ ਅਗਰਵਾਲ, ਅਮਰਜੀਤ ਸਿੰਘ ਰਾਜੇਆਣਾ, ਸੁਖਜੀਤ ਸਿੰਘ ਮਾਹਲਾ, ਠਾਕਰ ਦਾਸ ਮਿੱਤਲ, ਪ੍ਰਧਾਨ ਪਵਨ ਗੋਇਲ, ਰਣਜੀਤ ਸਿੰਘ ਚੀਤੇ, ਦਵਿੰਦਰ ਕੁਮਾਰ ਚੀਕਾ, ਰਕੇਸ਼ ਜਿੰਦਲ ਤੋਤਾ, ਲਵਲੀ ਬਾਂਸਲ ਲਧਾਈ ਕੇ ਵਾਲੇ, ਜਗਮੋਹਣ ਜੈ ਸਿੰਘ ਵਾਲਾ, ਵਿੱਕੀ ਫੂਲੇਵਾਲੀਆ, ਪਵਨ ਢੰਡ, ਪਰਮਿੰਦਰ ਮੌੜ, ਤਰਲੋਚਨ ਸਿੰਘ ਕਾਲੇਕੇ, ਜਗਸੀਰ ਸਿੰਘ ਸਿੱਧੂ, ਪ੍ਰਧਾਨ ਗੁਰਦਿੱਤ ਸਿੰਘ ਢਿੱਲੋਂ, ਸਾਬਕਾ ਕੌਂਸਲਰ ਚਰਨਪ੍ਰੀਤ ਸਿੰਘ ਬਰਾੜ, ਬਲਤੇਜ ਸਿੰਘ ਲੰਗੇਆਣਾ, ਸਾਬਕਾ ਕੌਂਸਲਰ ਸ਼ਸ਼ੀ ਗਰਗ, ਦੀਪਾ ਅਰੋੜਾ, ਭੂਸ਼ਨ ਜੈਨ, ਬਿਪਨ ਜੈਨ ਲੁਧਿਆਣਾ, ਗੁਰਜੰਟ ਭੁੱਟੋ, ਸਤੀਸ਼ ਅਰੋੜਾ, ਜਗਸੀਰ ਗਰਗ, ਬਿੱਟੂ ਮਿੱਤਲ, ਪਰਮਿੰਦਰ ਸਿੰਘ ਮੌੜ, ਰਣਜੀਤ ਸਿੰਘ ਟੀਟੂ ਬਰਾੜ, ਬਾਊ ਸੁਭਾਸ਼ ਗੋਇਲ, ਸੁਖਦਰਸ਼ਨ ਸਿੰਗਲਾ, ਯਾਦਵਿੰਦਰ ਬਾਂਸਲ, ਬਾਊ ਅਮਰਨਾਥ ਬਾਂਸਲ, ਸੁਨੀਲ ਗਰਗ ਸੋਮੀ, ਪ੍ਰਧਾਨ ਵਿਜੇ ਗੁਪਤਾ, ਪ੍ਰਧਾਨ ਸੰਜੀਵ ਗਰਗ ਬਾਬਾ ਖੇਤਰਪਾਲ ਮੰਦਰ, ਰਕੇਸ਼ ਜਿੰਦਲ ਤੋਤਾ, ਗੈਰੀ ਸਿੰਗਲਾ, ਧਰਮਪਾਲ ਕਾਸਲ, ਡਾ ਹਰਚੰਦ ਸਿੰਘ ਸੇਖਾ, ਡਾ ਕੇ ਐਲ ਗਰਗ, ਅਸ਼ਵਨੀ ਸ਼ਰਮਾ, ਕ੍ਰਿਸ਼ਨ ਗਰਗ, ਰੋਸ਼ਨ ਲਾਲ ਰੋਸ਼ੀ, ਸੰਦੀਪ ਗੋਇਲ ਠੰਡੂ, ਬੋਬੀ ਗਰਗ, ਸੰਤ ਰਾਮ ਭੰਡਾਰੀ, ਰਜਿੰਦਰ ਗੋਇਲ, ਬਿਮਲ ਗੋਇਲ, ਯਸ਼ਪਾਲ ਗਰਗ ਬਿੱਟੂ, ਨਰੇਸ਼ ਜੈਦਕਾ, ਰਾਕੇਸ਼ ਤੋਤਾ, ਸੁਖਦਰਸ਼ਨ ਸਿੰਗਲਾ, ਵਿਨੋਦ ਗੁੰਬਰ, ਸੰਤ ਰਾਮ ਭੰਡਾਰੀ, ਸੁਨੀਲ ਮਿੱਤਲ, ਲਖਮੀ ਚੰਦ ਗੋਇਲ, ਰਾਜੀਵ ਮਿੱਤਲ, ਅਸ਼ੋਕ ਗਰਗ ਆੜ੍ਹਤੀ, ਬਿੰਦੂ ਜੈਦਕਾ, ਆਤਮਾ ਸਿੰਘ ਬਰਾੜ, ਡਾ ਮਦਨ ਲਾਲ ਸੇਤੀਆ, ਅਰੁਣ ਮਿੱਤਲ, ਮਨੋਹਰ ਲਾਲ ਪਾਂਧੀ, ਸੁਰਿੰਦਰ ਬਾਂਸਲ, ਤੀਰਥ ਬਾਂਸਲ, ਕ੍ਰਿਸ਼ਨ ਲੂਥਰਾ, ਵਿਜੇ ਬਾਂਸਲ, ਸਤੀਸ਼ ਕੁਮਾਰ ਮੋਜੀ, ਯਾਦਵਿੰਦਰ ਬਾਂਸਲ, ਜਗਸੀਰ ਜੱਗਾ, ਸੁਖਜੀਵਨ ਭਗਤੂ, ਸੰਜੀਵ ਗਰਗ, ਸੰਜੀਵ ਮਿੱਤਲ, ਬੰਟੀ ਜਿੰਦਲ, ਗੁਰਜੰਟ ਧਾਲੀਵਾਲ, ਰਿੰਪੀ ਬਾਂਸਲ, ਅਸ਼ੋਕ ਗਰਗ, ਪਿਸੀਪਲ ਗੁਰਦੇਵ ਸਿੰਘ, ਸੁਰਿੰਦਰ ਬਾਂਸਲ ਡੀ.ਐਮ.ਵਾਲੇ, ਵਿੱਕੀ ਗਰਗ, ਰਾਮ ਲਾਲ ਗਰਗ, ਮਨੋਜ਼ ਗੋਇਲ, ਯੋਗੇਸ਼ ਗੋਇਲ, ਯੋਗੇਸ਼ ਬਾਂਸਲ ਯੋਗੀ, ਰਾਜ ਗਰਗ, ਭੂਸ਼ਨ ਮਿੱਤਲ ਤੇ ਹੋਰਨਾਂ ਨੇ ਦੁੱਖ ਪ੍ਰਗਟ ਕੀਤਾ।

## ਸਫਾ 3 ਦੇ ਬਾਕੀ...

### ਰੰਧਾਵਾ ਦਾ ਬੀਬੀ ...

ਰੰਧਾਵਾ, ਜੋ ਕਿ ਰਾਜਸਥਾਨ ਲਈ ਪਾਰਟੀ ਦੇ ਇੰਚਾਰਜ ਵੀ ਹਨ, ਨੇ ਬੀਬੀ ਸਿੱਧੂ ਦੇ ਮੀਡੀਆ ਵਿੱਚ ਦਿੱਤੇ ਬਿਆਨਾਂ 'ਤੇ ਇਤਰਾਜ਼ ਜਤਾਇਆ ਹੈ, ਜਿਸ ਵਿੱਚ ਉਨ੍ਹਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਗਏ ਹਨ। ਨਵਜੋਤ ਕੌਰ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਭਾਰਤੀ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਹੈ। ਸੋਮਵਾਰ ਨੂੰ ਪੰਜਾਬ ਕਾਂਗਰਸ ਨੇ ਬੀਬੀ ਸਿੱਧੂ ਨੂੰ ਉਨ੍ਹਾਂ ਦੀ ਮੁੱਖ ਮੰਤਰੀ ਦੀ ਕੁਰਸੀ ਲਈ 500 ਕਰੋੜ ਰੁਪਏ ਵਾਲੀ ਟਿੱਪਣੀ ਲਈ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਸੀ, ਜਿਸ ਨਾਲ ਸਿਆਸੀ ਵਿਵਾਦ ਪੈਦਾ ਹੋ ਗਿਆ ਸੀ। ਭੇਜੇ ਗਏ ਕਾਨੂੰਨੀ ਨੋਟਿਸ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਨਵਜੋਤ ਕੌਰ ਦੇ ਬਿਆਨ ਭਾਰਤੀ ਨਿਆਂ ਸੰਹਿਤਾ 2023 ਦੀ ਧਾਰਾ 356 ਦੇ ਤਹਿਤ ਮਾਣਹਾਨੀ ਦੇ ਬਰਾਬਰ ਹਨ। ਨੋਟਿਸ ਵਿੱਚ ਬੀਬੀ ਸਿੱਧੂ ਤੋਂ ਉਨ੍ਹਾਂ ਦੇ 'ਮਾਣਹਾਨੀ' ਵਾਲੇ ਬਿਆਨਾਂ ਲਈ ਬਿਨਾਂ ਸ਼ਰਤ ਜਨਤਕ ਮੁਆਫ਼ੀ ਦੀ ਮੰਗ ਕਰਦਿਆਂ ਕਿਹਾ ਗਿਆ ਹੈ ਕਿ, "ਮੁਆਫ਼ੀਨਾਮਾ ਸੱਤ ਦਿਨਾਂ ਦੇ ਅੰਦਰ-ਅੰਦਰ ਉਨ੍ਹਾਂ ਹੀ ਮੀਡੀਆ ਅਦਾਰਿਆਂ ਵਿੱਚ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਜਾਣਾ ਚਾਹੀਦਾ ਹੈ, ਜਿੱਥੇ ਮੂਲ ਬਿਆਨ ਦਿੱਤੇ ਗਏ ਸਨ।" ਵਕੀਲ ਰਾਹੀਂ ਭੇਜੇ ਨੋਟਿਸ ਵਿੱਚ ਕਿਹਾ ਗਿਆ ਹੈ, "ਪਾਲਣਾ ਕਰਨ ਵਿੱਚ ਅਸਫ਼ਲ ਰਹਿਣ 'ਤੇ ਅਦਾਲਤ ਵਿੱਚ ਤੁਹਾਡੇ ਖ਼ਿਲਾਫ਼ ਅਪਰਾਧਿਕ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨੀ ਪਵੇਗੀ।

### ਪੈਨਸ਼ਨ ਨਾ ਮਿਲਣ...

ਰੂਪ ਵਿੱਚ ਸਾਹਮਣੇ ਆਏਗਾ।ਇਕੱਠ ਨੂੰ ਸੰਬੋਧਨ ਕਰਦਿਆਂ ਸੇਵਾ-ਮੁਕਤ ਕਰਮਚਾਰੀਆਂ ਦੀ ਇਸ ਸਿਰਮੌਰ ਜਥੇਬੰਦੀ ਦੇ ਸਰਪ੍ਰਸਤ ਨਿਰਮਲ ਸਿੰਘ ਧਾਲੀਵਾਲ, ਪ੍ਰਧਾਨ ਉਤਮ ਸਿੰਘ ਬਾਗੜੀ ਅਤੇ ਜਨਰਲ ਸਕੱਤਰ ਮੁਹੰਮਦ ਖਲੀਲ ਨੇ ਕਿਹਾ ਕਿ ਪੀ ਆਰ ਟੀ ਸੀ ਦੀ ਅੱਧੀ ਤੋਂ ਵੱਧ ਆਮਦਨ ਔਰਤਾਂ ਅਤੇ ਹੋਰ ਕੈਟਾਗਰੀਆਂ ਨੂੰ ਦਿੱਤੀਆਂ ਜਾ ਰਹੀਆਂ ਮੁਫਤ ਸਫਰ ਸਹੂਲਤਾਂ ਦੇ ਲੇਖੇ ਲੱਗ ਰਹੀ ਹੈ, ਜਿਸ ਬਦਲੇ ਸਰਕਾਰ ਲੋਕਾਂ ਤੋਂ ਭੱਲ਼ ਖੱਟਣ ਦੀ ਮੁਜਰਮਾਨਾ ਕੋਸ਼ਿਸ਼ ਤਾਂ ਕਰਦੀ ਹੈ, ਪਰ ਪੀ ਆਰ ਟੀ ਸੀ ਦੇ ਮੌਜੂਦਾ ਅਤੇ ਸੇਵਾ-ਮੁਕਤ ਵਰਕਰਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਦੇਣ ਦੀ ਆਪਣੀ ਕੋਈ ਨੈਤਿਕ ਜ਼ਿੰਮੇਵਾਰੀ ਨਹੀਂ ਸਮਝਦੀ। ਸਿਆਸੀ ਚੇਅਰਮੈਨ, ਵਾਈਸ ਚੇਅਰਮੈਨ ਅਤੇ 5-7 ਬੋਰਡ ਡਾਇਰੈਕਟਰ ਤਾਂ ਸਰਕਾਰ ਨੇ ਇੱਥੇ ਬਿਰਾਜਮਾਨ ਕੀਤੇ ਹੋਏ ਹਨ, ਪਰ ਉਨ੍ਹਾਂ ਦੀ ਅਦਾਰੇ ਪ੍ਰਤੀ ਕਾਰਗੁਜ਼ਾਰੀ 0 ਦੇ ਬਰਾਬਰ ਹੈ। ਅਦਾਰੇ ਦਾ ਉਹ ਕੁਝ ਵੀ ਭਲਾ ਨਹੀਂ ਕਰ ਸਕੇ। ਆਗੂਆਂ ਮੰਗ ਕੀਤੀ ਕਿ ਤਨਖਾਹ-ਪੈਨਸ਼ਨ ਦਾ ਭੁਗਤਾਨ ਤੁਰੰਤ ਕੀਤਾ ਜਾਵੇ ਅਤੇ ਬਾਕੀ ਦੀਆਂ ਮੰਗਾਂ ਦਾ ਵੀ ਬਿਨ੍ਹਾਂ ਦੇਰੀ ਹੱਲ ਕੀਤਾ ਜਾਵੇ। ਮੁਜ਼ਾਹਰੇ ਨੂੰ ਜਿਨ੍ਹਾਂ ਹੋਰ ਆਗੂਆਂ ਨੇ ਸੰਬੋਧਨ ਕੀਤਾ, ਉਨ੍ਹਾਂ ਵਿੱਚ ਸੁਖਦੇਵ ਰਾਮ ਸੁਖੀ, ਗੁਰਵਿੰਦਰ ਸਿੰਘ ਗੋਲਡੀ ਅਤੇ ਰਾਮ ਸਰੂਪ ਅਗਰਵਾਲ ਸ਼ਾਮਲ ਸਨ।

### ਲੇਬਰ ਕੋਡਾਂ ਖਿਲਾਫ...

ਕਥਿਤ ਲਾਭਾਂ ਬਾਰੇ ਬੇਮਿਸਾਲ ਝੂਠੀ ਪ੍ਰਚਾਰ-ਮੁਹਿੰਮ ਵਿਸ਼ਾਲ ਇਸ਼ਤਿਹਾਰ, ਭੁਗਤਾਨਸ਼ੁਦਾ ਖ਼ਬਰਾਂ ਅਤੇ ਪੱਖਪਾਤੀ ਲੇਖ ਇਹ ਦਰਸਾਉਂਦੇ ਹਨ ਕਿ ਸਰਕਾਰ ਅਤੇ ਸ਼ਾਸਕ ਵਰਗਾਂ ਵਿੱਚ ਘਬਰਾਹਟ ਵਿਆਪਕ ਹੈ। ਲੇਬਰ ਵਿਭਾਗਾਂ ਅਤੇ ਅਦਾਲਤਾਂ ਵਿੱਚ ਪੂਰੀ ਅਫਰਾਤਫਰੀ ਦੀ ਸਥਿਤੀ ਹੈ। ਪਹਿਲੀ ਵਾਰ ਸਾਰੇ ਵਿਰੋਧੀ ਦਲ ਲੇਬਰ ਕੋਡਾਂ ਨੂੰ ਰੱਦ ਕਰਨ ਦੀ ਮੰਗ 'ਤੇ ਇੱਕ ਮੰਚ 'ਤੇ ਆਏ।

ਬੈਠਕ ਨੇ ਇੰਡੀਗੋ ਨਾਲ ਸੰਬੰਧਤ ਹਾਲੀਆ ਘਟਨਾ 'ਤੇ ਵੀ ਚਿੰਤਾ ਪ੍ਰਗਟ ਕੀਤੀ, ਜਿਸ ਨੇ ਲੱਖਾਂ ਲੋਕਾਂ ਨੂੰ ਪ੍ਰਭਾਵਤ ਕੀਤਾ। ਇਹ ਘਟਨਾ ਕਾਰਪੋਰੇਟ ਹੰਕਾਰ ਦੀ ਹੱਦ ਅਤੇ ਵਰਕਰਾਂ ਅਤੇ ਯਾਤਰੀਆਂ ਦੀ ਸੁਰੱਖਿਆ ਲਈ ਪੂਰੀ ਬੇਧਿਆਨੀ ਨੂੰ ਦਰਸਾਉਂਦੀ ਹੈ। ਰਣਨੀਤਿਕ ਖੇਤਰਾਂ ਵਿੱਚ ਨਿੱਜੀਕਰਨ ਤੇ ਇਜਾਰੇਦਾਰੀ ਨੂੰ ਲੈ ਕੇ ਕੇਂਦਰੀ ਟਰੇਡ ਯੂਨਿਅਨਾਂ ਵੱਲੋਂ ਦਿੱਤੀਆਂ ਚੇਤਾਵਨੀਆਂ ਸਹੀ ਸਾਬਤ ਹੋ ਰਹੀਆਂ ਹਨ।ਮੰਚ ਨੇ ਮਾਮਲੇ ਦੀ ਨਿਆਂਇਕ ਜਾਂਚ, ਦੋਸ਼ੀਆਂ ਨੂੰ ਸਖ਼ਤ ਸਜ਼ਾ ਅਤੇ ਸਮੂਹ ਪ੍ਰਭਾਵਤ ਲੋਕਾਂ ਨੂੰ ਮੁਨਾਸਬ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਇਸ ਨੇ ਕਿਹਾ ਕਿ ਸਰਕਾਰ ਨੂੰ ਇਸ ਅਨੁਭਵ ਤੋਂ ਸਿੱਖਣਾ ਚਾਹੀਦਾ ਹੈ ਅਤੇ ਖ਼ਾਸ ਕਰਕੇ ਰਣਨੀਤਕ ਖੇਤਰਾਂ ਬਿਜਲੀ, ਪੈਟਰੋਲੀਅਮ, ਰੇਲਵੇ, ਰੱਖਿਆ, ਟੈਲੀਕਾਮ ਅਤੇ ਬੈਂਕਿੰਗ ਵਿੱਚ ਚੱਲ ਰਹੇ ਜਲਦਬਾਜ਼ੀ ਭਰੇ ਨਿੱਜੀਕਰਨ ਨੂੰ ਤੁਰੰਤ ਰੋਕਣਾ ਚਾਹੀਦਾ ਹੈ। ਫ਼ੈਸਲਾ ਕੀਤਾ ਗਿਆ ਕਿ ਲੇਬਰ ਕੋਡਾਂ ਦੀ ਵਾਪਸੀ ਤੱਕ ਪੜਾਅਵਾਰ ਅਤੇ ਲਗਾਤਾਰ ਸੰਘਰਸ਼ ਚਲਾਇਆ ਜਾਵੇ। ਸਾਂਝੇ ਮੰਚ ਨੇ ਫਰਵਰੀ ਵਿੱਚ ਦੇਸ਼-ਪੱਧਰੀ ਆਮ ਹੜਤਾਲ ਕਰਨ ਦਾ ਫ਼ੈਸਲਾ ਕੀਤਾ। ਹੜਤਾਲ ਦੀ ਤਰੀਕ 22 ਦਸੰਬਰ ਨੂੰ ਅਗਲੀ ਬੈਠਕ ਵਿੱਚ ਘੋਸ਼ਿਤ ਕੀਤੀ ਜਾਵੇਗੀ।

ਟਰੇਡ ਯੂਨੀਅਨਾਂ ਕੰਮਕਾਜ ਦੀਆਂ ਥਾਵਾਂ/ ਸਥਾਨਕ/ ਜ਼ਿਲ੍ਹਾ/ ਰਾਜ ਪੱਧਰ 'ਤੇ ਪ੍ਰੋਟੈਸਟ ਕਰਨਗੀਆਂ। ਪਲੇਟਫਾਰਮ ਦੇ ਸਾਰੇ ਰਾਜ ਚੈਪਟਰ ਇੱਕ ਹਫ਼ਤੇ ਵਿੱਚ ਮੀਟਿੰਗ ਕਰਕੇ ਵਿਸ਼ਾਲ ਮੁਹਿੰਮ—ਜਥੇ, ਰੈਲੀਆਂ, ਲਾਮਬੰਦੀ, ਘਰ-ਘਰ ਮੁਹਿੰਮ ਦੀ ਵਿਸਤ੍ਰਿਤ ਯੋਜਨਾ ਤਿਆਰ ਕਰਨਗੇ ਅਤੇ ਖੇਤਰੀ ਕਾਰਵਾਈਆਂ ਤੇ ਸੰਘਰਸ਼ਾਂ ਨੂੰ ਤੇਜ਼ ਕਰਨਗੇ, ਜੋ ਪਹਿਲੇ ਪੜਾਅ ਵਿੱਚ ਆਮ ਹੜਤਾਲ ਸਮੇਤ ਸਿੱਧੀ ਕਾਰਵਾਈ ਤੱਕ ਲੈ ਕੇ ਜਾਣਗੇ।ਸਾਂਝਾ ਮੰਚ ਸੰਯੁਕਤ ਕਿਸਾਨ ਮੋਰਚਾ ਨਾਲ ਅਤੇ ਵੱਖ-ਵੱਖ ਵਰਗਾਂ ਦੇ ਉਹਨਾਂ ਮੰਚਾਂ ਨਾਲ ਸਹਿਯੋਗ ਕਰੇਗਾ, ਜੋ ਇਸ ਕਾਰਪੋਰੇਟ-ਪ੍ਰਸਤ ਅਤੇ ਫਿਰਕੂ ਸਰਕਾਰ ਦੀਆਂ ਜਨ-ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਕਰ ਰਹੇ ਹਨ। ਮੰਚ ਨੇ ਸੰਸਦ ਵਿੱਚ ਸਭ ਵਿਰੋਧੀ ਦਲਾਂ ਅਤੇ ਖ਼ਾਸ ਕਰਕੇ ਯੁਵਾ ਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਸੰਘਰਸ਼ ਨਾਲ ਏਕਤਾ ਅਤੇ ਸਮਰਥਨ ਦੇ ਨਾਲ ਜੁੜਨ, ਤਾਂ ਕਿ ਮਜ਼ਦੂਰ ਲੋਕਾਂ ਦੇ ਮੂਲ ਅਧਿਕਾਰਾਂ ਅਤੇ ਦੇਸ਼ ਦੇ ਲੋਕਤੰਤਰਿਕ ਢਾਂਚੇ ਨੂੰ ਬਚਾਇਆ ਜਾ ਸਕੇ।

ਬੈਠਕ 'ਚ ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਅਤੇ ਇੰਟਕ, ਐੱਚ ਐੱਮ ਐੱਸ, ਸੀਟੂ, ਏ ਆਈ ਯੂ ਟੀ ਸੀ, ਟੀ ਯੂ ਸੀ ਸੀ, ਸੇਵਾ, ਏ ਆਈ ਸੀ ਸੀ ਟੀ ਯੂ, ਐੱਲ ਪੀ ਐੱਫ ਤੇ ਯੂ ਟੀ ਯੂ ਸੀ ਦੇ ਆਗੂਆਂ ਨੇ ਹਿੱਸਾ ਲਿਆ।

### ਕਾਂਗਰਸ ਅਹੁਦਿਆਂ...

ਚਰਨਜੀਤ ਸਿੰਘ ਚੰਨੀ ਨੇ 350 ਕਰੋੜ ਰੁਪਏ ਵਿੱਚ ਮੁੱਖ ਮੰਤਰੀ ਦਾ ਅਹੁਦਾ ਹਾਸਲ ਕੀਤਾ ਸੀ। ਚੀਮਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਦੇ ਨਾਲ-ਨਾਲ ਸੰਸਦ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਇਸ ਮਾਮਲੇ 'ਤੇ ਧਾਰੀ ਹੈਰਾਨੀਜਨਕ ਚੁੱਪੀ ਵੱਲ ਵੀ ਇਸ਼ਾਰਾ ਕੀਤਾ।ਕਰਨਾਟਕ ਦੇ ਉਪ ਮੁੱਖ ਮੰਤਰੀ ਦੇ ਬਿਆਨ, ਜਿਸ ਵਿੱਚ ਉਨ੍ਹਾ ਨਵਜੋਤ ਕੌਰ ਸਿੱਧੂ ਨੂੰ ਮਨੋਵਿਗਿਆਨਕ ਇਲਾਜ ਕਰਾਉਣ ਦੀ ਸਲਾਹ ਦਿੱਤੀ ਗਈ ਸੀ, ਦੀ ਸਖ਼ਤ ਆਲੋਚਨਾ ਕਰਦਿਆਂ ਵਿੱਤ ਮੰਤਰੀ ਨੇ ਨਵਜੋਤ ਕੌਰ ਸਿੱਧੂ ਪ੍ਰਤੀ ਕੈਂਸਰ ਸਰਵਾਈਵਰ ਵਜੋਂ ਹਮਦਰਦੀ ਪ੍ਰਗਟਾਈ ਅਤੇ ਕਿਹਾ ਕਿ ਕੈਂਸਰ ਵਿਰੁੱਧ ਆਪਣੀ ਜੰਗ ਜਿੱਤਣ ਤੋਂ ਬਾਅਦ ਹੁਣ ਉਹ ਪੰਜਾਬ ਦੇ ਲੋਕਾਂ ਲਈ ਲੜਾਈ ਲੜ ਰਹੀ ਹੈ। ਉਨ੍ਹਾ ਕਿਹਾ ਕਿ ਨਵਜੋਤ ਕੌਰ ਸਿੱਧੂ ਨੂੰ ਨਹੀਂ ਸਗੋਂ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ 'ਮਨੋਵਿਗਿਆਨਕ ਇਲਾਜ' ਦੀ ਲੋੜ ਹੈ।ਚੀਮਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੀ ਘੱਟ ਦੋਸ਼ੀ ਨਹੀਂ। ਉਨ੍ਹਾ ਕਿਹਾ ਕਿ ਭ੍ਰਿਸ਼ਟਾਚਾਰ ਰਾਹੀਂ ਅਹੁਦੇ ਹਾਸਲ ਕਰਨ ਵਾਲੇ ਦੋ ਆਗੂ ਹੁਣ ਭਾਜਪਾ ਵਿੱਚ ਹਨ ਅਤੇ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਭਾਜਪਾ ਦੇ ਇਮਾਨਦਾਰੀ ਦੇ ਦਾਅਵੇ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਦੋਵਾਂ ਆਗੂਆਂ ਨੂੰ ਤੁਰੰਤ ਪਾਰਟੀ ਵਿੱਚੋਂ ਕੱਢ ਦੇਣਾ ਜਾਣਾ ਚਾਹੀਦਾ ਸੀ। ਉਨ੍ਹਾ ਸੁਨੀਲ ਜਾਖੜ ਵੱਲੋਂ ਕਈ ਸਾਲਾਂ ਤੱਕ ਚੁੱਪ ਵੱਟੀ ਰੱਖਣ ਦੀ ਕਰੜੀ ਨਿੰਦਿਆ ਕਰਦਿਆਂ ਕਿਹਾ ਕਿ ਜਾਖੜ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਵੱਲੋਂ ਲਿਖੇ ਸੰਵਿਧਾਨ ਦੀ ਵਾਰ-ਵਾਰ ਸਹੁੰ ਚੁੱਕਣ ਦੇ ਬਾਵਜੂਦ ਸੱਚਾਈ ਦਬਾਉਣ ਦੇ ਦੋਸ਼ੀ ਹਨ।

# ਲੋਕਾਂ ਵੱਲੋਂ ਮਿਲ ਰਹੇ ਮੋਹ ਪਿਆਰ ਦਾ ਉਹ ਜ਼ਿੰਦਗੀ ਭਰ ਕਰਜ਼ ਨਹੀਂ ਉਤਾਰ ਸਕਦੇ : ਮਲਕ



**ਜਗਰਾਉਂ (ਨਛੱਤਰ ਸੰਧੂ)**-ਪਿੰਡ ਚੀਮਨਾ ਵਿਖੇ ਪ੍ਰਚਾਰ ਲਈ ਰੱਖੇ ਵਿਸ਼ਾਲ ਇਕੱਠ ਅਕਾਲੀ ਦਲ ਦੇ ਉਮੀਦਵਾਰ ਦੀਦਾਰ ਸਿੰਘ ਮਲਕ ਦੀ ਜਿੱਤ ਦਾ ਵੱਡਾ ਸੰਕੇਤ ਦੇ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਤੇ ਸਮਰਥਕਾਂ ਨੇ ਜਿੱਤ ਦੀ ਵੱਡੀ ਲੀਡ ਦਿਵਾਉਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਪਿੰਡ ਚੀਮਨਾ ਦੇ ਲੋਕ ਸੱਤਧਾਰੀ ਧਿਰ ਦੇ ਲਾਰੇ ਭਰੋਸਿਆਂ ਤੋਂ ਬੇਹੱਦ ਦੁਖੀ ਹਨ ਤੇ ਉਹ ਹੁਣ ਪੰਜਾਬ ਪ੍ਰਸਤ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਫ਼ਤਵਾ ਦੇਣਗੇ। ਇਸ ਮੌਕੇ ਹਾਕਮ ਸਿੰਘ ਢਿੱਲੋਂ ਨੇ ਕਿਹਾ ਕਿ ਜਦੋਂ ਤੱਕ ਸੂਬੇ ਦੀ ਵਾਗਡੋਰ ਪੰਜਾਬ ਪ੍ਰਸਤਾਂ ਦੇ ਹੱਥ ਨਹੀਂ ਆਉਂਦੀ ਉਦੋਂ ਤੱਕ ਸੂਬੇ ਦੇ ਵਿਕਾਸ ਬਾਰੇ ਸੋਚਣਾ ਨੇਹਫਲ ਹੈ। ਇਸ ਮੌਕੇ ਦੀਦਾਰ ਸਿੰਘ ਮਲਕ ਨੇ ਕਿਹਾ ਕਿ ਹਲਕੇ ਦੇ ਲੋਕਾਂ ਵਲੋਂ ਮਿਲ ਰਹੇ ਮੋਹ ਪਿਆਰ ਦਾ ਉਹ ਜ਼ਿੰਦਗੀ ਭਰ ਕਰਜ਼ ਨਹੀਂ ਉਤਾਰ ਸਕਦੇ। ਉਹਨਾਂ ਕਿਹਾ ਕਿ ਜਗਰਾਓਂ ਹਲਕੇ ਦੇ ਲੋਕ ਬੇਦਾਗ ਤੇ ਨਿਮਰ ਸ਼ਖਸੀਅਤ ਐਸ ਆਰ ਕਲੇਰ ਦੀ ਅਗਵਾਈ ਹੇਠ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦੀ ਨੀਂਹ ਰੱਖਣਗੇ।ਇਸ ਮੌਕੇ ਅਮਰਜੀਤ ਸਿੰਘ ਦਿਓਲ, ਸਾਬਕਾ ਸਰਪੰਚ ਜਗਦੇਵ ਸਿੰਘ ਧਾਲੀਵਾਲ, ਹਾਕਮ ਸਿੰਘ ਢਿੱਲੋਂ, ਚੰਨਪ੍ਰੀਤ ਸਿੰਘ ਧਾਲੀਵਾਲ, ਸੁੱਖਵੀਰ ਸਿੰਘ ਢਿੱਲੋ , ਨੰਬਰਦਾਰ ਜਗਰਾਜ ਸਿੰਘ ਢਿੱਲੋਂ, ਸਾਬਕਾ ਸਰਪੰਚ ਮਨਜੀਤ ਸਿੰਘ ਢਿੱਲੋਂ, ਸੁਰਜਨ ਸਿੰਘ ਢਿੱਲੋਂ, ਪ੍ਰਧਾਨ ਸੁਖਦੇਵ ਸਿੰਘ, ਪਰਵਾਰ ਸਿੰਘ ਢਿੱਲੋਂ, ਚੇਤਨ ਸਿੰਘ ਢਿੱਲੋਂ, ਸ਼ਿੰਦਰਪਾਲ ਸਿੰਘ ਢਿੱਲੋਂ, ਸੁਖਜੀਤ ਸਿੰਘ ਸੁੱਖਾ, ਜੱਗਾ ਸਿੰਘ, ਮਨਜੀਤ ਸਿੰਘ ਬਿੱਟਾ, ਧਨਵੰਤ ਸਿੰਘ, ਸੁਖਪਾਲ ਸਿੰਘ ਸੁੱਖੀ, ਸੁਖਰਾਜ ਸਿੰਘ ਕੂਕਾ, ਧਰਮਾ, ਅਮਨ ਢਿੱਲੋਂ, ਨੰਬਰਦਾਰ ਜਸਮੇਲ ਸਿੰਘ ਢਿੱਲੋਂ, ਜਗਦੇਵ ਸਿੰਘ ਢਿੱਲੋਂ, ਬਲਦੇਵ ਸਿੰਘ ਸਾਬਕਾ ਸਰਪੰਚ ਮਲਕ, ਰਾਜੂ ਢਿੱਲੋਂ ਹਾਜ਼ਰ ਸਨ।

### ਕੋਰੀਆ ਦੀਆਂ ਵੱਡੀਆਂ...

ਲੰਮੇ ਸਮੇਂ ਦੇ ਰਿਸ਼ਤੇ ਅਤੇ ਪਰਸਪਰ ਲਾਹੇਵੰਦ ਭਾਈਵਾਲੀ ਨੂੰ ਹੁਲਾਰਾ ਮਿਲੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਦ੍ਰਿਸ਼ਟੀਕੋਣ ਸਾਂਝੇਦਾਰੀ ਅਤੇ ਉਦਯੋਗਾਂ ਨਾਲ ਮਿਲ ਕੇ ਕੰਮ ਕਰਨ, ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਸਮਝ ਕੇ ਅਤੇ ਇਹ ਯਕੀਨੀ ਬਣਾ ਕੇ ਕਿ ਸਰਕਾਰ ਵਿਕਾਸ ਦੇ ਪ੍ਰੇਰਕ ਵਜੋਂ ਕੰਮ ਕਰੇ, ਉੱਤੇ ਅਧਾਰਤ ਹੈ। ਮੁੱਖ ਮੰਤਰੀ ਨੇ ਨਿਵੇਸ਼ਕਾਂ ਨੂੰ 13 ਤੋਂ 15 ਮਾਰਚ 2026 ਤੱਕ ਆਈ.ਐਸ.ਬੀ. ਮੋਹਾਲੀ ਕੈਂਪਸ ਵਿਖੇ ਹੋਣ ਵਾਲੇ ਛੇਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸਿਓਲ ਵਿੱਚ ਇਹ ਪ੍ਰਭਾਵਸ਼ਾਲੀ ਨਿਵੇਸ਼ ਰੋਡ ਸ਼ੋਅ ਦੱਖਣੀ ਕੋਰੀਆ ਨਾਲ ਡੂੰਘੀ ਆਰਥਿਕ ਭਾਈਵਾਲੀ ਬਣਾਉਣ ਅਤੇ ਸੂਬੇ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਉਨ੍ਹਾਂ ਦੀ ਅੰਤਰਰਾਸ਼ਟਰੀ ਪਹੁੰਚ ਦਾ ਹਿੱਸਾ ਹੈ।

### ਸੀ ਬੀ ਆਈ ਵੱਲੋਂ...

ਦੇ ਖ਼ਿਲਾਫ਼ ਕਾਰਵਾਈ ਕੀਤੀ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਕੰਪਨੀ ਨੇ ਕਾਰੋਬਾਰੀ ਜ਼ਰੂਰਤਾਂ ਲਈ ਬੈਂਕ ਦੀ ਮੁੰਬਈ ਸਥਿਤ ਐਸ ਸੀ ਐਫ ਸ਼ਾਖਾ ਤੋਂ 450 ਕਰੋੜ ਰੁਪਏ ਤੱਕ ਦੀ ਕ੍ਰੈਡਿਟ ਲਿਮਟ ਲਈ ਸੀ। ਬੈਂਕ ਨੇ ਸਮੇਂ ਸਿਰ ਅਦਾਇਗੀ, ਵਿਆਜ ਅਤੇ ਹੋਰ ਖਰਚਿਆਂ ਦੀ ਸੇਵਾ ਅਤੇ ਸੁਰੱਖਿਆ ਦੀ ਸਥਿਤੀ ਤੇ ਹੋਰ ਲੋੜੀਂਦੇ ਕਾਗਜ਼ਾਤ ਸਮੇਂ ਸਿਰ ਜਮ੍ਹਾਂ ਕਰਾਉਣ ਅਤੇ ਪੂਰੀ ਵਿਕਰੀ ਦੀ ਆਮਦਨ ਨੂੰ ਬੈਂਕ ਖਾਤੇ ਰਾਹੀਂ ਭੇਜਣ ਸਮੇਤ ਵਿੱਤੀ ਅਨੁਸ਼ਾਸਨ ਬਣਾਈ ਰੱਖਣ ਦੀ ਸ਼ਰਤ ਰੱਖੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਕੰਪਨੀ ਬੈਂਕ ਨੂੰ ਕਿਸ਼ਤਾਂ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੀ ਅਤੇ ਇਸ ਲਈ ਉਕਤ ਖਾਤੇ ਨੂੰ 30 ਸਤੰਬਰ, 2019 ਨੂੰ ਗੈਰ-ਕਾਰਗੁਜ਼ਾਰੀ ਅਸਾਸੇ (ਐੱਨ ਪੀ ਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਸੀ।

### ਅਮਰੀਕੀ ਬਾਜ਼ਾਰ 'ਚ ...

ਹਨ, ਤਾਂ ਕੈਨੇਡੀ ਨੇ ਜਵਾਬ ਦਿੱਤਾ : ਭਾਰਤ ਅਤੇ ਥਾਈਲੈਂਡ, ਇੱਥੋਂ ਤੱਕ ਕਿ ਚੀਨ ਵੀ ਪੋਰਟੋ ਰੀਕੋ ਵਿੱਚ ਚੌਲ ਡੰਪ ਕਰ ਰਿਹਾ ਹੈ। ਕੈਨੇਡੀ ਨੇ ਕਿਹਾ ਕਿ ਇਹ ਕਈ ਸਾਲਾਂ ਤੋਂ ਹੋ ਰਿਹਾ ਹੈ, ਪਰ ਹੁਣ ਇਹ ਇੱਕ ਬਹੁਤ ਵੱਡੇ ਪੱਧਰ 'ਤੇ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾ ਇਹ ਵੀ ਦੱਸਿਆ ਕਿ ਭਾਰਤ ਦੇ ਖਿਲਾਫ ਵਿਸ਼ਵ ਵਪਾਰ ਸੰਗਠਨ ਵਿੱਚ ਇੱਕ ਕੇਸ ਵੀ ਚੱਲ ਰਿਹਾ ਹੈ। ਟਰੰਪ ਨੇ ਖਜ਼ਾਨਾ ਸਕੱਤਰ ਨੂੰ ਭਾਰਤ ਬਾਰੇ ਪੁੱਛਿਆ, ਜਿਸ 'ਤੇ ਬੇਸੈਂਟ ਨੇ ਜਵਾਬ ਦਿੱਤਾ ਕਿ ਉਹ ਅਜੇ ਵੀ ਭਾਰਤ ਦੇ ਵਪਾਰ ਸਮਝੌਤੇ 'ਤੇ ਕੰਮ ਕਰ ਰਹੇ ਹਨ। ਟਰੰਪ ਨੇ ਕਿਹਾ, "ਪਰ ਉਨ੍ਹਾਂ ਨੂੰ ਡੰਪਿੰਗ ਨਹੀਂ ਕਰਨੀ ਚਾਹੀਦੀ... ਉਹ ਅਜਿਹਾ ਨਹੀਂ ਕਰ ਸਕਦੇ। ਟਰੰਪ ਨੇ ਭਰੋਸਾ ਦਿੱਤਾ ਕਿ ਇਸ ਸਮੱਸਿਆ ਨੂੰ ਟੈਰਿਫ ਨਾਲ ਬਹੁਤ ਆਸਾਨੀ ਨਾਲ ਅਤੇ ਇੱਕ ਦਿਨ ਵਿੱਚ ਹੱਲ ਕੀਤਾ ਜਾ ਸਕਦਾ ਹੈ, ਜਿਸ ਨਾਲ ਗੈਰ-ਕਾਨੂੰਨੀ ਢੰਗ ਨਾਲ ਚੌਲ ਭੇਜਣ ਵਾਲੇ ਦੇਸ਼ਾਂ ਨੂੰ ਰੋਕਿਆ ਜਾਵੇਗਾ। ਦੱਸ ਦਈਏ ਕਿ ਭਾਰਤੀ ਚੌਲ ਬਰਾਮਦਕਾਰ ਫੈਡਰੇਸ਼ਨ ਦੇ ਅੰਕੜਿਆਂ ਅਨੁਸਾਰ ਭਾਰਤ ਚੌਲਾਂ ਦਾ ਸਭ ਤੋਂ ਵੱਡਾ ਉਤਪਾਦਕ ਹੈ (150 ਮਿਲੀਅਨ ਟਨ) ਅਤੇ ਗਲੋਬਲ ਮਾਰਕੀਟ ਵਿੱਚ 28 ਫੀਸਦ ਹਿੱਸੇਦਾਰੀ ਰੱਖਦਾ ਹੈ।

### ਕਾਮਰੇਡ ਅਣਖੀ ਦੀ...

ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕਰਨ ਅਤੇ ਵਿਛੋੜਾ ਦੇ ਗਏ ਆਗੂਆਂ ਦੇ ਪਰਵਾਰਕ ਮੈਂਬਰਾਂ ਨੂੰ ਸਨਮਾਨਤ ਕਰਨ ਉਪਰੰਤ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ) ਦੇ ਆਗੂ ਅਤੇ ਮੈਂਬਰ ਫੈਕਟਰੀ ਏਰੀਆ ਤੋਂ ਪਾਵਰਕਾਮ ਦੇ ਮੁੱਖ ਦਫਤਰ ਤੱਕ ਸ਼ਹਿਰ ਵਿੱਚ ਅਮਨਪੂਰਵਕ ਤਰੀਕੇ ਨਾਲ ਲਾਲ ਝੰਡੇ ਅਤੇ ਮਾਟੋ ਹੱਥਾਂ ਵਿੱਚ ਫੜ ਕੇ ਰੋਹ ਭਰਪੂਰ ਰੋਸ ਮਾਰਚ ਕਰਦੇ ਹੋਏ ਮੁੱਖ ਦਫ਼ਤਰ ਦੇ ਮੇਨ ਗੇਟ 'ਤੇ ਬਿਜਲੀ ਸੋਧ ਬਿੱਲ 2025 ਦੇ ਖਰੜੇ ਅਤੇ ਚਾਰ ਲੇਬਰ ਕੋਡਾਂ ਦੀਆਂ ਕਾਪੀਆਂ ਫੂਕ ਕੇ ਪੰਜਾਬ ਸਰਕਾਰ ਵੱਲੋਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੀ ਲੋਕ ਵਿਰੋਧੀ ਤਜਵੀਜ਼ ਖਿਲਾਫ਼ ਜ਼ੋਰਦਾਰ ਅਵਾਜ਼ ਬੁਲੰਦ ਕਰਨਗੇ। ਆਗੂਆਂ ਕਿਹਾ ਕਿ ਕਾਮਰੇਡ ਅਣਖੀ ਅਤੇ ਹੋਰ ਵਿਛੋੜਾ ਦੇ ਚੁੱਕੇ ਆਗੂਆਂ ਦੀ ਨਿੱਘੀ ਯਾਦ ਨੂੰ ਤਾਜ਼ਾ ਰੱਖਣ ਲਈ ਮੁਲਾਜ਼ਮ ਅਤੇ ਪੈਨਸ਼ਨਰ ਸੂਬਾ ਭਰ ਤੋਂ ਵਹੀਰਾਂ ਘੱਤ ਕੇ 11 ਵਜੇ ਪਟਿਆਲਾ ਪਹੁੰਚਣਗੇ।

### ਚੋਰਾਂ ਦਾ ਸਾਥ ਨਹੀਂ...

ਚਾਹੁੰਦੇ ਹਨ। ਉਹ ਇਸ ਦੇ ਸਖ਼ਤ ਵਿਰੁੱਧ ਖੜ੍ਹੀ ਹੈ। ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਹ ਕਾਂਗਰਸ ਆਗੂ ਰਾਹੁਲ ਗਾਂਧੀ ਰਾਹੀਂ ਆਪਣੇ ਮੁੱਦੇ ਉਠਾਉਣਾ ਚਾਹੁੰਦੀ ਸੀ, ਪਰ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਰਾਜਪਾਲ ਨੂੰ ਮਿਲਣ ਦਾ ਸਮਾਂ ਮਿਲ ਗਿਆ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਸ਼ਿਵਾਲਿਕ ਰੇਂਜ ਵਿੱਚ ਕਰੋੜਾਂ ਰੁਪਏ ਦੀ ਜਾਇਦਾਦ ਰੱਖਣ ਵਾਲੇ ਇਨ੍ਹਾਂ ਕੁਝ ਲੋਕਾਂ ਦਾ ਮੁੱਦਾ ਉਠਾਉਣ 'ਤੇ ਹਰ ਕੋਈ ਬੇਚੈਨ ਹੋ ਗਿਆ। ਰੰਧਾਵਾ ਵੱਲੋਂ ਭੇਜੇ ਗਏ ਕਾਨੂੰਨੀ ਨੋਟਿਸ ਬਾਰੇ ਉਨ੍ਹਾਂ ਆਲੋਚਨਾ ਕਰਦੇ ਹੋਏ ਕਿਹਾ, "ਉਹ ਆਪਣੀ ਪਤਨੀ ਦੀ ਜਿੱਤ ਵੀ ਯਕੀਨੀ ਨਹੀਂ ਬਣਾ ਸਕਿਆ ਅਤੇ ਉਸ ਨੇ ਰਾਜਸਥਾਨ ਵਿੱਚ ਕਰੋੜਾਂ ਰੁਪਏ ਵਿੱਚ ਟਿਕਟਾਂ ਖੁੱਲ੍ਹੇਆਮ ਵੇਚੀਆਂ ਅਤੇ ਉਨ੍ਹਾਂ ਨੇ ਮੀਡੀਆ ਵਿੱਚ ਇਸ ਦੇ ਸਬੂਤ ਦੇਖੇ ਹਨ, ਕਾਂਗਰਸ ਹਾਈ ਕਮਾਂਡ ਨੂੰ ਵੀ ਭੇਜੇ ਹਨ।" ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਦਾ 70 ਫੀਸਦੀ ਹਿੱਸਾ ਉਨ੍ਹਾਂ ਦੇ ਨਾਲ ਹੈ। ਸਾਰੇ ਕਾਂਗਰਸੀ ਆਗੂ ਉਨ੍ਹਾਂ ਦੇ ਸੰਪਰਕ ਵਿੱਚ ਹਨ ਅਤੇ ਉਹ ਇਸ ਵੇਲੇ ਕਿਸੇ ਦਾ ਨਾਂਅ ਜ਼ਾਹਰ ਨਹੀਂ ਕਰਨਾ ਚਾਹੁੰਦੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਫਤਿਹਗੜ੍ਹ ਚੂੜੀਆਂ ਬਿਜਲੀ ਦਫ਼ਤਰ ਅੱਗੇ ਬਿਜਲੀ ਸੋਧ ਬਿੱਲ ਖਿਲਾਫ ਕੀਤਾ ਰੋਸ ਪ੍ਰਦਰਸ਼ਨ



**ਬਟਾਲਾ/ਫਤਿਹਗੜ੍ਹ ਚੂੜੀਆਂ (ਤਰਲੋਕ ਬੱਗਾ)**-ਸੰਯੁਕਤ ਕਿਸਾਨ ਮੋਰਚੇ, ਬਿਜਲੀ ਕਰਮਚਾਰੀਆਂ ਦੀਆਂ ਜਥੇਬੰਦੀਆਂ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਬਿੱਲ-2025 ਨੂੰ ਵਾਪਸ ਕਰਵਾਉਣ ਲਈ ਬਿਜਲੀ ਦਫਤਰ ਸਬ-ਡਵੀਜ਼ਨ ਫਤਿਹਗੜ੍ਹ ਚੂੜੀਆਂ ਸਾਹਮਣੇ ਰੋਸ ਪ੍ਰਦਰਸ਼ਨ ਕਰਕੇ ਬਿਜਲੀ ਬਿੱਲ ਦੀਆਂ ਕਾਪੀਆਂ ਸਾੜੀਆਂ ਗਈਆਂ ਜਿਸਦੀ ਅਗਵਾਈ ਲਖਵਿੰਦਰ ਸਿੰਘ ਮੰਜਿਆਂ ਵਾਲੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਅਵਤਾਰ ਸਿੰਘ ਠੱਠਾ ਜਮਹੂਰੀ ਕਿਸਾਨ ਸਭਾ ਪੰਜਾਬ, ਦਿਲਬਾਗ ਸਿੰਘ ਡੋਗਰ ਕਿਰਤੀ ਕਿਸਾਨ ਯੂਨੀਅਨ ਪੰਜਾਬ, ਅਵਤਾਰ ਸਿੰਘ ਕਿਰਤੀ ਕਿਸਾਨ ਯੂਨੀਅਨ ਨੇ ਕੀਤੀ।ਇਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਬੀਕੇਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਦਲਜੀਤ ਸਿੰਘ ਚਿੱਤੌੜਗੜ੍ਹ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਕਿਸਾਨ ਸਿੰਘ ਖਤਰਾਏ ਕਲਾਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਝੰਡੇਰ, ਕਰਮਚਾਰੀ ਦਲ ਦੇ ਆਗੂ ਰਾਜਵਿੰਦਰ ਸਿੰਘ, ਟੀਐੱਸਯੂ ਦੇ ਆਗੂ ਲਾਲੀ ਖਾਲਸਾ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਵਿੱਤ ਸਕੱਤਰ ਸ਼ਮਸ਼ੇਰ ਸਿੰਘ ਬਟਾਲਾ ਨੇ ਕਿਹਾ ਕਿ ਬਿਜਲੀ ਸੋਧ ਬਿੱਲ -2025 ਸਾਰੇ ਵਰਗਾਂ ਲਈ ਬਹੁਤ ਹੀ ਖਤਰਨਾਕ ਹੈ।ਮੋਦੀ ਸਰਕਾਰ ਲੋਕ ਵਿਰੋਧੀ ਨੀਤੀਆਂ 'ਤੇ ਚੱਲ ਰਹੀ ਹੈ ਅਤੇ ਸਾਰੇ ਹੀ ਕੰਮ ਲੋਕਾਂ ਦੇ ਵਿਰੋਧ ਵਿੱਚ ਅਤੇ ਕਾਰਪੋਰੇਟ ਸੈਕਟਰ ਦੇ ਪੱਖ ਵਿੱਚ ਕਰ ਰਹੀ ਹੈ।ਬਿਜਲੀ ਸੋਧ ਬਿੱਲ-2025 ਬਿਜਲੀ ਦੇ ਵੰਡ ਖੇਤਰ ਦੇ ਨਿੱਜੀਕਰਨ ਦੀ ਕਾਰਪੋਰੇਟ ਦੀ ਲੋੜ ਨੂੰ ਪੂਰਾ ਕਰੇਗਾ। ਸਬਸਿਡੀਆਂ ਮੁਕੰਮਲ ਤੌਰ ਤੇ ਖਤਮ ਹੋ ਜਾਣਗੀਆਂ।ਆਗੂਆਂ ਨੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਨੂੰ ਇਨ੍ਹਾਂ ਮੁੱਦਿਆਂ 'ਤੇ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ ਦੀ ਮੰਗ ਕੀਤੀ। ਜੇ ਪੰਜਾਬ ਦੀ ਸਰਕਾਰ ਇਸ ਬਿੱਲ ਦੇ ਵਿਰੋਧ ਵਿੱਚ ਹੈ ਤਾਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਇਸ ਦੇ ਵਿਰੋਧ ਵਿੱਚ ਮਤਾ ਪਾਸ ਕਰੇ।ਇਸ ਮੌਕੇ ਕੁਲਦੀਪ ਸਿੰਘ ਦਾਦੂਜੋਧ ਜ਼ਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਸੁੱਚਾ ਸਿੰਘ ਤੇਰਾ, ਟਹਿਲ ਸਿੰਘ ਚੇਤਨਪੁਰਾ, ਮਜ਼ਦੂਰ ਆਗੂ ਮਾਨਾ ਮਸੀਹ ਰਾਊਵਾਲ, ਟੀਐੱਸਯੂ ਆਗੂ ਕੰਵਲਜੀਤ ਸਿੰਘ ਆਦਿ ਨੇ ਸੰਬੋਧਨ ਕੀਤਾ।

# ਅੰਤਰ-ਵਰਸਿਟੀ ਯੁਵਕ ਮੇਲੇ 'ਚ ਪੰਜਾਬ 'ਵਰਸਿਟੀ ਦਾ ਸ਼ਾਨਦਾਰ ਪ੍ਰਦਰਸ਼ਨ



**ਚੰਡੀਗੜ੍ਹ (ਨ ਜ ਸ)**-ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਕਰਵਾਏ ਗਏ ਅੰਤਰ-ਵਰਸਿਟੀ ਯੁਵਕ ਮੇਲੇ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੈਕਿੰਡ ਰਨਰਅੱਪ ਦੀ ਟਰਾਫ਼ੀ ਹਾਸਲ ਕੀਤੀ। ਇਸ ਯੁਵਕ ਮੇਲੇ ਵਿੱਚ 21 ਯੂਨੀਵਰਸਿਟੀਆਂ ਨੇ ਹਿੱਸਾ ਲਿਆ ਸੀ। ਪੰਜਾਬ ਯੂਨੀਵਰਸਿਟੀ ਦੀ ਇਸ ਪ੍ਰਾਪਤੀ ਉੱਤੇ ਵਾਈਸ ਚਾਂਸਲਰ ਡਾ. ਰੇਣੂ ਵਿੱਗ ਨੇ ਸਮੂਹ ਵਿਦਿਆਰਥੀਆਂ, ਟੀਮ ਇੰਚਾਰਜਾਂ ਅਤੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਸੁਖਜਿੰਦਰ ਰਿਸ਼ੀ ਨੂੰ ਵਧਾਈ ਦਿੱਤੀ। ਅੰਤਰ-ਵਰਸਿਟੀ ਯੁਵਕ ਮੇਲੇ ਵਿੱਚ ਲੋਕ ਨਾਚਾਂ ਵਿੱਚ ਪੰਜਾਬ ਯੂਨੀਵਰਸਿਟੀ ਨੇ ਭੰਗੜੇ ਵਿੱਚ ਪਹਿਲਾ, ਝੂਮਰ ਵਿੱਚ ਦੂਜਾ, ਸੰਮੀ ਨੇ ਤੀਜਾ ਸਥਾਨ ਹਾਸਲ ਕੀਤਾ। ਥੀਏਟਰ ਵਿੱਚ ਮਿਮਿਕਰੀ ਵਿੱਚ ਪਹਿਲਾ ਅਤੇ ਨਾਟਕ ਤੇ ਮਾਈਮ ਵਿੱਚ ਤੀਜਾ ਸਥਾਨ ਹਾਸਲ ਕੀਤਾ। ਵਿਰਾਸਤੀ ਮੁਕਾਬਲਿਆਂ ਵਿਚੋਂ ਛੇ ਵੰਨਗੀਆਂ ਵਿੱਚ ਪਹਿਲਾ, ਪੰਜ ਵਿੱਚ ਦੂਜਾ ਅਤੇ ਪੰਜ ਵਿੱਚ ਤੀਜਾ ਸਥਾਨ ਹਾਸਲ ਕੀਤਾ। ਸੰਗੀਤ ਆਈਟਮਾਂ ਵਿਚੋਂ ਸਾਰੰਗੀ ਵਾਦਨ ਵਿੱਚ ਪਹਿਲਾ, ਤਬਲਾ ਵਾਦਨ ਅਤੇ ਗ਼ਜ਼ਲ ਵਿੱਚ ਦੂਜਾ ਅਤੇ ਲੰਮੀ ਹੇਕ ਵਾਲ਼ੇ ਗੀਤ ਅਤੇ ਗਰੁੱਪ ਸ਼ਬਦ ਵਿੱਚ ਤੀਜਾ ਸਥਾਨ ਹਾਸਲ ਕੀਤਾ।

# ਅਪੋਲੋ ਟਾਇਰ ਫਾਊਂਡੇਸ਼ਨ ਜਲੰਧਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪਿਛਲੇ ਦਿਨੀਂ ਆਏ ਭਾਰੀ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਲੋੜਵੰਦ ਲੋਕਾਂ ਦੀ ਮਦਦ ਕਰਦੇ ਹੋਏ ਅਪੋਲੋ ਟਾਇਰ ਫਾਊਂਡੇਸ਼ਨ ਜਲੰਧਰ ਨੇ ਤਾਰੂ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਸਬਾ ਡੇਰਾ ਬਾਬਾ ਨਾਨਕ ਨਾਲ ਲੱਗਦੇ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਹੜ੍ਹ ਪ੍ਰਭਾਵਿਤ ਲੋੜਵੰਦ ਲੋਕਾਂ ਨੂੰ ਗਰਮ ਕੱਪੜੇ, ਕੰਬਲ ਤੇ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਇਹ ਸਾਮਾਨ ਪਿੰਡ ਹਰੂਵਾਲ, ਖਾਸਾਂਵਾਲੀ, ਕੋਟ ਦਲਪਤ ਰਾਏ ਤੇ ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਵਿੱਚ ਵੰਡਿਆ।ਇਸ ਮੌਕੇ ਉਨ੍ਹਾਂ ਨਾਲ ਪਿੰਡ ਧਰਮਕੋਟ ਰੰਧਾਵਾ ਦੇ ਸਾਬਕਾ ਸਰਪੰਚ ਕੁਲਦੀਪ ਸਿੰਘ ਗਿੱਲ (ਆੜ੍ਹਤੀ) ਨੇ ਅਪੋਲੋ ਟਾਇਰ ਫਾਊਂਡੇਸ਼ਨ, ਤਾਰੂ ਫਾਊਂਡੇਸ਼ਨ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਅੱਜ ਸਾਡੇ ਕੋਲ ਪ੍ਰਦੀਪ ਸਿੰਘ ਜੋ ਜਲੰਧਰ ਤੋਂ ਆਪਣੇ ਸਾਥੀਆਂ ਸਮੇਤ ਆਏ ਹਨ, ਨੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ।ਇਸ ਮੌਕੇ ਉਨ੍ਹਾਂ ਹੋਰ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਔਖੀ ਘੜੀ ਵਿੱਚ ਡੇਰਾ ਬਾਬਾ ਨਾਨਕ ਇਲਾਕੇ ਦੇ ਲੋੜਵੰਦ ਲੋਕਾਂ ਦੀ ਬਾਂਹ ਜ਼ਰੂਰ ਫੜਨ।ਅਪੋਲੋ ਟਾਇਰ ਫਾਊਂਡੇਸ਼ਨ ਦੇ ਅਧਿਕਾਰੀ ਪ੍ਰਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਲੋੜਵੰਦ ਲੋਕਾਂ ਦੀ ਮਦਦ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਵੱਲੋਂ ਡੇਰਾ ਬਾਬਾ ਨਾਨਕ ਦੀ ਦਾਣਾ ਮੰਡੀ ਤੇ ਪਿੰਡ ਹਰੂਵਾਲ ਵਿੱਚ 1000 ਕੰਬਲ, 500 ਗਰਮ ਸੂਟ ਤੇ 200 ਸੁੱਕੇ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅਗਾਂਹ ਵੀ ਅਪੋਲੋ ਟਾਇਰ ਫਾਊਂਡੇਸ਼ਨ ਵੱਲੋਂ ਤਾਰੂ ਫਾਊਂਡੇਸ਼ਨ ਦੇ ਸਹਿਯੋਗ ਨਾਲ ਇਹ ਸੇਵਾ ਨਿਰੰਤਰ ਜਾਰੀ ਰਹੇਗੀ।ਇਸ ਮੌਕੇ ਸੰਤੋਸ਼ ਕੁਮਾਰ, ਵਿਪਨ ਕੁਮਾਰ, ਅਜੇ ਕੁਮਾਰ ਸਮੇਤ ਹੋਰ ਮੈਂਬਰ ਹਾਜ਼ਰ ਸਨ।

# ਗੁਰਮਤਿ ਤੇ ਸੁੰਦਰ ਦਸਤਾਰ ਮੁਕਾਬਲਿਆਂ 'ਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ (ਐੱਸ ਜ਼ੈੱਡ ਐੱਸ ਐੱਫ ਐੱਸ) ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਗੁਰਮਤਿ ਅਤੇ ਸੁੰਦਰ ਦਸਤਾਰ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ ਹਨ। ਸਕੂਲ ਪ੍ਰਿੰਸੀਪਲ ਡਾਕਟਰ ਗਗਨਜੀਤ ਕੌਰ ਨੇ ਦੱਸਿਆ ਸਿੱਖ ਵੈੱਲਫੇਅਰ ਫਾਊਂਡੇਸ਼ਨ ਧਾਰੀਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸੱਤਵਾਂ ਗੁਰਮਿਤ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਦੇ ਗੁਰਮਤਿ ਕੁਇਜ਼, ਸੁੰਦਰ ਲਿਖਾਈ ਅਤੇ ਸੁੰਦਰ ਦਸਤਾਰ ਸਜਾਉਣ ਦੇ ਸੀਨੀਅਰ ਅਤੇ ਜੂਨੀਅਰ ਗਰੁੱਪਾਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਐੱਸ ਜ਼ੈੱਡ ਐੱਸ ਐੱਫ ਐੱਸ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੁੰਦਰ ਲਿਖਾਈ ਮੁਕਾਬਲਾ ਸੀਨੀਅਰ ਗਰੁੱਪ ਵਿੱਚ ਰਾਧਿਕਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੁਰਮਤਿ ਕੁਇੱਜ਼ ਮੁਕਾਬਲੇ ਵਿੱਚ ਸੀਨੀਅਰ ਗਰੁੱਪ ਦੀ ਸਹਿਜਪ੍ਰੀਤ ਕੌਰ, ਰਮਨਦੀਪ ਕੌਰ ,ਚਰਨਜੀਤ ਕੌਰ ਅਤੇ ਸੁਖਮਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੁੰਦਰ ਦਸਤਾਰ ਮੁਕਾਬਲੇ ਵਿੱਚ ਸੀਨੀਅਰ ਗਰੁੱਪ ਵਿੱਚ ਰਣਦੀਪ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸੁੰਦਰ ਦੁਮਾਲਾ ਸਜਾਉਣ ਮੁਕਾਬਲੇ ਵਿੱਚ ਜਸਦੀਪ ਸਿੰਘ ਅਤੇ ਅਕਰਸ਼ਪ੍ਰੀਤ ਸਿੰਘ ਨੇ ਸਪੈਸ਼ਲ ਸਨਮਾਨ ਪ੍ਰਾਪਤ ਕੀਤਾ। ਪ੍ਰਬੰਧਕਾਂ ਵਲੋਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਸਨਮਾਨ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ। ਸਕੂਲ ਦੀ ਵਧੀਆ ਕਾਰਗੁਜ਼ਾਰੀ ਕਾਰਨ ਇਨ੍ਹਾਂ ਤੋਂ ਇਲਾਵਾ ਵੀ ਮੁਕਾਬਲਿਆਂ ਵਿੱਚ ਵੀ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸਕੂਲ ਪਹੁੰਚਣ 'ਤੇ ਇਨ੍ਹਾਂ ਵਿਦਿਆਰਥੀਆਂ ਦਾ ਪ੍ਰਿੰਸੀਪਲ ਡਾ. ਗਗਨਜੀਤ ਕੌਰ ਅਤੇ ਸਟਾਫ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕਰਦਿਆਂ ਵਿਸ਼ੇ ਸਨਮਾਨ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਹੋਰ ਮੁਕਾਬਲਿਆਂ/ਗਤੀਵਿਧੀਆਂ ਵਿੱਚ ਭਾਗ ਲੈਣ ਅਤੇ ਪੂਰੀ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਦਫਤਰ ਤਹਿਸੀਲਦਾਰ, ਮੋਗਾ

### ਨੋਟਿਸ ਬਨਾਮ ਆਮ ਪਬਲਿਕ

ਸ੍ਰੀ ਰਾਜੂ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਪਿੰਡ ਦੌਲਤਪੁਰਾ ਨੀਵਾਂ, ਤਹਿ. ਵਾ ਜ਼ਿਲ੍ਹਾ ਮੋਗਾ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਮੌਤ ਸਰਟੀਫਿਕੇਟ ਵਾ ਹੋਰ ਦਸਤਾਵੇਜ਼ਾਂ ਵਿੱਚ ਉਸ ਦੇ ਪਿਤਾ ਦਾ ਨਾਂਅ ਪੂਰਨ ਸਿੰਘ ਪੁੱਤਰ ਬੱਥਾ ਸਿੰਘ ਦਰਜ ਹੈ ਅਤੇ ਮਾਲ ਮਹਿਕਮੇ ਵਿੱਚ ਪ੍ਰਾਰਥੀ ਦੇ ਪਿਤਾ ਦਾ ਨਾਂਅ ਪੂਰਨ ਸਿੰਘ ਪੁੱਤਰ ਬੱਠੂ ਸਿੰਘ ਸਿੰਘ ਦਰਜ ਹੈ। ਪ੍ਰਾਰਥੀ ਦੇ ਦਾਦੇ ਨੂੰ ਬੱਠੂ ਸਿੰਘ ਉਰਫ ਬੱਥਾ ਸਿੰਘ ਦੋਵਾਂ ਨਾਂਵਾਂ ਨਾਲ ਜਾਣਿਆ ਜਾਂਦਾ ਹੈ। ਫੀਲਡ ਅਮਲੇ ਦੀ ਰਿਪੋਰਟ ਮੁਤਾਬਿਕ ਪ੍ਰਾਰਥੀ ਦੇ ਦਾਦੇ ਦਾ ਨਾਂਅ ਦਰੁਸਤ ਕਰਨ ਲਈ ਰਿਪੋਰਟ ਕੀਤੀ ਗਈ ਹੈ। ਪ੍ਰਾਰਥੀ ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਪੇਸ਼ ਕੀਤਾ ਗਿਆ ਹੈ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਰਾਜੂ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਪਿੰਡ ਦੌਲਤਪੁਰਾ ਨੀਵਾਂ, ਤਹਿ. ਵਾ ਜ਼ਿਲ੍ਹਾ ਮੋਗਾ ਵੱਲੋਂ ਬੇਨਤੀ ਕੀਤੀ ਹੈ ਕਿ ਪੰਜਾਬ ਲੈਂਡ ਮੈਨੂਅਲ ਦੇ ਪਹਿਰਾ ਨੰਬਰ 7.28 ਅਧੀਨ ਪ੍ਰਾਰਥੀ ਨੇ ਆਪਣੇ ਦਾਦੇ ਦੇ ਨਾਂਅ ਤਬਦੀਲੀ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।ਜਿਸ ਵਿੱਚ ਪ੍ਰਾਰਥੀ ਦੇ ਦਾਦੇ ਦਾ ਨਾਂਅ ਜੋ ਕਿ ਮਹਿਕਮਾ ਮਾਲ ਵਿੱਚ ਬੱਠੂ ਸਿੰਘ ਦਰਜ ਹੈ, ਤੋਂ ਬਦਲ ਕੇ ਬੱਠੂ ਸਿੰਘ ਉਰਫ ਬੱਥਾ ਸਿੰਘ ਕਰਨ ਪਰ ਜੇਕਰ ਕਿਸੇ ਵੀ ਵਿਅਕਤੀ/ਧਿਰ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੈ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰੇ। ਮਿਆਦ ਖਤਮ ਹੋਣ ਤੋਂ ਬਾਅਦ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਲਿਆ ਜਾਵੇਗਾ ਅਤੇ ਨਾਂਅ ਤਬਦੀਲੀ ਸੰਬੰਧੀ ਹੁਕਮ ਸੁਣਾ ਦਿੱਤੇ ਜਾਣਗੇ।

ਸਹੀ/-ਤਹਿਸੀਲਦਾਰ ਮੋਗਾ

ਨੰਬਰ : 1464/ਰੀਡਰ-1 ਮਿਤੀ: 05/12/2025

## ਗੁੰਮਸ਼ੁਦਾ ਦੀ ਭਾਲ



ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਸ਼ਰਮਾ 44 ਸਾਲ, ਕੱਦ 5 ਫੁੱਟ 6 ਇੰਚ, ਜੋ ਕਿ ਕੁਆਰਾ ਹੈ। ਜਿਸ ਦੀ ਦਿਮਾਗੀ ਹਾਲਤ ਠੀਕ ਨਹੀਂ ਹੈ ਅਤੇ ਜਿਸ ਦਾ ਦਿਮਾਗੀ ਇਲਾਜ ਇੰਸਟੀਚਿਊਟ ਆਫ ਮੈਂਟਲ ਹੈਲਥ ਅੰਮ੍ਰਿਤਸਰ ਤੋਂ ਚੱਲ ਰਿਹਾ ਹੈ, 03.09.2025 ਨੂੰ ਘਰੋਂ ਚਲਾ ਗਿਆ ਸੀ, ਜਿਸ ਨੂੰ ਅਸੀਂ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਨਹੀਂ ਮਿਲਿਆ। ਜਿਸ ਦਾ ਹੁਲੀਆ ਇਸ ਪ੍ਰਕਾਰ ਹੈ : ਰੰਗ ਸਾਂਵਲਾ, ਸਿਹਤਮੰਦ, ਕੈਂਚੀ ਚੱਪਲ, ਕਾਲੇ ਰੰਗ ਦੀ ਪੈਂਟ, ਕਰੀਮ ਕਲਰ ਦੀ ਕਮੀਜ਼। ਦਰਜ ਰੋਜ਼ਨਾਮਚਾ ਨੰ: 027, ਰੋਜ਼ਨਾਮਚਾ ਮਿਤੀ 27.11.2025 ਥਾਣਾ ਪੁਰਾਣਾ ਸ਼ਾਲਾ। ਜੇਕਰ ਕਿਸੇ ਨੂੰ ਮਿਲੇ ਤਾਂ ਹੇਠਾਂ ਲਿਖੇ ਪਤੇ 'ਤੇ ਸੰਪਰਕ ਕਰੇ। ਪਤਾ : ਮਦਨ ਲਾਲ ਪੁੱਤਰ ਸ੍ਰੀ ਨਿਵਾਸ, ਵਾਸੀ ਨਵਾਂ ਨੌਸ਼ਹਿਰਾ, ਥਾਣਾ ਪੁਰਾਣਾ ਸ਼ਾਲਾ, ਜ਼ਿਲ੍ਹਾ ਗੁਰਦਾਸਪੁਰ। ਮੋਬਾਇਲ ਨੰ: 79867-28509

## IDBI BANK

**IDBI BANK LTD,**
NPA Management Group, 7th Floor,
IDBI Towers, World Trade Centre,
Cuffe Parade, Colaba, Mumbai-400005

### ਸਮਰੱਥ ਅਧਿਕਾਰ ਵੱਲੋਂ ਆਦੇਸ਼

ਕਰਜ਼ਦਾਰ : ਚੀਮਾ ਸਪਿੰਨਟੈਕਸ ਲਿਮਟਿਡ
ਰਜਿਸਟਰਡ ਦਫ਼ਤਰ ਦਾ ਪਤਾ : ਮਕਾਨ ਨੰ. 176/2, ਸੈਕਟਰ 41-ਏ, ਚੰਡੀਗੜ੍ਹ : 160036

ਚੀਮਾ ਸਪਿੰਨਟੈਕਸ ਲਿਮਟਿਡ (ਕਰਜ਼ਦਾਰ) ਅਤੇ ਇਸ ਦੇ ਡਾਇਰੈਕਟਰਾਂ, ਜਿਵੇਂ ਕਿ ਸ੍ਰੀ ਹਰਦਿਆਲ ਸਿੰਘ ਚੀਮਾ ਅਤੇ ਸ੍ਰੀ ਅਮਰਜੀਤ ਸਿੰਘ ਚੀਮਾ ਨੂੰ ਧੋਖਾਧੜੀ ਵਜੋਂ ਵਰਗੀਕ੍ਰਿਤ ਕਰਨ ਦੇ ਮਾਮਲੇ 'ਚ ਹੇਠਾਂ ਦਰਸਾਏ ਵਿਅਕਤੀਆਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਬੈਂਕ ਦੁਆਰਾ ਮਿਤੀ 15 ਜੁਲਾਈ 2024 ਨੂੰ ਵਪਾਰਕ ਬੈਂਕ (ਖੇਤਰੀ ਪੇਂਡੂ ਬੈਂਕਾਂ ਸਮੇਤ) ਅਤੇ ਆਲ ਇੰਡੀਆ ਫਾਇਨਾਂਸ਼ੀਅਲ ਸੰਸਥਾਵਾਂ ਵਿੱਚ ਧੋਖਾਧੜੀ ਜੋਖ਼ਮ ਪ੍ਰਬੰਧਨ 'ਤੇ ਆਰ ਬੀ ਆਈ ਮਾਸਟਰ ਨਿਰਦੇਸ਼ਾਂ ਦੇ ਸੰਦਰਭ 'ਚ ਜਾਰੀ ਕੀਤਾ ਗਿਆ ਆਦੇਸ਼ ('ਮਾਸਟਰ ਨਿਰਦੇਸ਼ਾਂ') ਨੂੰ ਡਿਲੀਵਰ ਕੀਤੇ ਬਿਨਾਂ ਵਾਪਸ ਕਰ ਦਿੱਤਾ ਗਿਆ ਹੈ।

| ਨਾਂਅ | ਪਤਾ | ਅਹੁਦਾ |
|---|---|---|
| ਸ੍ਰੀ ਹਰਦਿਆਲ ਸਿੰਘ ਚੀਮਾ | ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ, ਐਸ ਸੀ ਓ ਨੰ. 64-65, ਤੀਜੀ ਮੰਜ਼ਲ, ਸੈਕਟਰ 17-ਏ, ਚੰਡੀਗੜ੍ਹ-160017 | ਪ੍ਰਮੋਟਰ/ਡਾਇਰੈਕਟਰ ਚੀਮਾ ਸਪਿੰਨਟੈਕਸ ਲਿਮਟਿਡ |
| | ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ, ਪਿੰਡ ਕੌਲੀ ਮਾਜਰਾ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਐਸ ਏ ਐਸ ਨਗਰ, ਮੁਹਾਲੀ, ਪੰਜਾਬ-140506 | |
| | ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ, ਮਕਾਨ ਨੰ. 176/2, ਸੈਕਟਰ 41-ਏ, ਚੰਡੀਗੜ੍ਹ-160036 | |
| | ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ, ਨੰ. 167, ਸੈਕਟਰ 19-ਏ, ਚੰਡੀਗੜ੍ਹ-160019 | |
| | ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ, 260, ਸੈਕਟਰ 9-ਸੀ, ਚੰਡੀਗੜ੍ਹ-160009 | |
| ਸ੍ਰੀ ਅਮਰਜੀਤ ਸਿੰਘ ਚੀਮਾ | ਪੁੱਤਰ ਸ੍ਰੀ ਭਾਗ ਸਿੰਘ ਚੀਮਾ, ਐੱਸ ਸੀ ਓ ਨੰ. 64-65, ਤੀਜੀ ਮੰਜ਼ਲ, ਸੈਕਟਰ 17-ਏ, ਚੰਡੀਗੜ੍ਹ-160017 | ਪ੍ਰਮੋਟਰ/ਡਾਇਰੈਕਟਰ ਚੀਮਾ ਸਪਿੰਨਟੈਕਸ ਲਿਮਟਿਡ |
| | ਪੁੱਤਰ ਸ੍ਰੀ ਭਾਗ ਸਿੰਘ ਚੀਮਾ, ਪਿੰਡ ਕੌਲੀ ਮਾਜਰਾ ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ, ਪੰਜਾਬ-140506 | |
| | ਪੁੱਤਰ ਸ੍ਰੀ ਭਾਗ ਸਿੰਘ ਚੀਮਾ, ਮਕਾਨ ਨੰ. 176/2, ਸੈਕਟਰ 41-ਏ, ਚੰਡੀਗੜ੍ਹ-160036 | |
| | ਪੁੱਤਰ ਸ੍ਰੀ ਭਾਗ ਸਿੰਘ ਚੀਮਾ, 260, ਸੈਕਟਰ 9-ਸੀ, ਚੰਡੀਗੜ੍ਹ-160009 | |
| | ਪੁੱਤਰ ਸ੍ਰੀ ਭਾਗ ਸਿੰਘ ਚੀਮਾ, ਚੀਮਾ ਨਿਵਾਸ, ਕਾਸ਼ੀਪੁਰ, ਜ਼ਿਲ੍ਹਾ ਊਧਮ ਸਿੰਘ ਨਗਰ, ਉੱਤਰਾਖੰਡ-244713 | |

ਉਪਰੋਕਤ ਵਿਅਕਤੀ, ਜੇਕਰ ਉਹ ਚਾਹੁੰਦੇ ਤਾਂ ਬਿਨਾਂ ਡਿਲੀਵਰ ਵਾਪਸ ਕੀਤਾ ਗਿਆ ਉਚਿਤ ਆਰਡਰ ਜਾਂ ਤਾਂ ਵਿਅਕਤੀਗਤ ਤੌਰ 'ਤੇ ਜਾਂ ਕਿਸੇ ਅਧਿਕਾਰਤ ਵਿਅਕਤੀ ਦੁਆਰਾ ਪਛਾਣ ਦਾ ਸਬੂਤ ਪੇਸ਼ ਕਰਕੇ ਉਪਰ ਦਿੱਤੇ ਪਤੇ 'ਤੇ ਨਿਮਨਹਸਤਾਖਰੀ ਤੋਂ ਪ੍ਰਾਪਤ ਕਰ ਸਕਦੇ ਹਨ।

ਮਿਤੀ : 10/12/2025 (ਭਾਵਿਕ ਸ਼ਾਸਤਰੀ) ਡਿਪਟੀ ਜਨਰਲ ਮੈਨੇਜਰ

# ਕਲਾਸੀਫਾਈਡ ਇਸ਼ਤਿਹਾਰ

## Change of Name

I, hitherto known as Ravinder Kumar S/o Girdhari Lal R/o VPO Laroi, District Jalandhar, Punjab 144201, have changed my name as Kumar Ravinder and now my given name Ravinder and my surname is Kumar.

I, Harmesh Lal S/o Piara Singh R/o Village and PO Bassi Gulam Hussain Distt. Hoshiarpur Punjab have changed my name from Harmesh Lal to Ramesh Lal. Concerned note.

I, hitherto known as Ritik son of Rajinder Kumar resident of H.No.D-17/1549 gali No. 3, Kartar Nagar, Chheharta District Amritsar- 143105 Punjab have changed my name and shall hereafter be known as Ritik Kumar. It is certified that I have complied with other legal requirements in this connection.

I, Sarbjeet Singh S/o Buta Singh R/o VPO Kasel, Distt. Tarn Taran, Punjab-143405 have changed my name from Sarbjeet Singh to Sarbjit Singh.

I, Gurbaksh Singh S/o S. Jagat Singh R/o Village Sarmastpur, Post Office Bal, District Jalandhar have changed my name from Gurbaksh Singh to Gurbax Singh. Please note.

I, Sahil S/O Mohinder Pal R/O Village Dharam Pura Abadi, PO. Khambra, Distt. Jalandhar - 144026, Punjab have changed my name from Sahil to Sahil Chumber. All Note.

I,Saurav Dutta S/O Inder Pal Dutta R/O H.No.New 1003/1002, Old 937,Katra Baghian,Gali Ranjodh Singh, Amritsar,Punjab have changed my name from Saurav Dutta to Sourav Dutta.Concerned note.

I, Rajeev Kumar S/o Deshraj R/o 75-A, Harkrishan Avenue, Sultanwind Link Road, Amritsar have changed my name from Rajeev Kumar to Rajeev Sharma.

I, Veer Kaur W/o Gurpreet Singh R/o Village Varpal Tehsil and District Amritsar have changed my name from Ravinder Kaur to Veer Kaur.

I, Gurmeet Kaur W/o Sukhwinder Singh R/o Village Manochahal, Tarn Taran have changed my name from Gurmeet Kaur to Gurmit Kaur.

I, Rama Salwan W/o Kuldeep Raj R/o 270, New Urban Estate Lake Head Public School Mahal Sub Urban, PO Chheharta, Amritsar have changed my name from Rama Salwan to Rama Rani.

I, Kuldeep Raj Salwan S/o Baldev Raj Salwan R/o 270, New Urban Estate Lake Head Public School Mahal Sub Urban, PO Chheharta, Amritsar have changed my name from Kuldeep Raj Salwan to Kuldeep Raj.

I, Parvinder Singh Bajaj S/o Joginder Singh R/o plot no 19 Gali no 1 Guru Nanak Colony Amritsar have changed my name from Parvinder Singh Bajaj to Parvinder Singh.

I, Sunpreet Singh S/o Bhupinder Singh R/o H.No.116, Max City Bye Pass Kala Ghanupur, Amritsar have declare that Sunpreet is my Given name and Singh is my Surname.

I Jagjit Singh S/O Karnail Singh Resident Of Vill Dehriwal Kiran P.o Bishankot Gurdaspur Punjab, I Have Changed My Name From Jagjit Singh To Singh Jagjit, Surname As Singh And Given Name As Jagjit.

I, Manish Pal Son Of Sh.Dharam Pal R/O H.No 197 W.No 03 Parjapat Moh, Dasuya Teh.Dasuya, Hoshiarpur, Punjab Have Changed My Name Manish As Given Name And Pal As Surname. All Concerned May Note.

I, Joginder Kumar S/o Mangat Ram R/o VPO. Wadala, Nakodar Road, Distt. Jalandhar have changed my name to Given name as Joginder & Surname as Kumar.

I, hitherto known as Arpita Soni W/o Shivam Kakkar R/o HIG Flat No. 223 DU-1, Society-1, Guru Gobind Singh Avenue, Jalandhar, Punjab-144001 have changed my name and shall hereafter be known as Arpita Kakkar.

## Change of Name

I, Omkar Singh Bedi S/o Kulwant Singh R/o H.No 22, New Guru Teg Bahadur Nagar, Jalandhar have changed my name from Omkar Singh to Omkar Singh Bedi. All Please Note.

I, Tarandeep Kaur W/o Gurpreet Singh R/o VPO. Bhungarni, District Hoshiarpur, Punjab-146112 have changed my name from Tarandeep Kaur to Kaur Tarandeep (Kaur as Surname). Concerned Note.

I, hitherto known as Rajbeer S/o Harjinder Singh R/o Vill. Ralhan, PO. Khudda, Tehsil Dasuya, Hoshiarpur, Punjab-144305 have changed my name and shall hereafter be known as Rajbeer Singh Banwait.

I, hitherto known as Gaganpreet Singh S/o Baljinder Singh R/o Ward No. 8, Sham Chaurasi, Distt. Hoshiarpur, Punjab have changed my name and shall hereafter be known as Singh Gaganpreet.

I, Rashami W/O Vishal Dada R/o Dada vatika, Usmanpur, Jalandhar have changed my name Rashami to Rashmi Dada. All Concerned please note.

## PUBLIC NOTICE

I, Gurmeet Singh S/o Tara Singh R/o Village Ganja, PO. Dorangla, Distt. Gurdaspur, Punjab, India. Declare that my given name as Gurmeet and my Surname as Singh.

I Neelam wd/o Sant Kumar, R/o H.No 1154/A, Sant Nagar , Ladowali Road, Jalandhar declare that my son Akash Deep, his wife Sweta , their children Arjun and Naman all are out of my control. So I disown them from my moveable and immoveable properties. Anybody deals with them at their own risk and responsibility. All concerned may note.

I, Vibha Devi W/o Sh. Kare Lal R/o H.No. 24, Kala Singha Road Tagore Avenue, Jalandhar, Punjab declare that my son Gulshan and his wife Sanjana are out of my control. So I disinherit them from all my moveable and immoveable properties. Myself and other family members having no relation with them. I and my family shall not be held responsible for any of their act, deed and things related to them. All concerned please note.

I, Rajesh Kumar S/o Sh. Kare Lal R/o H.No. 24, Kala Singha Road Tagore Avenue, Jalandhar, Punjab declare that my brother Gulshan and his wife Sanjana Kumari are out of my control. So I disinherit them from all my moveable and immoveable properties. Myself and other family members having no relation with them. I and my family shall not be held responsible for any of their act, deed and things related to them. All concerned please note.

I, Raj Kumari Mehmi S/o Late. Sardha Ram R/o VPO. Bopa Rai Kalan, Tehsil Nakodar, Distt. Jalandhar, Punjab declare that my son Ajay Kumar is out of my control. I disinherit him from my moveable and immovable properties. I and my family shall not be held responsible for any of his acts, deeds and things. All please note.

## ਨਾਂਅ ਦੀ ਬਦਲੀ

ਮੈਂ, ਮੀਨਾ ਰਾਣੀ (Meena Rani) ਪਤਨੀ Sita Ram ਵਾਸੀ W.No. 10 A.P. Enclave, Sangrur Road Dhuri-148024 (Sangrur) ਨੇ ਆਪਣਾ ਨਾਮ ਬਦਲ ਕੇ ਮੀਨਾ (MEENA) ਰੱਖ ਲਿਆ ਹੈ।

ਮੈਂ ਸੁਖਵੰਤ ਕੌਰ (shukhwant Kaur) ਪਤਨੀ ਪੰਕਜਦੀਪ ਸਿੰਘ ਪੁੱਤਰੀ ਜਗਤਾਰ ਸਿੰਘ ਵਾਸੀ ਨੇੜੇ ਸੰਤੋਸ਼ੀ ਮਾਤਾ ਮੰਦਰ ਆਜ਼ਦ ਨਗਰ ਖੰਨਾ ਨੇ ਆਪਣਾ ਨਾਮ ਬਦਲ ਕੇ ਸੁਖਵੰਤ ਕੌਰ (Sukhwant Kaur) ਰੱਖ ਰਿਹਾ ਹੈ ਸਬੰਧਤ ਨੋਟ ਕਰਨ।

ਮੈਂ, ਸੰਗੀਤਾ ਰਾਣੀ ਪਤਨੀ ਵਿਜੇ ਕੁਮਾਰ ਵਾਸੀ ਪਿੰਡ ਕੋਟ ਫਤੂਹੀ, ਜ਼ਿਲਾ ਹੁਸ਼ਿਆਰਪੁਰ, ਪੰਜਾਬ-144519 ਨੇ ਆਪਣਾ ਨਾਂ ਬਦਲ ਕੇ ਸੀਤਾ ਰਾਣੀ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ। (ਰਪੀਟ)

## ਬੇਦਖਲੀ ਨੋਟਿਸ

ਮੈਂ, ਹਾਕਮ ਸਿੰਘ ਪੁੱਤਰ ਬਚਨ ਸਿੰਘ ਵਾਸੀ ਪਿੰਡ ਖੋਸਾ ਰਣਧੀਰ, ਤਹਿ. ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਇਕਬਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ, ਵਿਧਾ ਸਾਗਰ ਪੁੱਤਰ ਰਾਮ ਗੋਪਾਲ, ਵਾਸੀ ਮਕਾਨ ਨੰ. 963, ਵਾਰਡ ਨੰ: 13, ਨਿਊ ਪਰਵਾਨਾ ਨਗਰ ਮੋਗਾ, ਜ਼ਿਲ੍ਹਾ ਮੋਗਾ, ਹਾਲ ਅਬਾਦ ਖਾਲਸਾ ਗਰਲਜ਼ ਸਕੂਲ ਵਾਲੀ ਗਲੀ ਮੋਗਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਮੰਜੂ ਅਤੇ ਲੜਕੇ ਹਿਮਾਂਸੂ ਅਤੇ ਸਹਿਲ, ਲੜਕੀਆਂ ਵਰਸਾ ਰਾਣੀ ਅਤੇ ਪਿੰਕੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪਰਮਜੀਤ ਕੌਰ ਪਤਨੀ ਬਖਸ਼ੀਸ਼ ਸਿੰਘ, ਵਾਸੀ ਪਿੰਡ ਮਧੇਕੇ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਦੋਹਤਾ ਕਰਮਜੀਤ ਸਿੰਘ ਪੁੱਤਰ ਜਸਵਿੰਦਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਲਾਲ ਚੰਦ ਪੁੱਤਰ ਸ੍ਰੀ ਚਮਨ ਲਾਲ ਵਾਸੀ ਵਾਰਡ ਨੰਬਰ 13/4 ਬਸਤੀ ਅਮ੍ਰਿਤਸਰੀਆਂ ਟਾਂਡਾ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਦਾ ਹਾਂ ਅਤੇ ਹਲਫੀਆ ਬਿਆਨ ਕਰਦਾ ਹਾਂ ਕਿਮੇਰਾ ਲੜਕਾ ਗਣਪਤ ਰਾਏ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ ਅਤੇ ਸਾਡੇ ਨਾਲ ਲੜਾਈ ਝਗੜਾ ਕਰਦਾ ਹੈ ਇਸ ਲਈ ਮੈਂ ਇਸ ਨੂੰ ਆਪਣੀ ਸਾਰੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਹ ਆਪਣੇ ਕੀਤੇ ਹੋਏ ਹਰੇਕ ਚੰਗੇ ਮਾੜੇ ਕੰਮ ਦਾ ਖੁਦ ਜੁੰਮੇਵਾਰ ਹੋਵੇਗਾ। ਇਸ ਵਿਚ ਮੇਰੀ ਅਤੇ ਮੇਰੇ ਕਿਸੇ ਵੀ ਪ੍ਰਵਾਰਕ ਮੈਂਬਰ ਦੀ ਕੋਈ ਵੀ ਜੁੰਮੇਵਾਰੀ ਨਹੀਂ ਹੋਵੇਗੀ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ । ਸਬੰਧਤ ਨੋਟ ਕਰਨ।

ਅਸੀਂ ਰਾਜਪ੍ਰੀਤ ਕੌਰ ਪਤਨੀ ਤਰਸੇਮ ਸਿੰਘ,ਅਤੇ ਸਤਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਵਾਰਡ ਨੰਬਰ 05 ਦਲਵੀਰ ਐਮ .ਸੀ ਵਾਲੀ ਗਲੀ ਮਾਨਸਾ, ਜ਼ਿਲ੍ਹਾ ਵਾ ਤਹਿਸੀਲ ਮਾਨਸਾ ਦੋਵੇਂ ਕ੍ਰਮਵਾਰ ਹਲਫ਼ ਨਾਲ ਬਿਆਨ ਕਰਦੇ ਹਾਂ ਕਿ ਹਾਂ ਕਿ ਮੇਰਾ ਪਤੀ ਅਤੇ ਸਤਿੰਦਰ ਸਿੰਘ ਦਾ ਪਿਤਾ ਤਰਸੇਮ ਸਿੰਘ ਪੁੱਤਰ ਤੇਜ਼ਾ ਸਿੰਘ, ਪਤਾ ਉਕਤ, ਸਾਨੂੰ ਤੰਗ ਪ੍ਰੇਸਾਨ ਕਰਨ ਤੋਂ ਇਲਾਵਾ ਕਹਿਣੇ ਤੋਂ ਵੀ ਬਾਹਰ ਹੈ। ਜਿਸ ਕਾਰਨ, ਅਸੀਂ ਉਸ ਨੂੰ ਆਪਣੀ ਸਾਲਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ।ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਗੁਰਪ੍ਰੀਤ ਸਿੰਘ ਪੁੱਤਰ ਹਰਵੰਤ ਸਿੰਘ ਵਾਸੀ ਪਿੰਡ ਭਗਠਾਣਾ ਤੁਲੀਆਂ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਗੁਰਪ੍ਰਕਾਸ਼ ਸਿੰਘ ਉਰਫ ਅਕਾਸ਼ ਮੇਰੇ ਕਹਿਣੇ ਤੋ ਬਾਹਰ ਹੈ । ਮੈ ਆਪਣੇ ਪੁੱਤਰ ਗੁਰਪ੍ਰਕਾਸ਼ ਸਿੰਘ ਉਰਫ ਅਕਾਸ਼ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ । ਇਸ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਗੁਰਦੇਵ ਸਿੰਘ ਪੁੱਤਰ ਸ੍ਰੀ ਸੰਤੋਖ ਸਿੰਘ ਵਾਸੀ ਪਿੰਡ ਬਾਬਾ ਡਾਕਖਾਨਾ ਕੰਧਾਲਾ ਜੱਟਾਂ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸਤਨਾਮ ਸਿੰਘ ਪੁੱਤਰ ਗੁਰਦੇਵ ਸਿੰਘ, ਨੂੰਹ ਰਸ਼ਮੀ ਪਤਨੀ ਸਤਨਾਮ ਸਿੰਘ, ਪੋਤਰੀ ਹਰਲੀਨ ਕੌਰ ਪੁੱਤਰੀ ਸਤਨਾਮ ਸਿੰਘ ਤੇ ਪੋਤਰਾ ਹਰਜੋਤ ਸਿੰਘ ਪੁੱਤਰ ਸਤਨਾਮ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਮੇਰਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਨਰਿੰਦਰ ਕੌਰ ਪਤਨੀ ਲੇਟ ਸ੍ਰੀ ਗੁਰਚਰਨ ਸਿੰਘ, ਵਾਸੀ ਪਿੰਡ ਟੂੰਡ, ਡਾਕ. ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕੁਲਦੀਪ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਪਤਨੀ ਸ੍ਰੀ ਸੂਰਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਰਾਣੀ ਪਿੰਡ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਲਾਬ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕੰਵਲਜੀਤ ਸਿੰਘ ਪੁੱਤਰ ਲਾਲ ਸਿੰਘ, ਵਾਸੀ ਮਕਾਨ ਨੰਬਰ 33, ਗੁਰੂ ਤੇਗ ਬਹਾਦਰ ਐਵੀਨਿਊ ਚਾਟੀਵਿੰਡ ਗੇਟ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਹਰਸ਼ਪ੍ਰੀਤ ਕੌਰ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਅਤੇ ਇਸ ਦੇ ਪਤੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਹਨਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਅਰੂੜ ਸਿੰਘ ਪੁੱਤਰ ਨਾਜਰ ਸਿੰਘ, ਵਾਸੀ ਪਿੰਡ ਧੱਤਲ, ਡਾਕਖਾਨਾ ਖਾਪੜ ਖੇੜੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਮਸ਼ੇਰ ਸਿੰਘ, ਜੋ ਕਿ ਆਪਣੀ ਮਨਮਰਜ਼ੀ ਕਰਦਾ ਹਾਂ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਆਮ ਸੂਚਨਾ

ਮੈਂ, ਕਰਨ ਸਿੰਘ, ਪੁੱਤਰ ਸੋਹਣ ਸਿੰਘ, ਹਿੰਦੂ ਮੁਹੱਲਾ, ਕਾਦੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਬਿਆਨ ਕਰਦਾ ਹਾਂ ਕਿ ਮੈਂ 2016 ਵਿੱਚ ਰੋਲ ਨੰਬਰ 2215528 ਨਾਲ ਦਸਵੀਂ ਜਮਾਤ ਪਾਸ ਕੀਤੀ ਸੀ। ਮੇਰੀ ਮਾਂ ਦਾ ਨਾਮ ਮੇਰੇ ਦਸਵੀਂ ਜਮਾਤ ਦੇ ਰਿਕਾਰਡ ਵਿੱਚ ਮੁਸਕਾਨ ਵਜੋਂ ਦਰਜ ਹੈ, ਜੋ ਕਿ ਗਲਤ ਹੈ। ਸਹੀ ਨਾਮ ਮੁਸਕਾਨ ਮਹਿਰਾ ਹੈ। ਸੰਬੰਧਿਤ ਨੋਟ ਕਰਨ।

ਮੈਂ ਪਰਗਟ ਸਿੰਘ ਪੁੱਤਰ ਲੇਟ ਸਵਿੰਦਰ ਸਿੰਘ ਵਾਸੀ ਬਾਸਰਕੇ ਗਿੱਲਾਂ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਸਵਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਦੋਨੋਂ ਮੇਰੇ ਪਿਤਾ ਇੱਕ ਹੀ ਸ਼ਖਸ਼ ਦੇ ਨਾਮ ਹਨ ਅਤੇ ਉਨ੍ਹਾਂ ਨੂੰ ਦੋਵਾਂ ਨਾਵਾਂ ਦੇ ਨਾਲ ਜਾਣਿਆ ਜਾਂਦਾ ਹੈ. ਸੰਬੰਧਤ ਨੋਟ ਕਰਨ।

ਮੈਂ, ਬਲਵੀਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਸ਼ਾਮ ਚੋਰਾਸੀ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਰਵੀਰ ਸਿੰਘ ਮਾਨ ਅਤੇ ਮੇਰੀ ਨੂੰਹ ਕਮਲਜੀਤ ਕੌਰ ਪਤਨੀ ਅਮਰਵੀਰ ਸਿੰਘ ਮਾਨ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਸੀ ਜਿਹਨਾਂ ਨੂੰ ਮੈਂ ਨਵਾਂ ਜ਼ਮਾਨਾ ਅਖਬਾਰ ਰਾਹੀਂ ਮਿਤੀ 19-04-2018 ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਵਾ ਨੂੰਹ ਹੋਵੇਂ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਆਪਣੀ ਦਿੱਤੀ ਹੋਈ ਉਕਤ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਹੁਣ ਇਹ ਦੋਵੇਂ ਮੇਰੀ ਜਾਇਦਾਦ ਦੇ ਹੱਕਦਾਰ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ ਅਰਜਨ ਸਿੰਘ ਪੁੱਤਰ ਸ੍ਰ ਦੀਵਾਨ ਸਿੰਘ ਵਾਸੀ ਮਕਾਨ ਨੰ.127,ਨਿਊ ਗੁਰੂ ਰਮਦਾਸ ਕਲੋਨੀ ਕੋਟ ਖਾਲਸਾ,ਝੰਡ ਪੀਰ ਰੋਡ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਜੋ ਕਿ ਕਵਾਰਾ ਹੈ ਮੇਰੇ ਕਹਿਣੇ, ਸੁਨਣੇ ਤੋਂ ਬਾਹਰ ਹੈ, ਮਨ ਮਰਜੀ ਦਾ ਮਾਲਕ ਹੈ । ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਅਗਰ ਉਹ ਭਵਿੱਖ ਵਿਚ ਆਪਣੀ ਮਰਜੀ ਦੇ ਨਾਲ ਕਿਸੇ ਨਾਲ ਵਿਆਹ ਕਰਵਾ ਲੈਂਦਾ ਹੈ ਇਸਦੀ ਪਤਨੀ ਅਤੇ ਉਸਦੇ ਹੋਣ ਵਾਲੇ ਬੱਚਿਆਂ ਨਾਲ ਮੇਰੇ ਅਤੇ ਮੇਰੇ ਪਰਿਵਾਰ ਦਾ ਕੋਈ ਤਲਕਵਾਸਤਾ ਨਹੀਂ ਹੋਵੇਗਾ। ਉਹ ਆਪਣੀ ਕਰਨੀ ਭਰਨੀ ਅਤੇ ਲੈਣ ਦੇਣ ਦਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਐੱਨ. ਐੱਸ. ਗੋਤਰਾ ਪੁੱਤਰ ਸਾਧੂ ਸਿੰਘ ਦਾ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 24-2076x ਕਾਹਨੂੰਵਾਨ ਵਿਖੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਦਾ ਨਾਂਅ ਬਦਲ ਕੇ ਗੁਰਜੀਤ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਪਿੰਡ ਕਾਹਨੂੰਵਾਨ ਦੇ ਨਾਂਅ 'ਤੇ ਬਦਲੀ ਕਰਨ ਦੀ ਦਰਖਾਸਤ ਸੰਬੰਧਤ ਦਫ਼ਤਰ ਵਿਖੇ ਹੈ। ਇਸ ਨਾਂਅ ਦੀ ਬਦਲੀ ਸੰਬੰਧੀ ਜੇਕਰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਵਿਚ ਉਪ ਮੰਡਲ ਦਫ਼ਤਰ ਕਾਹਨੂੰਵਾਨ ਵਿਖੇ ਪੇਸ਼ ਕਰ ਸਕਦਾ ਹੈ।

ਖਾਤਾ ਨੰਬਰ **KRAP/107**, ਜੋ ਕਿ ਪਿੰਡ ਕੁਲਰੀਆਂ ਵਿਖੇ ਕਾਬਲ ਸਿੰਘ ਪੁੱਤਰ ਜੀਤ ਸਿੰਘ, ਵਾਸੀ ਕੁਲਰੀਆਂ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਕੁਲਦੀਪ ਸਿੰਘ ਪੁੱਤਰ ਜਗਦੇਵ ਸਿੰਘ, ਵਾਸੀ ਕੁਲਰੀਆਂ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਖਾਤਾ ਨੰਬਰ **KRAP/708**, ਜੋ ਕਿ ਪਿੰਡ ਕੁਲਰੀਆਂ ਵਿਖੇ ਕਾਬਲ ਸਿੰਘ ਪੁੱਤਰ ਜੀਤ ਸਿੰਘ, ਵਾਸੀ ਕੁਲਰੀਆਂ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਕੁਲਦੀਪ ਸਿੰਘ ਪੁੱਤਰ ਜਗਦੇਵ ਸਿੰਘ, ਵਾਸੀ ਕੁਲਰੀਆਂ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ 3004483234 (7.5 ਬੀ ਐੱਚ ਪੀ), ਜੋ ਕਿ ਸੰਤਾ ਸਿੰਘ ਪੁੱਤਰ ਆਤਮਾ ਸਿੰਘ ਰਕਬਾ ਮੋਟਰ ਪਿੰਡ ਅਮਾਨੀਪੁਰ, ਸੁਲਤਾਨਪੁਰ ਲੋਧੀ ਕਪੂਰਥਲਾ ਦੇ ਨਾਂਅ 'ਤੇ ਚੱਲ ਰਹੀ ਹੈ, ਨੂੰ ਗੁਰਮੇਜ ਕੌਰ ਪਤਨੀ ਗੁਰਮੇਲ ਸਿੰਘ ਵਾਸੀ ਪਿੰਡ ਬਿਧੀਪੁਰ, ਟਿੱਬਾ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧ ਵਿੱਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪਾਵਰਕਾਮ ਦੇ ਦਫਤਰ ਸ/ਡ ਸਿਟੀ ਨੰਬਰ-2 ਸੁਲਤਾਪੁਰ ਲੋਧੀ, ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

ਮੈਂ, ਮੋਹਨ ਲਾਲ ਪੁੱਤਰ ਬਸੰਤ ਲਾਲ, ਵਾਸੀ ਹਾਲ ਬਾਜ਼ਾਰ, ਫਰਨੀਚਰ ਮਾਰਕਿਟ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਘਰ ਦੀਆਂ ਦੋ ਪੁਰਾਣੀਆਂ ਰਜਿਸਟਰੀਆਂ ਕੁੱਲ ਰਕਬਾ 84.4 ਵਰਗ ਗਜ਼, ਪ੍ਰਾਈਵੇਟ ਨੰ:68, ਖਸਰਾ ਨੰ: 81, 82 ਮਿਨ, ਵਾਕਿਆ ਰਕਬਾ ਨਿਊ ਜਵਾਹਰ ਨਗਰ, ਅੰਮ੍ਰਿਤਸਰ ਨਾਂਅ ਯਸ਼ਪਾਲ ਪੁੱਤਰ ਦਰਸ਼ਨ ਲਾਲ ਸੰਨ 1994 ਦਸਤਾਵੇਜ਼ ਨੰ: 21019 ਅਤੇ ਜਤਿੰਦਰ ਕੁਮਾਰ ਪੁੱਤਰ ਰਾਜ ਕੁਮਾਰ ਸੰਨ 1989 ਦਸਤਾਵੇਜ਼ ਨੰ: 11419, ਜੋ 10.11.25 ਨੂੰ, ਕਿਧਰੇ ਗੁੰਮ ਹੋ ਗਈ ਹੈ। ਜਿਸ ਦੀ ਐੱਫ ਆਈ ਆਰ 9.12.25 ਨੂੰ ਥਾਣਾ ਡਵੀਜ਼ਨ ਈ ਵਿਖੇ ਦਰਜ ਕਰਵਾ ਦਿੱਤੀ ਹੈ। ਇਸ ਦਾ ਜੀ. ਡੀ. ਨੰ. 026 ਹੈ।

ਮੈਂ, ਮਨਜੀਤ ਕੌਰ ਪਤਨੀ ਰਜਿੰਦਰ ਸਿੰਘ, ਵਾਸੀ ਕਿਲ੍ਹਾ ਦਰਸ਼ਨ ਸਿੰਘ ਬਟਾਲਾ ਸੂਚਿਤ ਕਰਦੀ ਹਾਂ ਕਿ ਪੁਰਾਣੀ ਸੇਲ ਡੀਡ ਪੀ. ਐੱਫ. ਪ੍ਰਾਪਰਟੀ ਬਲਵੰਤ ਸਿੰਘ ਪੁੱਤਰ ਅਮਰ ਸਿੰਘ ਦੇ ਪੱਖ ਵਿਚ ਦਸਤਾਵੇਜ਼ ਨੰ: 2372, ਤਸਦੀਕ ਮਿਤੀ 31.7.85 ਜੋ ਵਾਕਿਆ ਰਕਬਾ ਬਟਾਲਾ, ਜੀ. ਟੀ. ਰੋਡ ਜ਼ਿਲ੍ਹਾ ਗੁਰਦਾਸਪੁਰ ਪੰਜਾਬ ਵਿਖੇ ਸਥਿਤ ਹੈ, ਜੋ 8.10.25 ਨੂੰ ਕਿਧਰੇ ਗੁੰਮ ਹੋ ਗਈ ਹੈ। ਇਸ ਦੀ ਐੱਫ. ਆਈ. ਆਰ. ਪੁਲਸ ਸਟੇਸ਼ਨ ਬਟਾਲਾ ਵਿਖੇ 8.12.25 ਨੂੰ ਦਰਜ ਕਰਵਾ ਦਿੱਤੀ ਹੈ। ਜਿਸ ਦਾ ਐੱਸ. ਆਰ. ਨੰ: 655946/2025 ਹੈ। ਅਗਰ ਕਿਸੇ ਨੂੰ ਮਿਲੇ ਤਾਂ ਸਾਨੂੰ ਸੰਪਰਕ ਕਰੇ :- 76528-98133

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## PUBLIC NOTICE

It is hereby notified that I, Gurpreet Singh Munde, son/daughter of Jaswinder Singh/ Mother's Jaspreet Kaur), resident of Mohri Ki Patti, Vill-Minian, have lost my original Punjab School Education Board Marksheet of Class 12th, Senior Secondry / XII, Roll No. 2020483636, Year of Passing (March 2020), issued by the Punjab School Education Board (PSEB). If anyone finds the same, kindly +916239103248 or return to my above address. I am applying to SEB for a second copy of certificate. (Gurpreet Singh Munde) Contact No: (6239103248)

## COURT NOTICE

(U/o 5 Rule 20 CPC)
In the Court of
Sh. Harvinder Singh
Fast Track Court, Ludhiana
CNR No. PBLD01-004130-2024
Next Date :- 12-12-2025
Rachhpal Singh
Vs.
State Bank of Punjab

Publication Issued to :
3. Akashdeep Singh @ Ashu S/o : Kulwant Singh R/o House No. 2028, Sector 32, Chandigarh Road, Ludhiana.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 12.12.2025 at 10:00 a.m.

For details logon to https://highcourtchd.gov.in/?trs=district_notice&district=Ludhiana

Fast Track Court, Ludhiana
Dated this day of 27-11-2025

## COURT NOTICE

(U/o 5 Rule 20 CPC)
In The Court of
Sh. Amrinder Pal Singh
Additional Principal Judge Family Court, Sangrur
CNR No. PBSG01-009430-2024
Next Date:- 17-01-2026
GW/29/2024
Lakhvinder Singh
Vs.
General Public

Publication Issued To:
2 Lachmi Devi
:-Divorcee of Lakhvinder Singh D/O Harjinder Singh R/o Vill. Boraj Hari Singh, Sadha Wali Gali, Near Stadium,Tehsil Raikot, Ludhiana

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-01-2026 at 10:00 a.m.

For details logon to https://highcourtchd.gov.in/?mod=district_notice&district=Sangrur

Additional Principal Judge Family Court, Sangrur
Dated, this day of 08-12-2025

## COURT NOTICE

(U/o 5 Rule 20 CPC)
In the Court of
Ms. Prabhjot Kaur
Additional Civil Judge (Senior Division), Pathankot
CNR No. PBPO02-001932-2025
Next Date :- 06-02-2026
Chetna Sharma
Vs.
General Public

Publication Issued to :
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 06.02.2026 at 10:00 a.m.

For details logon to https://highcourtchd.gov.in/?mod=district_notice&district=Pathankot

Additional Civil Judge (Senior Division), Pathankot
Dated this day of 05-12-2025

## COURT NOTICE

(U/o 5 Rule 20 CPC)
In the Court of Shivani
Civil Judge (Junior Division), Amritsar
CNR No. PBAS02-003760-2024
Next Date :- 16-01-2026
Kuldeep Singh
Vs.
Gurpreet Kaur
CS DAMAGES

Publication Issued to :
1. Gurpreet Kaur W/o Pankaj D/o Baljit Singh , H. No. B-34-2646, New Tagore Nagar, Haibowal Kalan, Ludhiana, Mob. No. 83605-91664
2. Baljit Singh Parmar S/o Lal Singh Parmar, H. No. B-34-2646, New Tagore Nagar, Haibowal Kalan, Ludhiana, Mob. No. 80549-80400

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 16.01.2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division), Amritsar
Dated this day of 09-12-2025

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-132 | 23/12/2025 ਨੂੰ 11:00 Hrs. | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ ਐਸਐਲਆਰ ਕੰਪਾਰਟਮੈਂਟ): 14626/F1, 14622/F1, 12422/F1, 14633/F1, 14632/R1, 14616/F1, 14633/F2, 14542/F1, 22486/F1, 19614/F1 & 14630/R1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 3803/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਪਬਲਿਕ ਨੋਟਿਸ

**ICICI Bank** Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

### ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ, ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 20 ਦਸੰਬਰ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਬਾਅਦ ਦੁਪਹਿਰ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਜਨਾਲਾ | |
| 108362003746 | ਕਸ਼ਮੀਰ ਸਿੰਘ |
| 108362009124 | ਮਨਦੀਪ ਕੌਰ |
| 108362009389 | ਹਰਪਾਲ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ ਹਾਲ ਬਜ਼ਾਰ | |
| 023862005314 | ਵਿਕਰਮ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ ਵੱਲਾ ਮੰਡੀ | |
| 360662000632 | ਸ਼ਗਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਵੇਰਕਾ | |
| 374262000728 | ਅਮਨਦੀਪ ਸਿੰਘ |
| ਬਰਾਂਚ ਦਾ ਨਾਂਅ :ਬਾਘਾ ਪੁਰਾਣਾ | |
| 278857000002 | ਚਿਮਨ ਲਾਲ |
| ਬਰਾਂਚ ਦਾ ਨਾਂਅ : ਬਲਾਚੌਰ ਪੰਜਾਬ | |
| 357262001169 | ਧਰਮਵੀਰ |
| ਬਰਾਂਚ ਦਾ ਨਾਂਅ : ਬਰਨਾਲਾ | |
| 051862004292 | ਬਲਜੀਤ ਸਿੰਘ |
| 051862004713 | ਰਾਮ ਸਿੰਘ |
| ਬਰਾਂਚ ਦਾ ਨਾਂਅ : ਬਟਾਲਾ | |
| 129862001976 | ਹਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਬਿਆਸ | |
| 162862003873 | ਜਸਪਾਲ ਸਿੰਘ |
| ਬਰਾਂਚ ਦਾ ਨਾਂਅ : [illegible] | |
| 152262001358 | ਪਰਮਜੀਤ |
| 152262001856 | ਬਲਬੀਰ ਸਿੰਘ |
| 152262001862 | ਰਮਨ ਕੁਮਾਰ |
| ਬਰਾਂਚ ਦਾ ਨਾਂਅ : [illegible] | |
| 400557000134 | ਜਗਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : [illegible] | |
| 381962001818 | ਹਰਦੀਪ ਸਿੰਘ |
| 381962002613 | ਕਰਮਜੀਤ ਕੌਰ |
| ਬਰਾਂਚ ਦਾ ਨਾਂਅ : [illegible] | |
| 361057000176 | ਅਮਰਿੰਦਰ ਸਿੰਘ |
| ਬਰਾਂਚ ਦਾ ਨਾਂਅ : [illegible] | |
| 374562000480 | ਰਾਜਵਿੰਦਰ ਕੌਰ |
| ਬਰਾਂਚ ਦਾ ਨਾਂਅ : [illegible], ਪੰਜਾਬ | |
| 357962001804 | ਕਲਪਨਾ ਰਾਣੀ |
| ਬਰਾਂਚ ਦਾ ਨਾਂਅ : ਚੰਡੀਗੜ੍ਹ ਸੈਕਟਰ-17 | |
| 134357000032 | ਜਤਿੰਦਰ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ ਸੈਕਟਰ-34 ਏ | |
| 134157000034 | ਪੰਕਜ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ ਸੈਕਟਰ 35 ਸੀ | |
| 632262010908 | ਦਿਵਿਆ ਸ਼ਰਮਾ |
| ਬਰਾਂਚ ਦਾ ਨਾਂਅ : ਦਸੂਹਾ, ਪੰਜਾਬ | |
| 357562000691 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : [illegible], ਪੰਜਾਬ | |
| 356062001952 | ਆਸ਼ੀਸ਼ ਮਸੀਹ |
| 356062001972 | ਕੁਲਜੀਤ ਕੌਰ |
| ਬਰਾਂਚ ਦਾ ਨਾਂਅ : ਦੀਨਾ ਨਗਰ, ਪੰਜਾਬ | |
| 355962002399 | ਨੀਲਮ ਸੈਣੀ |
| ਬਰਾਂਚ ਦਾ ਨਾਂਅ : ਦੋਰਾਹਾ | |
| 078762002760 | ਹਰਮਨ ਸਿੰਘ |
| ਬਰਾਂਚ ਦਾ ਨਾਂਅ : ਗੁਰਦਾਸਪੁਰ | |
| 050162004350 | ਮਨਦੀਪ ਪਾਲ ਸਿੰਘ |
| 050162004738 | ਨਵਜਿੰਦਰ ਸਿੰਘ |
| 050162004740 | ਸ਼ਾਮ ਲਾਲ |
| ਬਰਾਂਚ ਦਾ ਨਾਂਅ : ਹੰਬੜਾਂ | |
| 393957000052 | ਬਲਕਾਰ ਸਿੰਘ |
| ਬਰਾਂਚ ਦਾ ਨਾਂਅ : ਹੁਸ਼ਿਆਰਪੁਰ-ਚੰਡੀਗੜ੍ਹ ਰੋਡ | |
| 342757000014 | ਬਲਜਿੰਦਰ ਸਿੰਘ |
| ਬਰਾਂਚ ਦਾ ਨਾਂਅ : ਜਲਾਲਾਬਾਦ | |
| 211857000360 | ਸ਼ਰਨਜੀਤ ਸਿੰਘ ਸੈਣੀ |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ | |
| 008062003500 | ਅਕਾਸ਼ ਅਕਾਸ਼ |
| 008062003501 | ਨਵਜੋਤ ਕੌਰ |
| ਬਰਾਂਚ ਦਾ ਨਾਂਅ : ਜੰਡਿਆਲਾ ਗੁਰੂ | |
| 202162002928 | ਰੈਣਾਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਕਪੂਰਥਲਾ-ਸੁਲਤਾਨਪੁਰ ਰੋਡ | |
| 189562001923 | ਅਮਰਜੀਤ ਸਿੰਘ |
| ਬਰਾਂਚ ਦਾ ਨਾਂਅ : ਖਮਾਣੋਂ | |
| 199462002579 | ਜਰਨੈਲ ਸਿੰਘ |
| ਬਰਾਂਚ ਦਾ ਨਾਂਅ : ਖੰਨਾ-ਜੀ ਟੀ ਰੋਡ | |
| 659657015039 | ਜਸਬੀਰ ਸਿੰਘ ਅਤੇ ਗੁਰਕੀਰਤ ਸਿੰਘ |
| 659662602136 | ਰਾਣੀ ਰਾਣੀ |
| ਬਰਾਂਚ ਦਾ ਨਾਂਅ : ਕੋਟਕਪੂਰਾ | |
| 078462002717 | ਸੁਖਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਲੌਂਗੋਵਾਲ | |
| 178162003032 | ਜਸਵਿੰਦਰ ਸਿੰਘ |
| 178162003237 | ਆਰਤੀ ਆਰਤੀ |
| ਬਰਾਂਚ ਦਾ ਨਾਂਅ : ਲੁਧਿਆਣਾ-ਬਹਾਦਰ ਕੇ ਰੋਡ | |
| 366257000005 | ਦਲੀਪ ਕੁਮਾਰ |
| ਬਰਾਂਚ ਦਾ ਨਾਂਅ : ਲੁਧਿਆਣਾ-ਬਾਈਪਾਸ | |
| 096657000017 | ਕਰਨ ਸਿੰਘ |
| ਬਰਾਂਚ ਦਾ ਨਾਂਅ :ਲੁਧਿਆਣਾ-ਫਾਇਰ ਸਟੇਸ਼ਨ | |
| 631957001527 | ਹਰਪਾਲ ਸਿੰਘ |
| 631962016384 | ਗੀਤਾ ਦੇਵੀ |
| ਬਰਾਂਚ ਦਾ ਨਾਂਅ : ਲੁਧਿਆਣਾ-ਕਿਚਲੂ ਨਗਰ | |
| 088062001999 | ਮਨਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਮਾਛੀਵਾੜਾ | |
| 178262003563 | ਅੰਮ੍ਰਿਤ ਸਿੰਘ |
| ਬਰਾਂਚ ਦਾ ਨਾਂਅ : ਮਜੀਠਾ ਪੰਜਾਬ | |
| 357062002495 | ਬਲਜਿੰਦਰ ਸਿੰਘ |
| 357062002497 | ਗੁਰਜੀਤ ਸਿੰਘ |
| ਬਰਾਂਚ ਦਾ ਨਾਂਅ : ਮਲੌਦ | |
| 397962001332 | ਸੁਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਮਦੋਟ | |
| 382162004800 | ਬਖਸ਼ੀਸ਼ ਸਿੰਘ |
| ਬਰਾਂਚ ਦਾ ਨਾਂਅ : ਮਾਨਸਾ | |
| 044662005214 | ਹਰਭਗਤ ਸਿੰਘ |
| 044662005206 | ਭਿੰਡਰ ਸਿੰਘ |
| ਬਰਾਂਚ ਦਾ ਨਾਂਅ : ਮੌੜ ਮੰਡੀ ਪੰਜਾਬ | |
| 355662004148 | ਰਵੀ ਕੁਮਾਰ ਮਿੱਤਲ |
| ਬਰਾਂਚ ਦਾ ਨਾਂਅ : ਮੂਣਕ, ਪੰਜਾਬ | |
| 355462002032 | ਹਰਤੇਜ ਸਿੰਘ |
| 355462002366 | ਅਮਰਜੀਤ ਸਿੰਘ |
| 358262002084 | ਸੋਮ ਨਾਥ |
| ਬਰਾਂਚ ਦਾ ਨਾਂਅ : ਮੁੱਲਾਂਪੁਰ ਦਾਖਾ | |
| 151662003164 | ਗੁਰਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਨਾਭਾ | |
| 078962004181 | ਸਲੀਮ ਖਾਨ |
| ਬਰਾਂਚ ਦਾ ਨਾਂਅ : ਨਿਊ ਅੰਮ੍ਰਿਤਸਰ | |
| 733557000011 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਪੱਟੀ | |
| 150562008261 | ਰਣਜੀਤ ਸਿੰਘ |
| ਬਰਾਂਚ ਦਾ ਨਾਂਅ : ਫਗਵਾੜਾ | |
| 632162003087 | ਮਨਜੀਤ ਕੌਰ |
| ਬਰਾਂਚ ਦਾ ਨਾਂਅ : ਫਿਲੌਰ | |
| 078662001962 | ਪਰਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਕਾਦੀਆਂ | |
| 411862001801 | ਕੁਲਵੰਤ ਸਿੰਘ |
| ਬਰਾਂਚ ਦਾ ਨਾਂਅ : ਰਾਮਪੁਰਾ ਫੂਲ ਪੰਜਾਬ | |
| 355562002151 | ਅੰਗਰੇਜ਼ ਸਿੰਘ |
| 355562002152 | ਗੁਰਮੇਲ ਸਿੰਘ |
| ਬਰਾਂਚ ਦਾ ਨਾਂਅ : ਰਈਆ | |
| 214357000061 | ਬੇਅੰਤ ਸਿੰਘ |
| ਬਰਾਂਚ ਦਾ ਨਾਂਅ : ਸਾਦਿਕ, ਪੰਜਾਬ | |
| 357162004519 | ਕੁਲਵੰਤ ਸਿੰਘ ਸੰਧੂ |
| ਬਰਾਂਚ ਦਾ ਨਾਂਅ : ਸਮਾਣਾ | |
| 152162006986 | ਅਨਮੋਲਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਸਰਦੂਲਗੜ੍ਹ, ਪੰਜਾਬ | |
| 356762002218 | ਸਤਬੀਰ ਰਾਮ |
| 356762004012 | ਗੁਰਨੂਰ ਸਿੰਘ |
| ਬਰਾਂਚ ਦਾ ਨਾਂਅ : ਸਰਹਿੰਦ | |
| 150662004040 | ਸਤਨਾਮ ਸਿੰਘ |
| ਬਰਾਂਚ ਦਾ ਨਾਂਅ : ਸੁਲਾਰ ਘਾਟ, ਪੰਜਾਬ | |
| 356357000069 | ਜਸਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਸੁਲਤਾਨਪੁਰ ਲੋਧੀ | |
| 272462001674 | ਗੁਰਜੀਤ ਕੌਰ |
| ਬਰਾਂਚ ਦਾ ਨਾਂਅ : ਸੁਨਾਮ | |
| 152662004867 | ਗੁਰਪ੍ਰੀਤ ਕੌਰ |
| 152662005329 | ਗੁਰਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਤਲਵੰਡੀ ਭਾਈ | |
| 283262001875 | ਜਸਵੀਰ ਸਿੰਘ |
| ਬਰਾਂਚ ਦਾ ਨਾਂਅ : ਤਲਵੰਡੀ ਸਾਬੋ | |
| 150762006517 | ਦਵਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | |
| 087862002844 | ਅਮਨਦੀਪ ਸਿੰਘ |
| 087862001961 | ਅਮਨਦੀਪ ਸਿੰਘ |
| 087862002313 | ਕਮਲਾ ਦੇਵੀ |
| 087862002190 | ਰੇਖਾ ਦੇਵੀ |
| 087862003052 | ਰਵਿੰਦਰ ਕੌਰ |
| 087862003053 | ਰਵਿੰਦਰ ਕੌਰ |
| 087862003070 | ਰਜਿੰਦਰ ਕੁਮਾਰ |
| ਬਰਾਂਚ ਦਾ ਨਾਂਅ : ਦਿੱਲੀ-ਦਵਾਰਕਾ ਚੌਕ | |
| 235562002492 | ਸੁਹੱਪਣਾ ਅਵਸਥੀ |
| ਬਰਾਂਚ ਦਾ ਨਾਂਅ : ਕਾਲਕਾ | |
| 086262002634 | ਪ੍ਰਬੋਧ ਚੰਦਰਾ ਐੱਮ ਗੋਪਾਲ ਸ਼ਰਮਾ |

ਮਿਤੀ : 10.12.2025
ਸਥਾਨ : ਚੰਡੀਗੜ੍ਹ , ਲੁਧਿਆਣਾ, ਮਾਨਸਾ, ਪਟਿਆਲਾ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਤਰਨ ਤਾਰਨ, ਰੂਪਨਗਰ, ਬਰਨਾਲਾ, ਫਰੀਦਕੋਟ, ਮੋਗਾ, ਡੇਰਾਬਸੀ, ਮੋਹਾਲੀ

ਸਹੀ/-
ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮਟਿਡ

ਵਰ੍ਹੇਗੰਢ ਮੁਬਾਰਕ



ਬਲਵੰਤ ਸਿੰਘ ਅਤੇ ਸੁਰਿੰਦਰ ਕੌਰ ਵਾਸੀ ਬਿਆਸ ਨੂੰ ਵਿਆਹ ਦੀ 41ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

ਮੁਬਾਰਕਾਂ



ਜਸਪ੍ਰੀਤ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਨਗਰ ਦਾ ਸ਼ੁਭ ਵਿਆਹ ਅਨੂ ਵਾਸੀ ਜਲੰਧਰ ਨਾਲ ਹੋਇਆ।

# 'ਆਪ' ਦਾ ਕਾਂਗਰਸ ਨੂੰ ਸਵਾਲ: 500 ਕਰੋੜ ਤੇ 350 ਕਰੋੜ ਦੇ 'ਖੇਡ' ਦੀ ਅਸਲ ਕਹਾਣੀ ਕੀ ਹੈ?

**ਨਵਜੋਤ ਕੌਰ ਸਿੱਧੂ ਨੂੰ ਕਾਨੂੰਨੀ ਨੋਟਿਸ ਭੇਜ ਕੇ ਕਾਂਗਰਸ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ : ਬਲਤੇਜ ਪੰਨੂ**

**ਚੰਡੀਗੜ੍ਹ (ਨ ਜ ਸ)**- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਜਨਰਲ ਸਕੱਤਰ ਬਲਤੇਜ ਪੰਨੂ ਨੇ ਕਾਂਗਰਸ ਪਾਰਟੀ 'ਤੇ ਮੁੱਖ ਮੰਤਰੀ ਦੀ ਕੁਰਸੀ ਦੀ ਕਥਿਤ 'ਸੇਲ' ਨਾਲ ਜੁੜੇ 500 ਕਰੋੜ ਰੁਪਏ ਅਤੇ 350 ਕਰੋੜ ਰੁਪਏ ਦੇ ਸਵਾਲਾਂ ਦਾ ਜਵਾਬ ਨਾ ਦੇਣ 'ਤੇ ਤਿੱਖਾ ਹਮਲਾ ਕੀਤਾ ਹੈ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਾਂਗਰਸ ਤੋਂ ਪੁੱਛਿਆ ਕਿ ਉਹ ਜਵਾਬ ਕਿਉਂ ਨਹੀਂ ਦੇ ਰਹੀ ਕਿ ਇਹ 500 ਕਰੋੜ ਰੁਪਏ ਅਤੇ 350 ਕਰੋੜ ਰੁਪਏ ਦਾ ਖੇਡ ਕੀ ਸੀ? ਉਨ੍ਹਾਂ ਕਿਹਾ ਕਿ ਕਾਂਗਰਸ ਨੇ ਲੋਕਾਂ ਦਾ ਧਿਆਨ ਭਟਕਾਉਣ ਲਈ ਪਹਿਲਾਂ ਡਾਕਟਰ ਨਵਜੋਤ ਕੌਰ ਸਿੱਧੂ ਨੂੰ ਪਾਰਟੀ ਤੋਂ ਮੁਅੱਤਲ ਕੀਤਾ। ਫਿਰ ਕਾਂਗਰਸ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਨਵਜੋਤ ਕੌਰ ਸਿੱਧੂ ਨੂੰ ਕਾਨੂੰਨੀ ਨੋਟਿਸ ਭੇਜ ਦਿੱਤਾ। ਕੀ ਇਸ ਨੋਟਿਸਬਾਜ਼ੀ ਨਾਲ ਪੰਜਾਬੀਆਂ ਨੂੰ ਉਨ੍ਹਾਂ ਦੇ ਸਵਾਲ ਦਾ ਜਵਾਬ ਮਿਲ ਜਾਵੇਗਾ



ਕਿ ਸੀ ਐਮ ਦੀ ਕੁਰਸੀ ਸੇਲ 'ਤੇ ਲੱਗੀ ਸੀ? ਪੰਨੂ ਨੇ ਕਾਂਗਰਸ ਤੋਂ ਇਹ ਵੀ ਪੁੱਛਿਆ ਕਿ ਇਸ ਪੈਸੇ ਦੀ ਅਸਲ ਕਹਾਣੀ ਕੀ ਸੀ? ਇਹ ਪੈਸਾ ਕਿੱਥੋਂ ਇਕੱਠਾ ਕੀਤਾ ਜਾਂਦਾ ਸੀ? ਕੀ ਇਹ ਕਿਸੇ ਇੰਡਸਟਰੀ, ਪ੍ਰਾਈਵੇਟ ਸਕੂਲਾਂ, ਹਸਪਤਾਲਾਂ ਤੋਂ ਵਸੂਲਿਆ ਜਾਂਦਾ ਸੀ, ਜਾਂ ਫਿਰ ਕੈਪਟਨ ਅਮਰਿੰਦਰ ਸਿੰਘ ਜਿਨ੍ਹਾਂ 'ਫਾਈਲਾਂ' ਦੀ ਗੱਲ ਕਰਦੇ ਹਨ, ਉਸੇ ਤਰ੍ਹਾਂ ਦੀਆਂ ਫਾਈਲਾਂ ਬਣਾ ਕੇ ਇਹ ਕੁਲੈਕਸ਼ਨ ਕੀਤੀ ਜਾਂਦੀ ਸੀ? ਇਹ ਦੋ ਰੇਟ ਕਿਉਂ ਸਨ? ਕੀ 500 ਕਰੋੜ 5 ਸਾਲਾਂ ਲਈ ਸੀ ਜਾਂ 350 ਕਰੋੜ ਕੈਪਟਨ ਅਮਰਿੰਦਰ ਸਿੰਘ ਨੂੰ ਹਟਾਏ ਜਾਣ ਤੋਂ ਬਾਅਦ ਜਿਹੜੀ ਬਚੀ ਹੋਈ ਟਰਮ ਸੀ, ਉਸ ਲਈ ਸਨ? ਪੰਨੂ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਤੋਂ ਵੀ ਇਸ ਮਾਮਲੇ 'ਤੇ ਸਪੱਸ਼ਟੀਕਰਨ ਮੰਗਿਆ। ਉਨ੍ਹਾਂ ਕਿਹਾ ਕਿ ਜਾਖੜ ਖੁਦ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ ਇਸ ਲਈ ਉਨ੍ਹਾਂ ਨੂੰ ਪਤਾ ਹੋਵੇਗਾ ਕਿ 350 ਕਰੋੜ ਕਿਸ ਨੂੰ ਜਾ ਰਿਹਾ ਸੀ ਅਤੇ 500 ਕਰੋੜ ਕਿਸ ਕੋਲ ਜਾਣਾ ਸੀ? ਜਦੋਂ ਜਾਖੜ ਸਾਹਿਬ ਖੁਦ ਸੀ ਐਮ ਦੀ ਦੌੜ ਵਿੱਚ ਸਨ, ਤਾਂ ਉਨ੍ਹਾਂ ਤੋਂ ਵੀ 350 ਕਰੋੜ ਰੁਪਏ ਮੰਗੇ ਗਏ ਹੋਣਗੇ। ਜਾਖੜ ਸਾਹਿਬ ਦੱਸਣ ਕਿ ਇਹ ਪੈਸਾ ਕਿਸ ਨੂੰ ਮਿਲਣਾ ਸੀ? ਪੰਨੂ ਨੇ ਕਿਹਾ ਕਿ ਕਾਂਗਰਸ ਨੂੰ ਜਨਤਾ ਦਾ ਜਵਾਬ ਦੇਣਾ ਹੀ ਪਵੇਗਾ ਨੋਟਿਸ ਦੇ ਰਹੀ ਹੈ।

# ਦਲਜੀਤ ਮਿਨਹਾਸ ਤੇ ਲਖਵੀਰ ਹਜ਼ਾਰਾ ਦੇ ਹੱਕ 'ਚ ਟੀਨੂੰ ਵੱਲੋਂ ਚੋਣ ਪ੍ਰਚਾਰ

**ਆਦਮਪੁਰ (ਪਰਮਜੀਤ ਸਿੰਘ)**- 'ਆਪ' ਵੱਲੋਂ ਬਲਾਕ ਸੰਮਤੀ ਜਲਪੋਤ ਤੋਂ ਐਲਾਨੇ ਉਮੀਦਵਾਰ ਦਲਜੀਤ ਸਿੰਘ ਮਿਨਹਾਸ ਤੇ ਜ਼ਿਲ੍ਹਾ ਪ੍ਰੀਸ਼ਦ ਸੀਟ ਪਤਾਰਾ ਤੋਂ ਉਮੀਦਵਾਰ



ਲਖਵੀਰ ਸਿੰਘ ਹਜ਼ਾਰਾ ਦੇ ਹੱਕ ਵਿੱਚ ਹਲਕਾ ਇੰਚਾਰਜ ਪਵਨ ਟੀਨੂੰ ਵਲੋਂ ਪਿੰਡਾਂ ਵੱਡੋਰ, ਕੰਦੋਲੀ - ਜਮੀਤ ਸਿੰਘ, ਜਲਪੋਤ ਸਮੇਤ ਕਈ ਪਿੰਡਾਂ ਵਿੱਚ ਪ੍ਰਚਾਰ ਕੀਤਾ। ਪ੍ਰਚਾਰ ਰਾਹੀਂ ਵੋਟਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਵਿਕਾਸ ਕੰਮਾਂ ਸੰਬੰਧੀ ਜਾਣਕਾਰੀ ਦਿੰਦੇ ਕਿਹਾ ਕਿ ਕਿ ਸਰਕਾਰ ਵਲੋਂ ਹਲਕੇ ਦੇ ਕਰੀਬ 30 ਪਿੰਡਾਂ ਵਿੱਚ ਨੌਜਵਾਨ ਪੀੜੀ ਦੇ ਖੇਡਣ ਲਈ ਨਵੇਂ ਸਟੇਡੀਅਮ ਬਣਾਉਣ ਲਈ ਕਰੋੜਾਂ ਰੁਪਿਆਂ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਜਿਨ੍ਹਾਂ ਨੂੰ ਜਲਦੀ ਤਿਆਰ ਕਰ ਦਿੱਤਾ ਜਾਵੇਗਾ। ਪਵਨ ਟੀਨੂੰ ਵਲੋਂ ਦੋਨੋਂ ਉਮੀਦਵਾਰ ਨੂੰ ਲੋਕਾਂ ਵੱਲੋਂ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਸਰਪੰਚ ਪਰਮਜੀਤ ਕੌਰ ਕੰਦੀ ਜਗੀਤ ਸਿੰਘ, ਤਰਸੇਮ ਸਿੰਘ ਕੰਦੋਲੀ, ਬਲਵੀਰ ਸਿੰਘ ਬਿੱਟੂ ਜਲੰਧਰ, ਪਰਮਜੀਤ ਸਿੰਘ ਰਾਏਪੁਰ ਮੈਂਬਰ ਸ਼੍ਰੋਮਣੀ ਕਮੇਟੀ, ਸੁਖਵਿੰਦਰ ਸਿੰਘ ਸਰਪੰਚ, ਹਰਦੀਪ ਸਿੰਘ ਜਲਪੋਤ, ਜੋਗਿੰਦਰਪਾਲ ਸ਼ਹਿਰੀ ਪ੍ਰਧਾਨ, ਰਣਜੀਤ ਸਿੰਘ ਬਲਾਕ ਪ੍ਰਧਾਨ, ਸੁਖਵਿੰਦਰ ਸਿੰਘ ਬਲਾਕ ਪ੍ਰਧਾਨ, ਸਰਬਜੀਤ ਹੈਪੀ, ਹਰਵਿੰਦਰ ਸਿੰਘ ਬਿਦਾ ਆਦਿ ਹਾਜ਼ਰ ਹੋਏ।

# ਟ੍ਰਾਈ-ਸਰਵਿਸਿਜ਼ ਮਿਲਟਰੀ ਹੈਰੀਟੇਜ ਡਿਸਪਲੇਅ ਸਮਾਰੋਹ ਸਮਾਪਤ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਟ੍ਰਾਈ-ਸਰਵਿਸਿਜ਼ ਮਿਲਟਰੀ ਡਿਸਪਲੇਅ ਦੇ ਸਮਾਪਤੀ ਸਮਾਰੋਹ ਨੂੰ ਦਰਸਾਉਂਦੇ ਇਤਿਹਾਸਕ ਸਮਾਗਮ ਵਿੱਚ, ਭਾਰਤੀ ਜਲ ਸੈਨਾ ਦੇ ਪ੍ਰਮੁੱਖ ਕੋਲਕਾਤਾ-ਕਲਾਸ ਸਟੀਲਥ ਗਾਈਡਡ ਮਿਜ਼ਾਈਲ ਡਿਸਟਰਾਇਰ, ਆਈਐਨਐਸ ਕੋਚੀ (ਡੀ64) ਦੇ ਸਕੇਲ-ਡਾਊਨ ਮਾਡਲ ਦਾ, ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮ.ਆਰ.ਐਸ.ਏ.ਐਫ.ਪੀ.ਆਈ.) ਵਿਖੇ ਉਦਘਾਟਨ ਕੀਤਾ ਗਿਆ।



ਭਾਰਤੀ ਜਲ ਸੈਨਾ ਵੱਲੋਂ ਨੇਵੀ ਦਿਵਸ- 2025 'ਤੇ ਪੇਸ਼ ਕੀਤੇ ਗਏ ਮਾਡਲ ਦਾ ਉਦਘਾਟਨ ਵਾਈਸ ਐਡਮਿਰਲ ਸੰਜੇ ਵਾਤਸਾਯਨ, ਏ.ਵੀ.ਐਸ.ਐਮ., ਐਨ.ਐਮ., ਨੇਵਲ ਸਟਾਫ ਦੇ ਵਾਈਸ ਚੀਫ਼ ਵੱਲੋਂ ਕੀਤਾ ਗਿਆ। ਇਸ ਜਹਾਜ਼ ਮਾਡਲ ਦੀ ਸਥਾਪਨਾ ਦੇ ਨਾਲ, ਐਮ.ਆਰ.ਐਸ.ਏ.ਐਫ.ਪੀ.ਆਈ. ਕੈਂਪਸ ਹੁਣ ਤਿੰਨੋਂ ਹਥਿਆਰਬੰਦ ਸੇਵਾਵਾਂ ਦੇ ਪ੍ਰਮੁੱਖ ਉਪਕਰਣ ਦਾ ਮੇਜ਼ਬਾਨ ਬਣ ਗਿਆ ਹੈ, ਜਿਸ ਨਾਲ ਨੌਜਵਾਨ ਕੈਡਿਟਾਂ ਨੂੰ ਪ੍ਰੇਰਿਤ ਕਰਨ ਲਈ ਇੱਕ ਵਿਆਪਕ ਤੇ ਅਨੁਕੂਲ ਵਾਤਾਵਰਣ ਮਿਲੇਗਾ। ਇੰਸਟੀਚਿਊਟ ਦਾ ਆਪਣੇ 22 ਸਾਬਕਾ ਕੈਡਿਟਾਂ ਦਾ ਭਾਰਤੀ ਜਲ ਸੈਨਾ ਵਿੱਚ ਕਮਿਸ਼ਨਡ ਅਫਸਰਾਂ ਵਜੋਂ ਸ਼ਾਮਲ ਹੋਣ ਦਾ ਮਾਣਮੱਤਾ ਰਿਕਾਰਡ ਹੈ, ਜਿਨ੍ਹਾਂ ਵਿੱਚੋਂ ਦੋ ਕੈਡਿਟ, ਹਾਲ ਹੀ ਵਿੱਚ ਏਝੀਮਾਲਾ ਵਿਖੇ ਭਾਰਤੀ ਜਲ ਸੈਨਾ ਅਕੈਡਮੀ ਦੀ ਪਾਸਿੰਗ ਆਊਟ ਪਰੇਡ ਵਿੱਚ ਸ਼ਾਮਲ ਹੋਏ ਸਨ।

# ਬਿਜਲੀ ਸੋਧ ਬਿਲ ਤੇ ਸੀਡ ਸੋਧ ਬਿੱਲ ਦੇ ਵਿਰੁੱਧ ਧਰਨਾ ਦਿੱਤਾ



**ਮਹਿਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤੇ ਬਿਜਲੀ ਸੋਧ ਬਿਲ 2025 ਅਤੇ ਸੀਡ ਸੋਧ ਬਿੱਲ ਦੇ ਵਿਰੁੱਧ ਵਿਚ ਹੁਸ਼ਿਆਰਪੁਰ ਵਿਖੇ ਮਹਨਾਈਆਂ ਸਬ ਸਟੇਸ਼ਨ ਵਿਖੇ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਤੇ ਦੋਹਾਂ ਬਿੱਲਾਂ ਦੀਆਂ ਕਾਪੀਆਂ ਸਾੜੀਆਂ ਗਈਆਂ ਤੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਬਿਲ ਵਾਪਸ ਲੈਣ ਲਈ ਚਿਤਾਵਨੀ ਦਿੱਤੀ ਕਿ ਸਰਕਾਰ ਫੌਰੀ ਤੌਰ ਤੇ ਬਿਲ ਵਾਪਸ ਲਵੇ। ਇਸ ਸਮੇਂ ਵੱਡੀ ਗਿਣਤੀ ਵਿਚ ਕਿਸਾਨ ਤੇ ਬਿਜਲੀ ਮੁਲਾਜ਼ਮ ਜਥੇਬੰਦੀਆਂ ਹਾਜ਼ਰ ਸਨ। ਇਸ ਸਮੇਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਭਿੰਡਰ, ਕੁਲਦੀਪ ਸਿੰਘ ਭੁੱਲਰ, ਸਤਨਾਮ ਸਿੰਘ ਮੁੱਖਲਿਆਣਾ, ਹਰਨੇਕ ਸਿੰਘ ਪੰਡੋਰੀ ਬੀਬੀ, ਗੁਰਦੀਪ ਸਿੰਘ ਹਰਖੋਵਾਲ, ਜਮਹੂਰੀ ਕਿਸਾਨ ਸਭਾ ਦੇ ਮਲਕੀਅਤ ਸਿੰਘ ਸਲੇਮਪੁਰ, ਸੁਖਦੇਵ ਸਿੰਘ ਕਿਰਤੀ ਕਿਸਾਨ ਕਮੇਟੀ ਦੇ ਹਰਬੰਸ ਸਿੰਘ ਸੰਘਾ ਬਿਜਲੀ ਮੁਲਾਜ਼ਮ ਜਥੇਬੰਦੀਆਂ ਦੇ ਸੋਰਭ ਕੁਮਾਰ, ਜਤਿੰਦਰ ਕੁਮਾਰ, ਅਜੀਤ ਸਿੰਘ ਆਦਿ ਹਾਜ਼ਰ ਸਨ।

# ਚੰਦਨ ਸਿੰਘ 'ਪ੍ਰਾਈਡ ਆਫ਼ ਸਕੂਲ' ਐਵਾਰਡ ਨਾਲ ਸਨਮਾਨਤ

**ਮਹਿਤਪੁਰ (ਰਾਜਾ)**- ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ ਵਲੋਂ ਹਾਲ ਹੀ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਪ੍ਰੈਜ਼ੀਡੈਂਟ ਡਾ. ਜਗਜੀਤ ਸਿੰਘ ਧੂਰੀ ਦੀ ਵਿਸ਼ੇਸ਼ ਅਗਵਾਈ ਵਿੱਚ ਨੈਸ਼ਨਲ ਐਵਾਰਡ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਏਕਮ ਪਬਲਿਕ ਸਕੂਲ ਮਹਿਤਪੁਰ ਦੇ ਸਾਇੰਸ ਡਿਪਾਰਟਮੈਂਟ ਦੇ ਹੈੱਡ ਚੰਦਨ ਸਿੰਘ ਨੂੰ 'ਪ੍ਰਾਈਡ ਆਫ਼ ਸਕੂਲ' ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਹ ਜਾਣਕਾਰੀ ਸਕੂਲ ਡਾਇਰੈਕਟਰ ਨਿਰਮਲ ਸਿੰਘ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਵਲੋਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ



ਇਸ ਵਿਸ਼ਾਲ ਐਵਾਰਡ ਸਮਾਰੋਹ ਵਿੱਚ ਡਾਕਟਰ ਅਮਰਪਾਲ ਸਿੰਘ, ਚੇਅਰਮੈਨ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਮੁੱਖ ਮਹਿਮਾਨ ਅਤੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਜਸਬੀਰ ਜੱਸੀ ਨੇ ਗੈਸਟ ਆਫ਼ ਆਨਰ ਵਜੋਂ ਸ਼ਿਰਕਤ ਕੀਤੀ। ਸਕੂਲ ਪ੍ਰਿੰਸੀਪਲ ਅਮਨਦੀਪ ਕੌਰ ਨੇ ਕਿਹਾ ਕਿ ਇਸ ਐਵਾਰਡ ਸਮਾਰੋਹ ਵਿੱਚ ਦੇਸ਼ ਭਰ ਦੇ ਸਕੂਲਾਂ ਵਲੋਂ ਹਿੱਸਾ ਲਿਆ ਗਿਆ ਸੀ। ਏਕਮ ਪਬਲਿਕ ਸਕੂਲ ਦੇ ਅਧਿਆਪਕ ਵਲੋਂ ਇਸ ਸਨਮਾਨ ਨੂੰ ਹਾਸਿਲ ਕਰਨਾ ਸਕੂਲ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ ਸਕੂਲ ਮੈਂਨਜਮੈਂਟ ਅਤੇ ਸਮੂਹ ਸਟਾਫ਼ ਵਲੋਂ ਅਧਿਆਪਕ ਚੰਦਨ ਸਿੰਘ ਨੂੰ ਉਨ੍ਹਾਂ ਦੀ ਇਸ ਵਿਸ਼ੇਸ਼ ਪ੍ਰਾਪਤੀ ਲਈ ਵਧਾਈ ਦਿੱਤੀ ਗਈ।

# ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਕਾਂਗਰਸ ਵੱਲੋਂ ਚੋਣ ਪ੍ਰਚਾਰ





**ਬਸਤੀ ਸ਼ੇਖ (ਜਲੰਧਰ) (ਲਖਵਿੰਦਰ ਸਿੰਘ)**- ਕਾਂਗਰਸ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੀ ਮੁਹਿੰਮ ਨੂੰ ਤੇਜ਼ ਕਰਦਿਆਂ ਪਿੰਡ ਆਧੀ ਵਿਖੇ ਭਰਵੀਂ ਮੀਟਿੰਗ ਕੀਤੀ ਗਈ ਜਿਸ ਵਿੱਚ ਉੱਗੀ ਜੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਸਰਪੰਚ ਮੁਖਤਿਆਰ ਸਿੰਘ ਹੇਅਰ ਅਤੇ ਬਲਾਕ ਸੰਮਤੀ ਦੇ ਉਮੀਦਵਾਰ ਪ੍ਰਭਜੋਤ ਸਿੰਘ ਸੰਘਾ ਨੇ ਦੱਸਿਆ ਕਿ ਸਾਰੇ ਹੀ ਕਾਂਗਰਸੀ ਵਰਕਰ ਇਹਨਾਂ ਚੋਣਾਂ ਵਿੱਚ ਅਣਥੱਕ ਮਿਹਨਤ ਕਰ ਕਾਂਗਰਸ ਪਾਰਟੀ ਦੀ ਜਿੱਤ ਲਈ ਮਿਹਨਤ ਕਰ ਰਹੇ ਹਨ। ਲੋਕ ਸੱਤਾਧਾਰੀ ਪਾਰਟੀ ਅਤੇ ਦੂਸਰੀਆਂ ਪਾਰਟੀਆਂ ਤੋਂ ਅੱਕ ਚੁੱਕੇ ਹਨ। ਉਮੀਦਵਾਰ ਲੰਬੜਦਾਰ ਬਲਜੀਤ ਸਿੰਘ ਅਤੇ ਹਰਨੇਕ ਸਿੰਘ ਨੇ ਵਿਸ਼ਵਾਸ ਦਿਵਾਇਆ ਕੇ ਨਗਰ ਨਿਵਾਸੀਆਂ ਵਿਚ ਭਾਰੀ ਜਿੱਤ ਤੋਂ ਬਾਅਦ ਹਲਕੇ ਦਾ ਰਹਿੰਦਾ ਵਿਕਾਸ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇਗਾ। ਇਸੇ ਸਮੇਂ ਹੋਰ ਹੁੰਦਾ ਹੈ ਕਿ ਆਪ ਦੀ ਸਰਕਾਰ ਤੋਂ ਬਹੁਤ ਨਰਾਜ਼ ਹਨ। ਜਿੱਤ ਪ੍ਰਾਪਤ ਕਰਕੇ ਸੀਟ ਕਾਂਗਰਸ ਪਾਰਟੀ ਦੀ ਝੋਲੀ ਪਾਵਾਂਗੇ। ਮੀਟਿੰਗ ਦੌਰਾਨ ਵਰਕਰਾਂ ਨੂੰ ਇਹ ਵੀ ਘਰ ਘਰ ਜਾ ਕੇ ਵੋਟਾਂ ਮੰਗੀਆਂ ਤੇ ਕਾਂਗਰਸ ਪਾਰਟੀ ਦੇ ਚੋਣ ਪੰਜੇ ਤੇ ਮੋਹਰ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਤੇ ਲੰਬੜਦਾਰ ਬਲਜੀਤ ਸਿੰਘ, ਹਰਨੇਕ ਸਿੰਘ, ਲੰਬੜਦਾਰ ਗੁਰਦੇਵ ਸਿੰਘ, ਮੰਗਤ ਸਿੰਘ, ਸੁਖਦੇਵ ਸਿੰਘ, ਗੁਰਮੇਲ ਸਿੰਘ, ਯਾਦਵਿੰਦਰ ਸਿੰਘ ਯਾਦੋਂ, ਆਸ਼ੂ ਪੰਡਿਤ, ਪਿਆਰ ਸਿੰਘ, ਰਸ਼ਪਾਲ ਸਿੰਘ ਪੰਚ, ਜਸਵਿੰਦਰ ਸਿੰਘ ਮੱਧੂ, ਗੁਰਦੀਪ ਸਿੰਘ, ਅਵਤਾਰ ਸਿੰਘ, ਕਾਮਰੇਡ ਸਾਬੀ,ਹਰਮੇਲ ਸਿੰਘ ਲੰਬੜਦਾਰ, ਰਵੀ ਸ਼ਾਹ, ਸੁੱਖਾ,ਪਿੰਦਰ,ਸਾਬੀ ਪੰਚ, ਤਰਲੋਕ ਸਿੰਘ ਗੁਰਦੇਵ ਸਿੰਘ ਬਿੱਟੂ ਆਦਿ ਹੋਰ ਵੀ ਬਹੁਤ ਸਾਰੇ ਨਗਰ ਨਿਵਾਸੀ ਹਾਜ਼ਰ ਸਨ।

# ਖਾਲੀ ਪਲਾਟਾਂ ਦੀ ਸਾਫ਼-ਸਫਾਈ ਸੰਬੰਧੀ ਪੈਂਡਿੰਗ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕਰਨ ਦੇ ਨਿਰਦੇਸ਼

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਾਲੀ ਪਲਾਟਾਂ ਦੀ ਸਫਾਈ, ਢਿੱਲੀਆਂ ਤੇ ਗੈਰ-ਵਰਤੋਂ ਯੋਗ ਤਾਰਾਂ ਅਤੇ ਬੇਸਹਾਰਾ ਪਸ਼ੂਆਂ ਨਾਲ ਸਬੰਧਤ ਮੁਸ਼ਕਲਾਂ ਦੇ ਹੱਲ ਲਈ ਜਾਰੀ ਐਕਸ਼ਨ ਹੈਲਪਲਾਈਨ ਵਟਸਐਪ ਨੰਬਰ 96462-22555 'ਤੇ ਪ੍ਰਾਪਤ 376 ਸ਼ਿਕਾਇਤਾਂ ਦਾ ਸਫ਼ਲਤਾਪੂਰਵਕ ਹੱਲ ਯਕੀਨੀ ਬਣਾਇਆ ਗਿਆ ਹੈ। ਐਕਸ਼ਨ ਹੈਲਪਲਾਈਨ 'ਤੇ ਆਉਣ ਵਾਲੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਇਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅਧਿਕਾਰੀਆਂ ਨੂੰ ਐਕਸ਼ਨ ਹੈਲਪਲਾਈਨ 'ਤੇ ਪ੍ਰਾਪਤ ਸ਼ਿਕਾਇਤਾਂ ਨੂੰ ਤਰਜੀਹ ਦਿੰਦਿਆਂ ਇਨ੍ਹਾਂ ਦੇ ਫੌਰੀ ਅਤੇ ਢੁੱਕਵੇਂ ਹੱਲ ਲਈ ਹੋਰ ਵੀ ਸਰਗਰਮੀ ਨਾਲ ਕੰਮ ਕਰਨ ਲਈ ਕਿਹਾ। ਡਾ. ਅਗਰਵਾਲ ਨੇ ਦੱਸਿਆ ਕਿ ਖਾਲੀ ਪਲਾਟਾਂ ਦੀ ਸਾਫ਼-ਸਫ਼ਾਈ ਨਾਲ ਸਬੰਧਤ ਐਕਸ਼ਨ ਹੈਲਪਲਾਈਨ ਵਟਸਐਪ ਨੰਬਰ ਰਾਹੀਂ ਪ੍ਰਾਪਤ 291 ਸ਼ਿਕਾਇਤਾਂ ਦਾ ਹੱਲ ਕਰਕੇ ਲੋਕਾਂ ਨੂੰ ਰਾਹਤ ਦਿਵਾਈ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਪਲਾਟਾਂ ਦੀ ਸਾਫ਼-ਸਫਾਈ ਨਾ ਕਰਵਾਉਣ ਵਾਲਿਆਂ ਖਿਲਾਫ਼ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾ ਰਹੀ ਹੈ, ਜਿਸ ਤਹਿਤ ਪਲਾਟ ਮਾਲਕਾਂ ਨੂੰ 159 ਨੋਟਿਸ ਜਾਰੀ ਕਰਨ ਤੋਂ ਇਲਾਵਾ 8 ਮਾਮਲਿਆਂ ਵਿੱਚ ਰੈੱਡ ਐਂਟਰੀ ਵੀ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਲੋਕਾਂ ਦੀ ਸੁਰੱਖਿਆ ਅਤੇ ਸ਼ਹਿਰ ਦੀ ਦਿੱਖ ਸੰਵਾਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਟੈਲੀਕਾਮ ਤੇ ਇੰਟਰਨੈੱਟ ਦੀ ਸੁਵਿਧਾ ਮੁਹੱਈਆ ਕਰਵਾਉਣ ਵਾਲੀਆਂ ਕੰਪਨੀਆਂ ਦੀਆਂ ਸ਼ਹਿਰ ਵਿੱਚ ਲਟਕਦੀਆਂ, ਢਿੱਲੀਆਂ, ਗੈਰ-ਵਰਤੋਂ ਯੋਗ ਅਤੇ ਖ਼ਰਾਬ ਤਾਰਾਂ ਹਟਾਉਣ



ਲਈ ਚਲਾਈ ਜਾ ਰਹੀ ਮੁਹਿੰਮ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਐਕਸ਼ਨ ਹੈਲਪਲਾਈਨ ਰਾਹੀਂ ਪ੍ਰਾਪਤ 37 ਸ਼ਿਕਾਇਤਾਂ ਦਾ ਨਬੇੜਾ ਕਰਦਿਆਂ ਅਜਿਹੀਆਂ ਤਾਰਾਂ ਨੂੰ ਹਟਾਇਆ ਗਿਆ ਹੈ। ਉਨ੍ਹਾਂ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀਆਂ ਨੂੰ ਬਿਜਲੀ ਦੇ ਖੰਭਿਆਂ 'ਤੇ ਅਣ-ਅਧਿਕਾਰਤ ਤੌਰ 'ਤੇ ਲਟਕਦੀਆਂ ਤਾਰਾਂ ਲਈ ਸਬੰਧਤ ਕੰਪਨੀਆਂ ਨੂੰ ਜੁਰਮਾਨਾ ਲਗਾਉਣ ਦੇ ਨਿਰਦੇਸ਼ ਵੀ ਦਿੱਤੇ।ਉਨ੍ਹਾਂ ਦੱਸਿਆ ਕਿ ਐਕਸ਼ਨ ਹੈਲਪਲਾਈਨ 'ਤੇ ਬੇਸਹਾਰਾ ਪਸ਼ੂਆਂ ਸਬੰਧੀ ਪ੍ਰਾਪਤ ਸ਼ਿਕਾਇਤਾਂ ਦਾ ਵੀ ਫੌਰੀ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਐਕਸ਼ਨ ਹੈਲਪਲਾਈਨ ਰਾਹੀਂ ਪ੍ਰਾਪਤ ਅਜਿਹੇ 48 ਮਾਮਲਿਆਂ ਨਿਬੇੜਦਿਆਂ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾ ਪਹੁੰਚਾਇਆ ਗਿਆ ਹੈ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਖਾਲੀ ਪਲਾਟਾਂ ਦੀ ਸਾਫ਼-ਸਫ਼ਾਈ ਸਬੰਧੀ ਪੈਂਡਿੰਗ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰਾਹਤ ਦਿਵਾਉਣ ਲਈ ਐਕਸ਼ਨ ਹੈਲਪ ਲਾਈਨ ਰਾਹੀਂ ਪ੍ਰਾਪਤ ਅਜਿਹੀਆਂ ਸ਼ਿਕਾਇਤਾਂ ਦਾ ਨਿਬੇੜਾ ਨਾਲੋ-ਨਾਲ ਕੀਤਾ ਜਾਵੇ। ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਵਿੱਚ ਜਨਤਾ ਤੋਂ ਸਹਿਯੋਗ ਦੀ ਮੰਗ ਕਰਦਿਆਂ ਡਾ. ਅਗਰਵਾਲ ਨੇ ਕਿਹਾ ਕਿ ਲੋਕ ਖਾਲੀ ਪਲਾਟਾਂ 'ਚ ਕੂੜਾ ਸੁੱਟਣ ਨਾਲ ਸਬੰਧਤ ਸੂਚਨਾ ਐਕਸ਼ਨ ਹੈਲਪਲਾਈਨ ਵਟਸਐਪ ਨੰਬਰ 96462-22555 'ਤੇ ਭੇਜ ਸਕਦੇ ਹਨ। ਇਸੇ ਤਰ੍ਹਾਂ ਆਪਣੀਆਂ ਖਾਲੀ ਜਾਇਦਾਦਾਂ ਦੀ ਸਾਫ਼-ਸਫਾਈ ਲਈ ਪ੍ਰਸ਼ਾਸਨ ਪਾਸੋਂ ਮਦਦ ਚਾਹੁਣ ਵਾਲੇ ਲੋਕ ਵੀ ਇਸ ਹੈਲਪਲਾਈਨ ਨੰਬਰ 'ਤੇ ਸਥਾਨ ਅਤੇ ਪਤਾ ਸਾਂਝਾ ਕਰ ਸਕਦੇ ਹਨ। ਇਸ ਤੋਂ ਇਲਾਵਾ ਬੇਸਹਾਰਾ ਪਸ਼ੂਆਂ ਅਤੇ ਲਟਕਦੀਆਂ ਗੈਰ-ਵਰਤੋਂ ਯੋਗ ਤੇ ਖ਼ਰਾਬ ਤਾਰਾਂ ਸਬੰਧੀ ਵੀ ਐਕਸ਼ਨ ਹੈਲਪਲਾਈਨ 'ਤੇ ਵਟਸਐਪ ਮੈਸੇਜ ਕੀਤਾ ਜਾ ਸਕਦਾ ਹੈ।

# ਰਾਜਪਾਲ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਬੁਲੰਦਪੁਰੀ ਸਾਹਿਬ ਵਿਖੇ ਹੋਏ ਨਤਮਸਤਕ



**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅਧਿਆਤਮਿਕਤਾ ਦੇ ਕੇਂਦਰ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬੁਲੰਦਪੁਰੀ ਸਾਹਿਬ, ਜੋ ਕਿ ਜ਼ਿਲ੍ਹਾ ਜਲੰਧਰ ਦੇ ਮਹਿਤਪੁਰ ਨੇੜੇ ਸਥਿਤ ਹੈ, ਵਿਖੇ ਨਤਮਸਤਕ ਹੋਏ ਅਤੇ ਦੁਨੀਆ ਦੇ ਸਭ ਤੋਂ ਉੱਚੇ ਨਿਸ਼ਾਨ ਸਾਹਿਬ ਦੇ ਦਰਸ਼ਨ ਕੀਤੇ। ਫੇਰੀ ਦੌਰਾਨ ਰਾਜਪਾਲ ਪੰਜਾਬ ਨੂੰ ਬਾਬਾ ਬਲਦੇਵ ਸਿੰਘ, ਸਟੇਟ ਇਨਫਰਮੇਸ਼ਨ ਕਮਿਸ਼ਨਰ ਪੰਜਾਬ ਹਰਪ੍ਰੀਤ ਸੰਧੂ ਅਤੇ ਉਘੇ ਆਰਕੀਟੈਕਟ ਰਾਜੋਧ ਸਿੰਘ ਵਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਪਹਿਲਕਦਮੀਆਂ ਅਤੇ ਅਧਿਆਤਮਿਕ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਅਧਿਆਤਮਿਕ ਮਿਸ਼ਨ ਨੂੰ ਸਾਲ 2021 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਏਕਤਾ, ਸ਼ਾਂਤੀ ਅਤੇ ਮਾਨਵਤਾ ਨੂੰ ਪ੍ਰੇਮ ਕਰਨ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਗੋਬਿੰਦ ਸਾਗਰ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਸੀ, ਜੋ ਕਿ ਮਨੁੱਖਤਾ ਦੀ ਭਲਾਈ ਲਈ ਵਿਸ਼ਵ ਪੱਧਰ 'ਤੇ ਸੇਵਾ ਨਿਭਾਅ ਰਿਹਾ ਹੈ। ਇਸ ਮੌਕੇ ਰਾਜਪਾਲ ਪੰਜਾਬ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਿਸ਼ਵ ਵਿਆਪੀ ਭਾਈਚਾਰਕ ਸਾਂਝ ਤੇ ਦਇਆ ਦੇ ਸੰਦੇਸ਼ ਦੇ ਪ੍ਰਚਾਰ ਲਈ ਬਾਬਾ ਬਲਦੇਵ ਸਿੰਘ ਵੱਲੋਂ ਕੀਤੇ ਜਾ ਰਹੇ ਅਣਥੱਕ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

# 100 ਦਿਨਾਂ ਦਾ ਗਰੰਟੀ ਕੰਮ ਲੈਣ ਲਈ ਮਨਰੇਗਾ ਵਰਕਰਾਂ ਨੂੰ ਕੀਤਾ ਲਾਮਬੰਦ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਮਨਰੇਗਾ ਵਰਕਰਾਂ ਨੂੰ 100 ਦਿਨਾ ਦਾ ਗਰੰਟੀ ਤੇ ਕੰਮ ਨਹੀਂ ਬੇਰੁਜਗਾਰੀ ਭੱਤਾ ਲੈਣ,ਕੰਮ ਕਰਨ ਸਮੇਂ ਸਾਫ ਪੀਣ ਵਾਲਾ ਪਾਣੀ,ਫਸਟ ਏਡ ਮੇਡੀਕਲ ਵਾਕਸ ਮੁਹਈਆਂ ਕਰਵਾਉਣ ਨੂੰ ਲੈ ਕੇ ਮਨਰੇਗਾ ਲੇਬਰ ਮੂਵਮੈਂਟ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਪਿੰਡ ਭਾਣਾ ਵਿਖੇ ਮਨਰੇਗਾ ਵਰਕਰਾਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਉਨ੍ਹਾਂ ਵਰਕਰਾਂ ਨੂੰ ਮਨਰੇਗਾ ਐਕਟ 2005 ਦੇ ਪ੍ਰਤੀ ਜਾਗਰੂਕ ਕਰਦਿਆਂ ਦਸਿਆ ਕਿ ਹਰ ਸਾਲ 31 ਮਾਰਚ ਤੋਂ ਬਾਅਦ ਹਰੇਕ ਮਨਰੇਗਾ ਵਰਕਰ ਨੂੰ 100 ਦਿਨਾ ਦੇ ਕੰਮ ਲਈ ਮੰਗ ਕਰਨੀ ਲਾਜ਼ਮੀ ਹੈ,ਜਿਸ ਤੋਂ ਬਿਨ੍ਹਾਂ ਬੇਰੁਜਗਾਰੀ ਭੱਤਾ ਮਿਲਣਾ ਅਸੰਭਵ ਹੈ।ਕੰਮ ਦੀ ਮੰਗ ਵਾਲੀ ਐਪਲੀਕੇਸ਼ਨ ਦੇਣ ਤੋਂ ਬਾਅਦ 15 ਦਿਨਾਂ ਦੇ ਅੰਦਰ ਕੰਮ ਮੁਹਈਆ ਕਰਵਾਉਣਾ ਲਾਜ਼ਮੀ ਹੈ।ਜੇਕਰ ਕੰਮ ਕਰਨ ਦੇ ਪੈਸੇ ਦਾ ਭੁਗਤਾਨ 15 ਦਿਨਾਂ ਵਿਚ ਨਹੀਂ ਹੁੰਦਾ ਤਾਂ ਮਨਰੇਗਾ ਵਰਕਰ ਮਜਦੂਰੀ ਭੁਗਤਾਨ ਕਾਨੂੰਨ,1936 ਦੇ ਤਹਿਤ 1500 ਰੁ: ਤੋਂ ਲੈ ਕੇ 3000 ਰੁ: ਤੱਕ ਮੁਆਵਜਾ ਲੈਣ ਦਾ ਹੱਕ ਰਖਦਾ ਹੈ। ਲਿਖਤੀ ਕੰਮ ਦੀ ਮੰਗ ਨਾ ਕਰਨ ਕਰਕੇ ਨਾ ਤਾਂ ਮਨਰੇਗਾ ਵਰਕਰਾਂ ਨੂੰ 100 ਦਿਨਾ ਦਾ ਕੰਮ ਦਿਤਾ ਜਾ ਰਿਹਾ ਹੈ ਅਤੇ ਨਾ ਹੀ 100 ਦਿਨਾਂ ਤੋਂ ਘੱਟ ਕੰਮ ਮਿਲਣ ਕਾਰਨ ਬੇਰੁਜਗਾਰੀ ਭੱਤਾ ਸਰਕਾਰਾਂ ਵਲੋ ਦਿਤਾ ਜਾਂਦਾ



ਹੈ।ਹਾਜ਼ਰ ਮਨਰੇਗਾ ਵਰਕਰਾਂ ਨੇ ਦਸਿਆ ਕਿ ਉਨ੍ਹਾਂ ਨੂੰ ਪਿੰਡ ਵਿਚ ਕਦੇ ਵੀ 100 ਦਿਨਾ ਕੰਮ ਨਹੀਂ ਮਿਲਿਆ ਅਤੇ ਨਾ ਹੀ ਕਦੇ ਬੇਰੁਜਗਾਰੀ ਭੱਤਾ ਮਿਲਿਆ।ਜਦੋਂ ਪਿੰਡ ਵਿਚ ਅਨੇਕਾਂ ਕੰਮ ਮਨਰੇਗਾ ਵਰਕਰਾ ਦੇ ਕਰਨ ਲਈ ਹਨ।ਧੀਮਾਨ ਨੇ ਦਸਿਆ ਕਿ ਮਨਰੇਗਾ ਵਰਕਰਾਂ ਤੋਂ ਕਦੇ ਵੀ ਛੱਪੜਾਂ ਦਾ ਗੰਦਾ ਕੂੜਾ ਅਤੇ ਨਾਲੀਆਂ ਦਾ ਗੰਦਾ ਕੂੜੇ ਸਬੰਧੀ ਕੰਮ ਨਹੀਂ ਕਰਵਾਇਆ ਜਾ ਸਕਦਾ ਹੈ।ਅਗਰ ਕੋਈ ਅਜਿਹਾ ਕੰਮ ਕਰਵਾਉਂਦਾ ਹੈ ਤਾਂ ਉਹ ਮਨਰੇਗਾ ਐਕਟ 2005 ਦੇ ਨਿਯਮਾਂ ਦੀ ਉਲੰਘਣਾ ਰਕਦਾ ਹੈ।ਉਨ੍ਹਾਂ ਦਸਿਆ ਕਿ ਮਨਰੇਗਾ ਵਰਕਰਾਂ ਦੇ ਹੱਥਾਂ ਵਿਚ ਪੁਰਾਣੇ ਜਾਬ ਕਾਰਡ ਆਮ ਪਿੰਡਾਂ ਵਿਚ ਵੇਖੇ ਜਾ ਸਕਦੇ ਹਨ ਜਦੋਂ ਸਰਕਾਰ ਵਲੋਂ ਹਰ ਸਾਲ ਵਜਟ ਵਿਚ ਜਾਬ ਕਾਰਡਾਂ ਲਈ ਲੱਖਾਂ ਰੁਪਇਆ ਤਹਿ ਹੁੰਦਾ ਹੈ।ਧੀਮਾਨ ਨੇ ਦਸਿਆ ਕਿ ਜਲਦੀ ਹੀ ਭਾਣਾ ਦੇ ਮਨਰੇਗਾ ਵਰਕਰਾ ਨੂੰ ਨਾਲ ਲੈ ਕੇ ਮਾਹਿਲਪੁਰ ਬੀਡੀਪੀਓ ਨੂੰ ਮੰਗ ਪਤੱਰ ਦਿਤਾ ਜਾਵੇਗਾ।ਇਸ ਮੌਕੇ ਉਨ੍ਹਾਂ ਵੱਲੋਂ ਤੁਰੰਤ ਨਵੇਂ ਜਾਬ ਕਾਰਡ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਗਈ ।ਹਰਮੇਸ਼ ਕੁਮਾਰ ਨੂੰ ਮਨਰੇਗਾ ਮੂਵਮੇਂਟ ਦਾ ਪ੍ਰਧਾਨ ਵੀ ਨਿਯੁਕਤ ਕੀਤਾ।ਕਰਮਜੀਤ ਕੌਰ,ਪਰਮਜੀਤ ਸਿੰਘ, ਜਗਦੀਪ ਸਿੰਘ, ਸੀਮਾ ਰਾਣੀ, ਰਮਨ,ਰਾਜ ਰਾਣੀ, ਰਮਨਦੀਪ ਕੌਰ, ਸੁਖਵਿੰਦਰ ਕੌਰ, ਗੁਰਜਿੰਦਬ ਕੌਰ ਤੇ ਸਰਬਜੀਤ ਕੌਰ ਆਦਿ ਹਾਜ਼ਰ ਸਨ।

# ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ,ਜਿਸ ਵਿੱਚ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ (ਐਮ. ਐਲ .ਏ. ਹਲਕਾ ਸ਼ਾਹਕੋਟ) ਤੇ ਜਸਪ੍ਰੀਤ ਕੌਰ



(ਡੀ.ਐਲ.ਓ ਜ਼ਿਲ੍ਹਾ ਕਪੂਰਥਲਾ), ਵਿਸ਼ੇਸ਼ ਮਹਿਮਾਨ ਵੱਜੋਂ ਇਸ ਸਮਾਰੋਹ ਵਿੱਚ ਪਹੁੰਚੇ। ਸਕੂਲ ਦੇ ਵਾਇਸ ਪ੍ਰੈਜੀਡੈਂਟ ਕੁਲਵਿੰਦਰ ਸਿੰਘ ਜੱਜ ਦੁਆਰਾ ਖਾਸ ਤੌਰ ਤੇ ਪਹੁੰਚੇ ਵਿਸ਼ੇਸ਼ ਮਹਿਮਾਨਾ ਅਤੇ ਪਤਵੰਤੇ ਸੱਜਣਾਂ ਨੂੰ ਜੀ ਆਇਆ ਆਖਿਆ ਅਤੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਆਪਣੇ ਕੀਮਤੀ ਸਮੇਂ 'ਚੋਂ ਕੁਝ ਸਮਾਂ ਸਕੂਲ ਨੂੰ ਦਿੱਤਾ ਅਤੇ ਇਸ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਹਿੱਸਾ ਬਣੇ। ਸਕੂਲ ਮੈਨੇਜਮੈਂਟ ਮੈਂਬਰਜ਼ ਪ੍ਰੈਜੀਡੈਂਟ ਸਰਦਾਰ ਗੁਰਦੀਪ ਸਿੰਘ ਜੱਜ, ਵਾਇਸ ਪ੍ਰੈਜੀਡੈਂਟ ਕੁਲਵਿੰਦਰ ਸਿੰਘ ਜੱਜ, ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ, ਅਸਿਸਟੈਂਟ ਮੈਨੇਜਿੰਗ ਡਾਇਰੈਕਟਰ ਪ੍ਰਗਟ ਸਿੰਘ ਜੱਜ, ਮੈਨੇਜਮੈਂਟ ਮੈਂਬਰ ਇੰਦਰਪਾਲ ਸਿੰਘ ਜੱਜ, ਸਕੂਲ ਪ੍ਰਿੰਸੀਪਲ ਅਮਨਪ੍ਰੀਤ ਕੌਰ ਤੇ ਪਹੁੰਚੇ ਹੋਏ ਵਿਸ਼ੇਸ਼ ਮਹਿਮਾਨਾਂ ਦੁਆਰਾ 'ਦਿਵਯ ਜੋਤੀ' ਜਲਾ ਕੇ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਇਸ ਉਪਰੰਤ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕਰਦੇ ਹੋਏ ਇਸ ਸਾਲਾਨਾ ਇਨਾਮ ਵੰਡ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਜੂਨੀਅਰ ਕਲਾਸ ਦੇ ਵਿਦਿਆਰਥੀਆਂ ਦੁਆਰਾ ਵੈਲਕਮ ਸੌਂਗ ਦੇ ਉੱਤੇ ਪਰਫਾਰਮੈਂਸ ਦਿੰਦੇ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਸ਼ਾਲੂ ਗੁਪਤਾ ਪ੍ਰਿੰਸੀਪਲ (ਅਪੈਕਸ ਇੰਟਰਨੈਸ਼ਨਲ ਪਬਲਿਕ ਸਕੂਲ ਨਕੋਦਰ),ਪ੍ਰਦੀਪ ਸ਼ਰਮਾ ਮੈਨੇਜਿੰਗ ਡਾਇਰੈਕਟਰ, (ਨਿਊ ਈਰਾ ਇੰਟਰਨੈਸ਼ਨਲ ਸਕੂਲ ਕਪੂਰਥਲਾ), ਦਲਜੀਤ ਸਿੰਘ (ਪ੍ਰੈਜੀਡੈਂਟ ਏਕਮ ਪਬਲਿਕ ਸਕੂਲ ਮਹਿਤਪੁਰ), ਨਿਰਮਲ ਸਿੰਘ ਮੈਨੇਜਿੰਗ ਡਾਇਰੈਕਟਰ (ਏਕਮ ਪਬਲਿਕ ਸਕੂਲ), ਗੁਰਵਿੰਦਰ ਸਿੰਘ (ਨਾਇਬ ਤਹਿਸੀਲਦਾਰ ਸੁਲਤਾਨਪੁਰ ਲੋਧੀ ), ਨਰੇਸ਼ ਕੋਹਲੀ (ਸਰਕਾਰੀ ਅਧਿਆਪਕ, ਸੁਲਤਾਨਪੁਰ ਲੋਧੀ), ਬਲਦੇਵ ਸਿੰਘ ਟੀਟਾ (ਸਰਕਾਰੀ ਅਧਿਆਪਕ ਸੁਲਤਾਨਪੁਰ ਲੋਧੀ), ਗਗਨਦੀਪ ਸਿੰਘ, ਨਵਪ੍ਰੀਤ ਸਿੰਘ (ਮੈਨੇਜਿੰਗ ਡਾਇਰੈਕਟਰਜ਼ ਵਾਹਿਗੁਰੂ ਅਕੈਡਮੀ ਸੁਲਤਾਨਪੁਰ ਲੋਧੀ), ਗਗਨਦੀਪ ਕੌਰ ਜੱਜ ਪ੍ਰਿੰਸੀਪਲ (ਅਕਾਲ ਅਕੈਡਮੀ ਇੰਟਰਨੈਸ਼ਨਲ ਅਤੇ ਹੋਰ ਮੌਜੂਦ ਸਨ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ 15 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** - ਤਪ ਅਸਥਾਨ ਨਿਰਮਲ ਕੁਟੀਆ ਸ਼ੰਭਵਾਲੀ ਪਿੰਡ ਪੰਡਵਾਂ ਵਿਖੇ 9ਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ



ਜੀ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਅਤੇ ਸੰਗਰਾਂਦ ਦਾ ਦਿਹਾੜਾ 15 ਦਸੰਬਰ ਦਿਨ ਸੋਮਵਾਰ ਨੂੰ ਸ਼ਰਧਾ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੰਚਾਲਕ ਸੰਤ ਬਾਬਾ ਗੁਰਚਰਨ ਸਿੰਘ ਨੇ ਦੱਸਿਆ ਕਿ ਇਸ ਮੌਕੇ ਪਾਠ ਦੇ ਭੋਗ ਤੋਂ ਬਾਅਦ ਜਥੇਦਾਰ ਸੁਖਬੀਰ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਬਲਵਿੰਦਰ ਸਿੰਘ ਗੁਰਾਇਆ, ਭਾਈ ਮਲਕੀਤ ਸਿੰਘ ਖਾਨਪੁਰ ਵਾਲੇ ਅਤੇ ਸੰਤ ਗੁਰਲਾਲ ਸਿੰਘ ਪੰਡਵਾਂ ਵਾਲੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਪਰਉਪਕਾਰੀ ਕਾਰਜਾਂ ਤੋਂ ਜਾਣੂ ਕਰਵਾਉਣਗੇ। ਇਸ ਦੇ ਨਾਲ ਹੀ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਵੀ ਚਾਨਣਾ ਪਾਇਆ ਜਾਵੇਗਾ। ਗੁਰੂ ਕੇ ਲੰਗਰ ਅਤੁੱਟ ਚੱਲਣਗੇ।

# ਖੂਨਦਾਨ ਕੈਂਪ ਮੌਕੇ 65 ਯੂਨਿਟ ਖੂਨ ਇਕੱਤਰ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਦੇ ਮੌਕੇ ਸਵਰਗੀ ਮਹਿੰਦਰ ਕੌਰ ਰਿਟਾਇਰਡ ਪ੍ਰਿੰਸੀਪਲ,ਹਰਬੰਸ ਕੌਰ ਸੂੰਨੀ, ਪ੍ਰੇਮ ਮਾਨ ਯੂ ਕੇ ਤੇ ਗੁਰਮੇਲ ਰਾਮ ਏ ਐਸ ਆਈ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ, ਡਾ. ਬੀ ਆਰ ਅੰਬੇਡਕਰ ਮਿਸ਼ਨ ਟਰਸਟ ਗੜ੍ਹ ਸ਼ੰਕਰ ਵੱਲੋਂ ਤੀਸਰਾ ਵਿਸ਼ਾਲ ਖੂਨ ਦਾਨ ਕੈਂਪ ਡਾ. ਬੀ ਆਰ ਅੰਬੇਡਕਰ ਭਵਨ ਗੜ੍ਹਸ਼ੰਕਰ ਵਿਖੇ ਡਾ. ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਲਗਾਇਆ ਗਿਆ ਇਸ ਖੂਨਦਾਨ ਕੈਂਪ ਦਾ ਉਦਘਾਟਨ ਡਾਕਟਰ ਸਤਵਿੰਦਰ ਪਾਲ ਸਿੰਘ ਬਿੱਟੂ ਐਸ ਐਮ ਓ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਕੀਤਾ ਗਿਆ। ਕੈਂਪ ਦੀ ਸ਼ੁਰੂਆਤ ਟਰੱਸਟੀ ਮੈਂਬਰ ਸਤਨਾਮ ਸਿੰਘ ਸੂੰਨੀ, ਡਾ. ਰਜਿੰਦਰ ਕੁਮਾਰ ਬੇਗਮਪੁਰ, ਸੰਦੀਪ ਬਡੇਸਰੋਂ ਹੈੱਡਮਾਸਟਰ, ਡਾ. ਕਸ਼ਮੀਰ ਚੰਦ, ਡਾ. ਮਿਊਰ ਦੁੱਗਲ, ਡਾ. ਰੱਜਤ ਦੁੱਗਲ, ਲੈਕ. ਰਾਜ ਕੁਮਾਰ,ਲੈਕ. ਮੁਲਖ ਰਾਜ ਵਲੋਂ ਖੂਨਦਾਨ ਕਰਕੇ ਕੀਤੀ ਗਈ। ਇਸ ਵਿਸ਼ਾਲ ਖੂਨਦਾਨ ਕੈਂਪ ਵਿੱਚ 65 ਖੂਨਦਾਨੀਆਂ ਵੱਲੋਂ ਖੂਨਦਾਨ ਕੀਤਾ ਗਿਆ। ਇਸ ਮੌਕੇ ਪਿੰਡ ਸੂੰਨੀ ਤੋਂ ਵਿਕਲਾਂਗ ਹੋਣ ਦੇ ਬਾਵਜੂਦ ਵੀ ਹਰਬੰਸ ਲਾਲ ਵੱਲੋਂ 36ਵੀਂ ਵਾਰ ਖੂਨਦਾਨ ਕੀਤਾ



ਗਿਆ।ਇਸ ਮੌਕੇ ਐਨਆਰਆਈ ਮੁੱਖਇੰਦਰ ਸਿੰਘ ਉੱਪਲ ਅਤੇ ਹੋਰ ਸਹਿਯੋਗੀਆਂ ਵੱਲੋਂ ਆਰਥਿਕ ਸਹਿਯੋਗ ਕੀਤਾ ਗਿਆ। ਇਸ ਖੂਨਦਾਨ ਕੈਂਪ ਨੂੰ ਸਫਲਤਾ ਪੂਰਵਕ ਸੰਪੰਨ ਕਰਨ ਲਈ ਸਿਵਲ ਹਸਪਤਾਲ, ਬੰਗਾ ਦੀ ਬਲੱਡ ਬੈਂਕ ਟੀਮ ਵਲੋਂ ਤਕਨੀਕੀ ਸਹਿਯੋਗ ਦਿੱਤਾ ਗਿਆ। ਇਸ ਕੈਂਪ ਵਿੱਚ ਡਾ. ਵੇਦ ਪ੍ਰਕਾਸ਼, ਡਾ. ਅਮਰੀਕ ਸਿੰਘ ,ਡਾ. ਜਸਵੰਤ ਸਿੰਘ ਖਿੰਡ ਐੱਸ ਐੱਮ ਓ ਮਾਹਿਲਪੁਰ, ਡਾ. ਜਤਿੰਦਰਪਾਲ ਸਿੰਘ, ਡਾ. ਸੋਨੀਆ ਵੱਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਇਹ ਟਰੱਸਟ ਮੈਂਬਰ ਪ੍ਰਦੀਪ ਕੁਮਾਰ ਗੁਰੂ, ਪੀ ਐੱਲ ਸੂਦ, ਪ੍ਰਿੰਸੀਪਲ ਸਤਨਾਮ ਸਿੰਘ, ਰਣਵੀਰ ਬੱਬਰ ,ਹਰਜਿੰਦਰ ਸੂੰਨੀ, ਸੁਰਿੰਦਰ ਪਾਲ ਗੁਰੂ ਨਾਨਕ ਹੈਂਡਲੂਮ ਗੜ੍ਹਸ਼ੰਕਰ, ਸੁਖਦੇਵ ਡਾਂਸੀਵਾਲ , ਵਿਕਾਸ ਨਾਰਦ ਗੜ੍ਹ ਸ਼ੰਕਰ ,ਕਰਨੈਲ ਸਿੰਘ ਮਾਹਿਲਪੁਰ ,ਦਲਵੀਰ ਰਾਜੂ ,ਅਸ਼ੋਕ ਬਡੇਸਰੋਂ, ਮਨਜਿੰਦਰ ਬਡੇਸਰੋਂ, ਦਲਵੀਰ ਰਾਜੂ, ਦਿਲਾਵਰ ਸਿੰਘ, ਹਰਦੀਪ ਬੱਸੀ, ਸੈਂਡੀ ਭੱਜਲਾਂ ਵਾਲਾ ,ਹਰੀ ਰਾਮ ,ਸੁਰਜੀਤ ਖਾਨਪੁਰੀ, ਠੇਕੇਦਾਰ ਹਰਮੇਸ਼ ਲਾਲ,ਕੁੰਦਨ ਲਾਲ ਬਡੇਸਰੋਂ ,ਬਲਵਿੰਦਰ ਕੁਮਾਰ, ਜਸਵਿੰਦਰ ਸਿੰਘ ,ਤਰਸੇਮ ਭੰਮੀਆ, ਪ੍ਰਿੰਸੀਪਲ ਸਤਪਾਲ ਭੰਮੀਆਂ, ਪ੍ਰਿੰਸੀਪਲ ਦੇਸਰਾਜ ਪੋਸੀ, ਅਮਰਜੀਤ ਬੰਗੜ, ਰਜਿੰਦਰ ਪਾਲ ਗੜ੍ਹਸ਼ੰਕਰ ,ਹਰਪਾਲ ਸਹੋਤਾ, ਬਲਜਿੰਦਰ ਸਿੰਘ ਕਿੱਤਣਾ ,ਕਿਰਪਾਲ ਸਿੰਘ ਐਮ ਸੀ ਗੜ੍ਹਸ਼ੰਕਰ ,ਲਾਈਬਰੇਰੀਅਨ ਦੀਵਾਨ ਚੰਦ ਆਦਿ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਦੀ ਮੀਟਿੰਗ 'ਚ ਤਰਕਸ਼ੀਲ ਮੇਲਾ ਕਰਵਾਉਣ ਤੇ ਹੋਰ ਮੁੱਦਿਆਂ 'ਤੇ ਚਰਚਾ

**ਸ਼ਾਹਕੋਟ (ਗਿਆਨ ਸੈਦਪੁਰੀ)** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸ਼ਾਹਕੋਟ ਦੀ ਅਹਿਮ ਮੀਟਿੰਗ ਇਕਾਈ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਦੀ ਪ੍ਰਧਾਨਗੀ ਹੇਠ



ਸੁਸਾਇਟੀ ਦੇ ਦਫ਼ਤਰ ਅੱਪੂ ਆਰਟ ਪ੍ਰੈੱਸ ਸ਼ਾਹਕੋਟ ਵਿਖੇ ਹੋਈ। ਇਸ ਮੀਟਿੰਗ ਵਿਚ ਜੋਨ ਦੀ ਛਿਮਾਹੀ ਵਰਕਸ਼ਾਪ, ਸਲਾਨਾ ਤਰਕਸ਼ੀਲ ਮੇਲੇ ਸਮੇਤ ਹੋਰ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਭੂੰਗਾ ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਹੋਣ ਵਾਲੀ ਜੋਨ ਦੀ ਛਿਮਾਹੀ ਵਰਕਸ਼ਾਪ ਵਿਚ ਇਕਾਈ ਸ਼ਾਹਕੋਟ ਤੋਂ ਘੱਟੋ ਘੱਟ 10 ਮੈਂਬਰ ਦੀ ਸ਼ਮੂਲੀਅਤ ਦਾ ਫ਼ੈਸਲਾ ਕੀਤਾ ਗਿਆ। ਸੁਸਾਇਟੀ ਵਲੋਂ ਲਈ ਗਈ 'ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ-2025' ਦੇ ਸਰਟੀਫਿਕੇਟ ਟੀਮਾਂ ਬਣਾ ਕੇ ਸਕੂਲਾਂ ਦੀ ਸਵੇਰ ਦੀ ਸਭਾ ਵਿਚ ਪਹੁੰਚ ਕੇ ਵੰਡਣ ਦਾ ਫ਼ੈਸਲਾ ਕੀਤਾ ਗਿਆ। ਏਕਮ ਸਕੂਲ ਮਹਿਤਪੁਰ ਅਤੇ ਸੰਗੋਵਾਲ ਸਕੂਲ ਵਿਚ ਪ੍ਰੀਖਿਆ ਵਿਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮੁਖੀ ਮਾਂ. ਰਜਿੰਦਰ ਭਦੌੜ ਨੂੰ ਸੱਦਣ ਦਾ ਵੀ ਫ਼ੈਸਲਾ ਕੀਤਾ ਗਿਆ। ਇਸ ਮੌਕੇ ਇਕਾਈ ਸ਼ਾਹਕੋਟ ਵਲੋਂ ਕਰਵਾਏ ਜਾਣ ਵਾਲੇ ਸਲਾਨਾ ਤਰਕਸ਼ੀਲ ਮੇਲੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਇਸ ਵਾਰ ਇਹ ਮੇਲਾ ਜਨਵਰੀ ਦੇ ਆਖ਼ਰੀ ਜਾਂ ਫ਼ਰਵਰੀ ਦੇ ਪਹਿਲੇ ਹਫ਼ਤੇ ਦਰਮਿਆਨ ਕਰਵਾਇਆ ਜਾਵੇਗਾ। ਮੇਲੇ ਦੌਰਾਨ ਖੇਡੇ ਜਾਣ ਵਾਲੇ ਨਾਟਕਾਂ ਬਾਰੇ ਵਿਚਾਰ ਕਰਕੇ ਅਗਲੀ ਮੀਟਿੰਗ ਵਿਚ ਫ਼ੈਸਲਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮੇਲੇ ਵਿਚ ਫੁਲਵਾੜੀ ਕਲਾ ਕੇਂਦਰ ਦੀਆਂ ਲੜਕੀਆਂ ਵੱਲੋਂ ਭੰਗੜਾ, ਅਵਤਾਰ ਚੜਿੱਕ ਦੀ ਟੀਮ ਵੱਲੋਂ ਜਾਦੂ ਦੇ ਟਰਿੱਕ ਪੇਸ਼ ਕੀਤੇ ਜਾਣਗੇ। ਕਾ. ਅਮੋਲਕ ਸਿੰਘ ਅਤੇ ਮਾ. ਰਜਿੰਦਰ ਭਦੌੜ ਮੇਲੇ ਵਿਚ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕਰਨਗੇ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਬਾਗਪੁਰ, ਅਮਨਦੀਪ ਬਾਗਪੁਰ, ਦੇਸ ਰਾਜ ਜਾਫ਼ਰਵਾਲ, ਪਾਲ ਬਾਗਪੁਰ, ਬਿੱਟੂ ਰੂਪੇਵਾਲੀ, ਜਗੀਰ ਜੋਸਨ, ਜਿੰਦਰ ਬਾਗਪੁਰ, ਸਤਨਾਮ ਸਿੰਘ ਨੀਟਾ, ਡਾ. ਨਗਿੰਦਰ ਸਿੰਘ ਬਾਂਸਲ, ਡਾ. ਰੇਸ਼ਮ ਸਿੰਘ ਰੂਪੇਵਾਲ, ਗੁਰਦੇਵ ਸਿੰਘ ਨਵਾਂ ਕਿਲਾ, ਦਲਬਾਰਾ ਸਿੰਘ ਆਦਿ ਹਾਜ਼ਰ ਸਨ।

# ਕਬੱਡੀ ਟੀਮ ਵੱਲੋਂ ਸਟੇਟ ਪੱਧਰ 'ਤੇ ਤੀਸਰਾ ਸਥਾਨ ਹਾਸਿਲ ਕਰਨ 'ਤੇ ਕੀਤਾ ਸਨਮਾਤ

**ਮਹਿਤਪੁਰ (ਰਾਜਾ)**- ਹਰਜਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਜਲੰਧਰ ਦੀ ਯੋਗ ਰਹਿਨੁਮਾਈ ਹੇਠ ਸਟੇਟ ਪੱਧਰ ਤੇ ਤੀਸਰਾ ਸਥਾਨ ਹਾਸਲ ਕਰਨ ਵਾਲੀ ਕਬੱਡੀ ਨੈਸ਼ਨਲ ਸਟਾਈਲ ਲੜਕੀਆਂ ਦੀ ਟੀਮ ਦਾ ਸਨਮਾਨ ਸਰਕਾਰੀ ਪ੍ਰਾਇਮਰੀ ਸਕੂਲ ਛਾਉਲੇ



ਬਲਾਕ ਨਕੋਦਰ 1 ਵਿਖੇ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਨਿਰਮਲ ਸਿੰਘ ਜੀ ਬੀ ਪੀ ਓ ਨਕੋਦਰ 1 ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਤੇ ਨਿਰਮਲ ਸਿੰਘ ਵੱਲੋਂ ਬੱਚਿਆਂ ਨੂੰ ਤੇ ਟੀਮ ਇੰਚਾਰਜ ਰਛਪਾਲ ਸਿੰਘ ਤੇ ਸਤਿੰਦਰਜੀਤ ਸਿੰਘ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਦਿਲਪ੍ਰੀਤ ਕੌਰ ਸੀ ਐੱਚ ਟੀ ਉਮਰਵਾਲ ਬਿੱਲਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।ਸਾਬਕਾ ਬੀ ਪੀ ਈ ਓ ਸ਼ਬੀ ਪੀ ਈ ਵੀਨੀਤ ਕੁਮਾਰ, ਸੀ ਐੱਚ ਟੀ ਜਸਵੀਰ ਸਿੰਘ, ਦਲੀਪ ਸਿੰਘ,ਖੇਡ ਅਫਸਰ ਨਰਿੰਦਰ ਕੌਰ,ਹੈਡ ਟੀਚਰ ਦਿਲਬਾਗ ਸਿੰਘ,ਹੈਡ ਟੀਚਰ ਕਪਲ ਕਵਾਤਰਾ, ਹੈਡ ਟੀਚਰ ਜਸਵੰਤ ਸਿੰਘ, ਹੈੱਡ ਟੀਚਰ ਮੁਲਖ ਰਾਜ, ਸਵਰਾਜ ਸਿੰਘ, ਜਤਿੰਦਰ ਕੁਮਾਰ, ਗੁਰਿੰਦਰ ਸਿੰਘ, ਕਮਲੇਸ਼, ਵਿਸ਼ਾਲ, ਜਸਪ੍ਰੀਤ ਸਿੰਘ,ਅਮਨ ਵਰਮਾ, ਦਵਿੰਦਰ ਸਿੰਘ, ਮੈਡਮ ਅਮਨਦੀਪ, ਮੈਡਮ ਰਜਨਦੀਪ, ਮੈਡਮ ਪ੍ਰਿਅੰਕਾ, ਮੈਡਮ ਸੁਨੀਤਾ ਦੇਵੀ, ਦਿਵੀਸ਼ਾ, ਚਰਨਜੀਤ ਕੌਰ ਅਤੇ ਸੁਭਾਸ਼ ਚੰਦਰ, ਸਾਬਕਾ ਪੰਚਾਇਤ ਮੈਂਬਰ ਸ੍ਰੀ ਬਖਸ਼ੀਸ਼ ਸਿੰਘ ਤੇ ਹੋਰ ਪਤਵੰਤੇ ਸੱਜਣ ਅਤੇ ਕਲਸਟਰ ਉਮਰਵਾਲ ਬਿੱਲਾ ਦੇ ਅਧਿਆਪਕ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਸਰਦਾਰ ਲਖਵਿੰਦਰ ਸਿੰਘ ਸਮਰਾ ਜੀ ਵੱਲੋਂ ਬਖੂਬੀ ਨਿਭਾਈ ਗਈ। ਅੰਤ ਵਿੱਚ ਸਕੂਲ ਮੁਖੀ ਸਰਦਾਰ ਰਛਪਾਲ ਸਿੰਘ ਜੀ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਭਾਈਚਾਰਕ ਸਾਂਝ, ਫਿਰਕੂ ਇਕਸੁਰਤਾ ਤੇ ਦੇਸ਼ ਦੀ ਏਕਤਾ-ਅਖੰਡਤਾ ਭੰਗ ਕਰਨ ਦੀਆਂ ਸੰਘੀ ਸਾਜ਼ਿਸ਼ਾਂ ਪਛਾੜੋ : ਪਾਸਲਾ

**ਸ਼ਾਹਕੋਟ (ਗਿਆਨ ਸੈਦਪੁਰੀ)**- ਸੁਤੰਤਰਤਾ ਪ੍ਰਾਪਤੀ ਲਈ ਜੂਝ ਰਹੇ ਭਾਰਤੀਆਂ ਦੀ ਇਕਜੁੱਟਤਾ ਭੰਗ ਕਰਨ ਅਤੇ ਭਾਈਚਾਰਕ ਸਾਂਝ ਤੇ ਫਿਰਕੂ ਇਕਸੁਰਤਾ ਨੂੰ ਖੇਰੂੰ-ਖੇਰੂੰ ਕਰਨ ਦੀ ਸਾਜ਼ਿਸ਼ ਤਹਿਤ, 1925 'ਚ ਬਸਤੀਵਾਦੀ ਅੰਗ੍ਰੇਜ਼ ਹਾਕਮਾਂ ਵਲੋਂ ਖੜ੍ਹੇ ਕੀਤੇ ਗਏ 'ਰਾਸ਼ਟਰੀ ਸੋਇਮ ਸੇਵਕ ਸੰਘ' (ਆਰ ਐੱਸ ਐੱਸ) ਤੋਂ ਦੇਸ਼ ਤੇ ਦੇਸ਼ ਵਾਸੀਆਂ ਦੇ ਭਲੇ ਦੀ ਆਸ ਉੱਕਾ ਹੀ ਨਹੀਂ ਕੀਤੀ ਜਾ ਸਕਦੀ।'ਰਾਸ਼ਟਰ ਨਿਰਮਾਣ' ਜਾਂ 'ਚਰਿਤਰ ਉੱਥਾਨ' ਦੇ ਫਰਜੀ ਦਾਅਵੇ ਕਰਨ ਵਾਲਾ ਆਰ.ਐਸ.ਐਸ., ਦਰ ਹਕੀਕਤ ਵੱਖੋ-ਵੱਖ ਧਰਮਾਂ ਨੂੰ ਮੰਨਣ ਵਾਲੇ ਹਿੰਦ ਵਾਸੀਆਂ ਦਰਮਿਆਨ ਘ੍ਰਿਣਾ ਫੈਲਾਉਣ ਅਤੇ ਫਿਰਕੂ ਵੰਡ ਤਿੱਖੀ ਕਰਨ ਦੇ ਆਪਣੇ ਕੋਝੇ ਯਤਨਾਂ ਰਾਹੀਂ ਦੇਸ਼ ਦੀ ਏਕਤਾ-ਅਖੰਡਤਾ ਦੇ ਜੜ੍ਹੀਂ ਤੇਲ ਦੇਣ ਦਾ ਕੰਮ ਰਿਹਾ ਹੈ।' ਉਕਤ ਸ਼ਬਦ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਵਲੋਂ ਇੱਥੇ ਸੱਦੀ ਤਹਿਸੀਲ ਪੱਧਰੀ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਹੇ ਹਨ। ਕਾਮਰੇਡ ਪਾਸਲਾ ਨੇ ਕਿਹਾ ਹੈ ਕਿ ਆਰ.ਐਸ.ਐਸ. ਦੀਆਂ ਇਹ ਵੰਡਪਾਊ ਕੁਚਾਲਾਂ, ਆਜ਼ਾਦੀ ਸੰਗਰਾਮ ਦੌਰਾਨ ਕਾਇਮ ਹੋਈਆਂ ਸਾਰੀਆਂ ਨਰੋਈਆਂ ਕਦਰਾਂ-ਕੀਮਤਾਂ ਅਤੇ ਆਜ਼ਾਦੀ ਪ੍ਰਾਪਤੀ ਤੋਂ ਪਿਛੋਂ ਦੀਆਂ ਦੇਸ਼ ਦੀਆਂ ਸਮੁੱਚੀਆਂ ਹਾਂ-ਪੱਖੀ ਪ੍ਰਾਪਤੀਆਂ ਨੂੰ ਘੱਟੇ ਰੋਲਣ ਦਾ ਜਰੀਆ ਬਣ ਰਹੀਆਂ ਹਨ। ਉਨ੍ਹਾਂ ਕਿਹਾ ਹੈ ਕਿ ਆਪਣੇ ਸਿਆਸੀ ਵਿੰਗ ਭਾਜਪਾ ਰਾਹੀਂ ਦੇਸ਼ ਦੀ ਕੇਂਦਰੀ ਸੱਤਾ 'ਤੇ ਕਾਬਜ ਆਰ.ਐਸ.ਐਸ., ਦੇਸ਼ ਦਾ ਜਮਹੂਰੀ, ਧਰਮ ਨਿਰਪੱਖ, ਫੈਡਰਲ ਢਾਂਚਾ ਤਹਿਸ-ਨਹਿਸ ਕਰਕੇ ਇੱਥੇ ਤਾਨਾਸ਼ਾਹੀ ਤਰਜ਼ ਦਾ ਧਰਮ ਅਧਾਰਤ ਕੱਟੜ, ਪਿਛਾਖੜੀ 'ਹਿੰਦੂ ਰਾਸ਼ਟਰ' ਕਾਇਮ ਕਰਨ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਆਰ.ਐਸ.ਐਸ. ਤੇ ਭਾਜਪਾ ਇਸੇ ਕਰਕੇ ਮਨੁੱਖੀ ਹੱਕ-ਹਕੂਕ ਤੇ ਸ਼ਹਿਰੀ ਆਜ਼ਾਦੀਆਂ ਦੀ ਗਰੰਟੀ ਕਰਦੇ ਭਾਰਤ ਦੇ ਮੌਜੂਦਾ ਸੰਵਿਧਾਨ ਨੂੰ ਖਾਰਜ ਕਰਕੇ ਇਸ ਦੀ ਥਾਂ ਦਲਿਤਾਂ, ਔਰਤਾਂ ਨੂੰ ਸਦੀਵੀਂ ਗੁਲਾਮ ਬਣਾਈ ਰੱਖਣ ਦੀ ਪੈਰਵੀ ਕਰਦੀ 'ਮਨੂੰ ਸਿਮਰਤੀ' ਨੂੰ ਸ਼ਾਸ਼ਨ ਪੱਧਤੀ ਵਜੋਂ ਲਾਗੂ ਕਰਨ ਲਈ ਤਰਲੋ-ਮੱਛੀ ਹੋ ਰਹੇ ਹਨ। ਉਕਤ ਕੋਝੇ ਮਨਸੂਬੇ ਪੂਰੇ ਕਰਨ ਲਈ, ਸੰਘ ਪਰਿਵਾਰ ਦੇ ਖਰੂਦੀ ਟੋਲੇ ਮੁਸਲਮਾਨ ਤੇ ਈਸਾਈ ਘੱਟ ਗਿਣਤੀਆਂ, ਦਲਿਤਾਂ ਅਤੇ ਇਸਤਰੀਆਂ 'ਤੇ ਅਸਹਿ ਤੇ ਅਕਹਿ ਜ਼ੁਲਮ ਢਾਹ ਰਹੇ ਹਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਹੈ ਕਿ ਕਥਿਤ 'ਹਿੰਦੂ ਰਾਸ਼ਟਰ' ਦੀ ਕਾਇਮੀ ਰਾਹੀਂ



ਆਰ.ਐਸ.ਐਸ. ਦਾ ਅਸਲ ਨਿਸ਼ਾਨਾ ਬਹੁ ਗਿਣਤੀ ਹਿੰਦੂ ਵਸੋਂ, ਖਾਸ ਕਰਕੇ ਕਿਰਤੀ ਸ਼੍ਰੇਣੀ ਦਾ ਭਲਾ ਕਰਨਾ ਨਹੀਂ, ਬਲਕਿ ਮਿਹਨਤਕਸ਼ਾਂ ਦੀ ਲੁੱਟ-ਖਸੁੱਟ ਦੀ ਜਾਮਣੀ ਕਰਦਾ ਅਜੋਕਾ ਪੂੰਜੀਵਾਦੀ-ਜਗੀਰੂ ਨਿਜ਼ਾਮ ਸਦਾ ਲਈ ਕਾਇਮ ਰੱਖਣਾ ਹੈ। ਸਾਥੀ ਪਾਸਲਾ ਨੇ ਦੇਸ਼ ਵਾਸੀਆਂ ਨੂੰ ਆਰ.ਐਸ.ਐਸ. ਦੇ ਫਿਰਕੂ-ਫਾਸ਼ੀ ਏਜੰਡੇ ਨੂੰ ਭਾਂਜ ਦੇਣ, ਸਾਮਰਾਜੀ ਤੇ ਕਾਰਪੋਰੇਟੀ ਲੁੱਟ-ਖਸੁੱਟ ਤੇ ਦਾਬਾ ਕਾਇਮ ਰੱਖਣ ਲਈ ਘੜੀਆਂ, ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੇ ਚੌਖਟੇ ਵਾਲੀਆਂ ਨਵ ਉਦਾਰਵਾਦੀ ਨੀਤੀਆਂ ਤੋਂ ਮੁਕਤੀ ਹਾਸਲ ਕਰਨ ਅਤੇ ਹਰ ਕਿਸਮ ਦੀ ਲੁੱਟ-ਚੋਂਘ ਤੇ ਜਬਰ-ਵਿਤਕਰੇ ਤੋਂ ਰਹਿਤ ਸਾਂਝੀਵਾਲਤਾ ਵਾਲਾ ਸਮਾਨਤਾਵਾਦੀ ਸਮਾਜ ਕਾਇਮ ਕਰਨ ਦਾ ਮਾਨਵੀ ਸੰਗਰਾਮ ਪ੍ਰਚੰਡ ਕਰਨ ਦਾ ਸੱਦਾ ਦਿੱਤਾ ਹੈ। ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਕੁਲਵੰਤ ਸਿੰਘ ਸੰਧੂ ਨੇ ਮਜ਼ਦੂਰ-ਕਿਸਾਨ ਏਕਾ ਕਾਇਮ ਕਰਦਿਆਂ ਬਿਜਲੀ ਸੋਧ ਬਿੱਲ 2025 ਅਤੇ ਬੀਜ ਬਿੱਲ ਸਮੇਤ ਮੋਦੀ ਸਰਕਾਰ ਦੇ ਲੋਕ ਵਿਰੋਧੀ ਹੱਲਿਆਂ ਖਿਲਾਫ ਤਕੜਾ ਆਵਾਮੀ ਪ੍ਰਤੀਰੋਧ ਉਸਾਰਨ ਦੀ ਅਪੀਲ ਕੀਤੀ ਹੈ। ਸੂਬਾ ਸਕੱਤਰੇਤ ਦੇ ਮੈਂਬਰ ਸਾਥੀ ਦਰਸ਼ਨ ਨਾਹਰ ਨੇ ਹਿੰਦੂ ਕਿਰਤੀਆਂ ਸਮੇਤ ਭਾਰਤ ਦੇ ਹਰ ਧਰਮ ਨੂੰ ਮੰਨਣ ਵਾਲੇ ਗਰੀਬਾਂ ਦੀਆਂ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਕੰਗਾਲੀ, ਭੁਖਮਰੀ, ਇਕਸਾਰ ਤੇ ਮਿਆਰੀ ਸਿਖਿਆ ਅਤੇ ਸਿਹਤ ਸਹੂਲਤਾਂ ਦੀ ਅਸਲੋਂ ਘਾਟ, ਜਨਤਕ ਵੰਡ ਪ੍ਰਣਾਲੀ ਤੇ ਸਮਾਜਿਕ ਸੁਰੱਖਿਆ ਦੀ ਅਣਹੋਂਦ, ਹਵਾ-ਪਾਣੀ ਦੇ ਖਰਾਬੇ ਅਤੇ ਚੌਗਿਰਦੇ ਦੇ ਘਾਤਕ ਵਿਗਾੜ, ਅਸਾਧ ਬੀਮਾਰੀਆਂ ਤੇ ਘਾਤਕ ਮਹਾਮਾਰੀਆਂ ਦੇ ਬੇਰੋਕ ਵਾਧੇ ਆਦਿ ਮੁਸੀਬਤਾਂ 'ਚ ਅੰਤਾਂ ਦੇ ਵਾਧੇ ਲਈ ਜ਼ਿੰਮੇਵਾਰ ਕੇਂਦਰੀ ਤੇ ਪ੍ਰਾਂਤਕ ਸਰਕਾਰਾਂ ਦੀਆਂ ਨੀਤੀਆਂ ਖਿਲਾਫ ਤਿੱਖਾ, ਬੱਝਵਾਂ ਲੋਕ ਯੁੱਧ ਛੇੜਨ ਦਾ ਸੱਦਾ ਦਿੱਤਾ ਹੈ। ਸੂਬਾ ਸਕੱਤਰੇਤ ਦੇ ਮੈਂਬਰ ਸਾਥੀ ਸਰਬਜੀਤ ਮੁਠੱਡਾ, ਪਾਰਟੀ ਦੀ ਜਲੰਧਰ-ਕਪੂਰਥਲਾ ਜ਼ਿਲ੍ਹਾ ਕਮੇਟੀ ਦੇ ਸਕੱਤਰ ਸਾਥੀ ਜਸਵਿੰਦਰ ਸਿੰਘ ਢੇਸੀ, ਸੂਬਾ ਕਮੇਟੀ ਦੇ ਮੈਂਬਰਾਨ ਮਨੋਹਰ ਸਿੰਘ ਗਿੱਲ, ਰਾਮ ਸਿੰਘ ਕਾਇਮ ਵਾਲਾ ਤੇ ਸੰਤੋਖ ਸਿੰਘ ਬਿਲਗਾ, ਜ਼ਿਲ੍ਹਾ ਕਮੇਟੀ ਦੇ ਮੈਂਬਰ ਮੇਜਰ ਸਿੰਘ ਖੁਰਲਾਪੁਰ ਨੇ ਪੰਜਾਬ ਦੀ ਆਪ ਸਰਕਾਰ ਦੇ ਮੋਦੀ ਸਰਕਾਰ ਵਾਲੇ ਹੀ ਨੀਤੀ ਚੌਖਟੇ, ਨਸ਼ਾ ਤਸਕਰਾਂ, ਅਪਰਾਧੀ ਗ੍ਰੋਹਾਂ ਤੇ ਮਾਫੀਆ ਲੁੱਟ ਦੀ ਕੀਤੀ ਜਾ ਰਹੀ ਨੰਗੀ-ਚਿੱਟੀ ਪੁਸ਼ਤ ਪਨਾਹੀ ਅਤੇ ਅਮਨ-ਕਾਨੂੰਨ ਦੀ ਨਿੱਘਰ ਚੁੱਕੀ ਅਵਸਥਾ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਇਸ ਖਿਲਾਫ ਤਕੜੀ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ ਹੈ। ਕਾਨਫਰਸ਼ਸ ਦੀ ਪ੍ਰਧਾਨਗੀ ਸਾਥੀ ਸੁਖਦੇਵ ਦੱਤ ਬਾਂਕਾ ਨੇ ਕੀਤੀ। ਮੰਚ ਸੰਚਾਲਕ ਦੇ ਫਰਜ ਸਾਥੀ ਦਲਵਿੰਦਰ ਸਿੰਘ ਕੁਲਾਰ ਨੇ ਅਦਾ ਕੀਤੇ।

8 Dec Page 9.qxd 12/9/2025 9:07 PM Page 1



# ਸੰਯੁਕਤ ਕਿਸਾਨ ਮੋਰਚਾ ਨੇ ਬਿਜਲੀ ਬਿੱਲ 2025 ਦੇ ਵਿਰੋਧ 'ਚ ਦਿੱਤਾ ਧਰਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਸੰਯੁਕਤ ਕਿਸਾਨ ਮੋਰਚੇ ਦੇ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਸਬਅਰਬਨ ਸਬ ਡਿਵੀਜ਼ਨ ਪੀਐਸਪੀਸੀਐਲ ਦੇ ਕੰਪਲੈਕਸ ਵਿੱਚ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕਾਮਰੇਡ ਗੁਰਮੇਸ਼ ਸਿੰਘ ਅਤੇ ਬਿਜਲੀ ਬੋਰਡ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਰਤਨ ਲਾਲ ਦੀ ਪ੍ਰਧਾਨਗੀ ਹੇਠ ਬਿਜਲੀ ਸੋਧ ਬਿਲ 2025 ਦੇ ਵਿਰੁੱਧ ਧਰਨਾ ਮਾਰਿਆ ਗਿਆ ਅਤੇ ਅੰਤ ਵਿੱਚ ਬਿਜਲੀ ਸੋਧ ਬਿੱਲ 2025 ਅਤੇ ਸੀਡ ਬਿੱਲ 2025 ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਧਰਨੇ ਲਈ ਜਿਮਹੂਰੀ ਕਿਸਾਨ ਸਭਾ ਵੱਲੋਂ ਦਵਿੰਦਰ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਬਾਖੂਬੀ ਨਿਭਾਈ। ਬੁਲਾਰਿਆਂ ਨੇ ਕਿਹਾ ਕਿ ਇਹ ਉਹੀ ਬਿਜਲੀ ਸੋਧ ਬਿਲ ਹੈ ਜਿਹੜਾ ਕਾਲੇ ਕਾਨੂੰਨਾਂ ਨੂੰ ਵਾਪਸ ਕਰਾਉਂਦੇ ਸਮੇਂ ਵਾਪਸ ਕਰਾਇਆ ਸੀ। ਬੁਲਾਰਿਆਂ ਨੇ ਕਿਹਾ ਕਿ ਬਿਜਲੀ ਸੋਧ ਬਿਲ 2025 ਲਾਗੂ ਹੋ ਜਾਣ ਨਾਲ ਪ੍ਰਾਈਵੇਟ ਕੰਪਨੀਆਂ ਨੂੰ ਵੱਧ ਅਧਿਕਾਰ ਮਿਲ ਜਾਣਗੇ ਤੇ ਸੂਬਿਆਂ ਦੇ ਅਧਿਕਾਰ ਖਤਮ ਹੋ ਜਾਣਗੇ। ਸੂਬੇ ਦਾ ਸਿਸਟਮ ਖਤਮ ਹੋ ਜਾਵੇਗਾ। ਗਰੀਬਾਂ ਨੂੰ ਵੀ ਅੰਬਾਨੀ, ਅੰਡਾਨੀ ਵਾਲਾ ਹੀ ਰੇਟ ਲੱਗੇਗਾ। ਜਿਹੜਾ ਕਿ ਗਰੀਬਾਂ ਨਾਲ ਬਹੁਤ ਵੱਡਾ ਸਮਾਜਿਕ ਅਨਿਆ ਹੋਵੇਗਾ। ਸਟੇਟਾਂ ਦੇ ਅਧਿਕਾਰ ਖਤਮ ਹੋ ਜਾਣਗੇ। ਕੇਂਦਰ ਸਰਕਾਰ ਬਿਜਲੀ ਦੇ ਖੇਤਰ ਵਿੱਚ ਮਨ ਮਰਜ਼ੀ ਕਰੇਗੀ। ਬੁਲਾਰਿਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਬਿਜਲੀ ਸੋਧ ਬਿਲ 2025 ਵਾਪਸ ਲਿਆ ਜਾਵੇ। ਇਸ ਧਰਨੇ ਨੂੰ ਦਰਸ਼ਨ ਕੁਮਾਰ ਮਹਿਤਾ, ਤਰਲੋਚਨ ਸਿੰਘ ਸਤੌਰ, ਧਨਪਤ ਬਸੀ ਦੌਲਤ ਖਾਂ, ਗੁਰਮੇਲ ਸਿੰਘ ਹਰੀਸ਼ ਕੁਮਾਰ, ਰਜਿੰਦਰ ਕੁਮਾਰ ਸੋਨੀ, ਜੈਲ ਸਿੰਘ ਨੇ ਸੰਬੋਧਨ ਕੀਤਾ। ਇਸ ਸਮੇਂ ਕੁਲ ਹਿੰਦ ਕਿਸਾਨ ਸਭਾ ਵੱਲੋਂ ਸੰਤੋਖ ਸਿੰਘ, ਮਹਿੰਦਰ ਸਿੰਘ ਭੀਲੋਵਾਲ, ਤੀਰਥ ਸਿੰਘ, ਗੁਰਦੇਵ ਸਿੰਘ ਸਤੌਰ, ਜਮਹੂਰੀ ਕਿਸਾਨ ਸਭਾ ਵੱਲੋਂ ਜਗਤਾਰ ਸਿੰਘ, ਧਰਮਵੀਰ ਸਤੌਰ, ਗਿਆਨ ਸਿੰਘ, ਜਗਦੀਸ਼ ਲਾਲ, ਰਜਿੰਦਰ ਕੁਮਾਰ, ਸਰਬਜੀਤ ਸਿੰਘ, ਮਲਕੀਤ ਸਿੰਘ ਪਟਵਾਰੀ ਕੱਕੋਂ, ਗੁਰਚਰਨ ਸਿੰਘ, ਮਨਜੀਤ ਸੈਣੀ, ਮਨਜੀਤ ਬਾਜਵਾ, ਮਨੋਹਰ ਸਿੰਘ ਐਸਡੀਓ ਡੱਡਿਆਣਾ ਕਲਾਂ, ਬੀਕੇਯੂ ਕਾਦੀਆਂ ਵੱਲੋਂ ਰਜਿੰਦਰ ਪਾਲ ਸਿੰਘ, ਹਰਦੀਪ ਸਿੰਘ, ਰਵਿੰਦਰ ਸਿੰਘ ਅਤੇ ਬਿਜਲੀ ਬੋਰਡ ਪੀ ਐੱਸ ਪੀ ਸੀ ਐਲ ਪੈਨਸ਼ਨਰ ਐਸੋਸੀਏਸ਼ਨ ਦੇ ਬਹੁਤ ਸਾਰੇ ਸਾਥੀ ਹਾਜ਼ਰ ਸਨ।



# ਰਾਜਪਾਲ ਵੱਲੋਂ ਲਾਲਾ ਲਾਜਪਤ ਰਾਏ ਮਿਊਜ਼ੀਅਮ ਦਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉਭੀ)-** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਇਥੇ ਗੁਲਾਬ ਦੇਵੀ ਮੈਮੋਰੀਅਲ ਹਸਪਤਾਲ ਵਿਖੇ ਲਾਲਾ ਲਾਜਪਤ ਰਾਏ ਮਿਊਜ਼ੀਅਮ ਦਾ ਉਦਘਾਟਨ ਕਰਦਿਆਂ ਮਹਾਨ ਆਜ਼ਾਦੀ ਘੁਲਾਟੀਏ ਵੱਲੋਂ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿੱਚ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕੀਤਾ।ਕਟਾਰੀਆ ਨੇ ਲਾਲਾ ਲਾਜਪਤ ਰਾਏ ਨਾਲ ਸਬੰਧਤ ਇਸ ਸੰਸਥਾ ਨੂੰ ਇਤਿਹਾਸਕ ਦੱਸਦਿਆਂ ਕਿਹਾ ਕਿ ਮਿਊਜ਼ੀਅਮ ਦੀ ਸਥਾਪਨਾ ਇਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨੌਜਵਾਨ ਪੀੜ੍ਹੀ ਨੂੰ ਨਾ ਸਿਰਫ਼ ਮਹਾਨ ਸੁਤੰਤਰਤਾ ਸੰਗਰਾਮੀ ਦੇ ਜੀਵਨ, ਆਦਰਸ਼ਾਂ, ਆਜ਼ਾਦੀ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਬਾਰੇ ਜਾਨਣ ਦਾ ਮੌਕਾ ਮਿਲੇਗਾ ਸਗੋਂ ਉਨ੍ਹਾਂ ਨੂੰ ਆਪਣੇ ਇਤਿਹਾਸ ਨਾਲ ਜੁੜਨ ਅਤੇ ਦੇਸ਼ ਦੀ ਤਰੱਕੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਪ੍ਰੇਰਨਾ ਵੀ ਮਿਲੇਗੀ। ਮਿਊਜ਼ੀਅਮ ਵਿੱਚ ਲਾਲਾ ਲਾਜਪਤ ਰਾਏ ਦੇ ਜੀਵਨ ਨਾਲ ਸਬੰਧਤ ਵੱਖ-ਵੱਖ ਤਸਵੀਰਾਂ, ਦਸਤਾਵੇਜ਼ ਆਦਿ ਰੱਖੇ ਗਏ ਹਨ, ਜੋ ਉਨ੍ਹਾਂ ਦੇ ਸੰਘਰਸ਼ ਅਤੇ ਪ੍ਰੇਰਨਾਤਮਕ ਜੀਵਨ ਦੀ ਝਲਕ ਪੇਸ਼ ਕਰਦੇ ਹਨ।ਉਦਘਾਟਨ ਤੋਂ ਪਹਿਲਾਂ ਰਾਜਪਾਲ ਪੰਜਾਬ ਵੱਲੋਂ ਲਾਲਾ ਲਾਜਪਤ ਰਾਏ ਦੀ ਪ੍ਰਤਿਮਾ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਉਪਰੰਤ ਕਟਾਰੀਆ ਨੇ ਲਾਲਾ ਲਾਜਪਤ ਰਾਏ ਇੰਸਟੀਚਿਊਟ ਆਫ਼ ਨਰਸਿੰਗ ਐਜੂਕੇਸ਼ਨ ਵਿਖੇ ਸਿਖਿਆਰਥੀਆਂ ਦੇ ਰੂ-ਬਰੂ ਹੁੰਦਿਆਂ ਉਨ੍ਹਾਂ ਨੂੰ ਜੀਵਨ ਵਿੱਚ ਅੱਗੇ ਵਧਣ ਲਈ ਆਪਣੇ ਆਪ ਨੂੰ ਉਸਾਰੂ ਅਤੇ ਸਿਰਜਣਾਤਮਕ ਗਤੀਵਿਧੀਆਂ ਵਿੱਚ ਰੁਝੇ ਰੱਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਿਖਿਆਰਥੀਆਂ ਨੂੰ ਹਮੇਸ਼ਾ ਸਿਹਤਮੰਦ, ਖੁਸ਼ ਅਤੇ ਸਕਾਰਾਤਮਕ ਰਹਿਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਪ੍ਰਿੰਸੀਪਲ ਸਕੱਤਰ ਟੂ ਗਵਰਨਰ ਵਿਵੇਕ ਪ੍ਰਤਾਪ ਸਿੰਘ, ਐੱਸ ਡੀ ਐੱਮ. ਰਣਦੀਪ ਸਿੰਘ ਹੀਰ, ਗੁਲਾਬ ਦੇਵੀ ਟਰੱਸਟ ਦੇ ਸਕੱਤਰ ਡਾ. ਰਾਜੇਸ਼ ਪਸਰੀਚਾ, ਟਰੱਸਟ ਦੇ ਸੀ.ਈ.ਓ. ਡਾ. ਉਰਵਸ਼ੀ ਅਰੋੜਾ, ਟਰੱਸਟੀ ਕੁਮਾਰ ਰਾਜਨ, ਟਰੱਸਟ ਦੇ ਕਾਰਜਕਾਰੀ ਮੈਂਬਰ ਦੀਪਕ ਚੁੱਘ, ਡਾ. ਇੰਦਰਪਾਲ ਸਿੰਘ, ਡਾਇਰੈਕਟਰ ਆਫ਼ ਕਾਲਜਿਜ਼ ਸ਼ਿਵ ਮੋਦਗਿੱਲ ਆਦਿ ਵੀ ਮੌਜੂਦ ਸਨ।



# ਚੱਬੇਵਾਲ ਨੇ 'ਆਪ' ਉਮੀਦਵਾਰਾਂ ਲਈ ਕੀਤਾ ਚੋਣ ਪ੍ਰਚਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਕਮੇਟੀ ਚੋਣਾਂ ਲਈ ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਚੋਣ ਪ੍ਰਚਾਰ ਤੇਜ਼ ਹੋ ਰਿਹਾ ਹੈ। ਇਸ ਸੰਦਰਭ ਵਿੱਚ, ਹੁਸ਼ਿਆਰਪੁਰ ਦੇ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਲਈ ਸਮਰਥਨ ਪ੍ਰਾਪਤ ਕਰਨ ਲਈ ਇਲਾਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਡੀ.ਐਸ. ਢਾਬਾ ਵਿਖੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ। ਇਸ ਤੋਂ ਬਾਅਦ ਹੰਦੋਵਾਲ ਪਿੰਡ ਦੇ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਦੀਆਂ ਵਿਕਾਸ-ਮੁਖੀ ਨੀਤੀਆਂ ਦਾ ਵੇਰਵਾ ਦਿੱਤਾ। ਸੰਸਦ ਮੈਂਬਰ ਨੇ ਬਾੜੀਆਂ ਕਲਾਂ ਵਿੱਚ ਵੀ ਜ਼ੋਰਦਾਰ ਚੋਣ ਪ੍ਰਚਾਰ ਕੀਤਾ, ਜਿੱਥੇ ਲੋਕਾਂ ਨੇ ਉਨ੍ਹਾਂ ਦਾ ਉਤਸ਼ਾਹ ਨਾਲ ਸਵਾਗਤ ਕੀਤਾ। ਸੰਸਦ ਮੈਂਬਰ ਡਾ. ਰਾਜਕੁਮਾਰ ਨੇ ਕਿਹਾ, ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਕਮੇਟੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਗ੍ਰਾਮ ਪੰਚਾਇਤਾਂ ਨੂੰ ਸਸ਼ਕਤ ਬਣਾਉਣ ਅਤੇ ਸਥਾਨਕ ਵਿਕਾਸ ਯਤਨਾਂ ਨੂੰ ਤੇਜ਼ ਕਰਨ ਲਈ ਬਹੁਤ ਮਹੱਤਵਪੂਰਨ ਹੈ। ਪ੍ਰਚਾਰ ਦੌਰਾਨ, ਡਾ. ਰਾਜ ਨੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨਾਲ ਮਿਲ ਕੇ ਬੱਡੋਂ ਵਿੱਚ ਪਿੰਡ ਵਾਸੀਆਂ ਨੂੰ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਚੱਬੇਵਾਲ ਖੇਤਰ ਵਿੱਚ ਸੜਕ ਨਿਰਮਾਣ, ਸਕੂਲ ਵਿਕਾਸ, ਬਿਜਲੀ ਅਤੇ ਪਾਣੀ ਦੀ ਉਪਲਬਧਤਾ ਅਤੇ ਸਿਹਤ ਸੇਵਾਵਾਂ ਨੂੰ ਮਜ਼ਬੂਤ ? ?ਕਰਨਾ ਇਹ ਸਾਰੇ ਕੰਮ ਤੇਜ਼ੀ ਨਾਲ ਹੋ ਰਹੇ ਹਨ ।



## ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ

**ਕਾਲਾ ਸੰਘਿਆਂ (ਮਨਜੀਤ ਮਾਨ)-** ਸਥਾਨਕ ਕਸਬੇ 'ਚ ਬਾਬਾ ਨੰਦ ਚੰਦ ਸ਼ਮਸ਼ਾਨਘਾਟ ਵਿਖੇ ਇੱਕ ਅਣਪਛਾਤੀ ਮ੍ਰਿਤਕ ਦੇਹ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁ ਲਸ ਚੌਂਕੀ ਕਾਲਾ ਸੰਘਿਆਂ ਦੇ ਇੰਚਾਰਜ ਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇਹ ਨੂੰ 24 ਘੰਟਿਆਂ ਲਈ ਵਾਰਸਾਂ ਦੀ ਉਡੀਕ ਕਰਨ ਹਿੱਤ ਮ੍ਰਿਤਕ ਦੇਹ ਸੰਭਾਲ ਘਰ ਕਾਲਾ ਸੰਘਿਆਂ ਵਿੱਚ ਰੱਖਿਆ ਗਿਆ ਹੈ, ਜਿਸਦੇ ਡੱਬੀਆਂ ਵਾਲੀ ਮੋਟੀ ਕਮੀਜ, ਸਿਰ ਤੇ ਡੱਬੀਆਂ ਵਾਲਾ ਪਰਨਾ, ਅੱਧ ਚਿੱਟੀ ਦਾੜੀ ਹੈ। ਇਕੱਤਰ ਜਾਣਕਾਰੀ ਮੁਤਾਬਿਕ ਉਕਤ ਵਿਅਕਤੀ ਸ਼ਰਾਬ ਦੇ ਸੇਵਨ ਦਾ ਆਦੀ ਸੀ ਅਤੇ ਪਿਛਲੇ ਕੁਝ ਸਮੇਂ ਤੋਂ ਬਾਬਾ ਨੰਦ ਚੰਦ ਸ਼ਮਸ਼ਾਨਘਾਟ ਵਿਖੇ ਰਹਿ ਰਿਹਾ ਸੀ ਤੇ ਜਿਆਦਾ ਠੰਡ ਇਸ ਦੀ ਮੌਤ ਦਾ ਕਾਰਨ ਬਣੀ ਦੱਸੀ ਜਾ ਰਹੀ ਹੈ।

# ਮਨਪ੍ਰੀਤ ਕੌਰ ਤੇ ਨਿਰਮਲ ਸਿੰਘ ਨੂੰ ਵੋਟਰਾਂ ਦਾ ਭਰਵਾਂ ਹੁੰਗਾਰਾ



**ਸ਼ਾਹਕੋਟ (ਗਿਆਨ ਸੈਦਪੁਰੀ)-** ਕਾਂਗਰਸ ਪਾਰਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਨੰਬਰ 11 ਢੰਡੋਵਾਲ ਤੋਂ ਚੋਣ ਲੜ ਰਹੇ ਮਨਪ੍ਰੀਤ ਕੌਰ ਪਤਨੀ ਅਮਰਜੀਤ ਸਿੰਘ ਸਾਬਕਾ ਸਰਪੰਚ ਹਾਜੀਪੁਰ ਅਤੇ ਬਲਾਕ ਸੰਮਤੀ ਜ਼ੋਨ ਨੰਬਰ 11 ਸੈਦਪੁਰ ਝਿੜੀ ਤੋਂ ਚੋਣ ਲੜ ਰਹੇ ਨਿਰਮਲ ਸਿੰਘ ਸਾਬਕਾ ਸਰਪੰਚ ਸਲੈਚਾਂ ਦਾ ਚੋਣ ਪ੍ਰਚਾਰ ਜ਼ੋਰ ਫੜਦਾ ਜਾ ਰਿਹਾ। ਮੰਗਲਵਾਰ ਨੂੰ ਦੋਹਾਂ ਉਮੀਦਵਾਰਾਂ ਅਤੇ ਉਨਾਂ ਦੇ ਸਮਰਥਕਾਂ ਨੇ ਵੱਖ-ਵੱਖ ਪਿੰਡਾਂ ਦੇ ਘਰੋ ਘਰੀ ਜਾ ਕੇ ਵੋਟਾਂ ਮੰਗੀਆਂ। ਪਰਵਾਰਾਂ ਨੇ ਉਨਾਂ ਦਾ ਸਵਾਗਤ ਕੀਤਾ ਤੇ ਜਿਤਾਉਣ ਦਾ ਭਰੋਸਾ ਦਿੱਤਾ। ਇਸੇ ਸਿਲਸਿਲੇ ਤਹਿਤ ਪਿੰਡ ਸੈਦਪੁਰ ਝਿੜੀ ਦੇ ਨੌਜਵਾਨ ਸਰਪੰਚ ਤਰਸੇਮ ਸਿੰਘ ਧੰਜੂ ਦੀ ਅਗਵਾਈ ਵਿੱਚ ਪਿੰਡ ਸੈਦਪੁਰ ਵਿੱਚ ਘਰੋ ਘਰੀ ਜਾ ਕੇ ਚੋਣ ਪ੍ਰਚਾਰ ਕੀਤਾ ਗਿਆ। ਇਸ ਮੌਕੇ ਉਮੀਦਵਾਰਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਲੰਬੜ ਸਾਬਕਾ ਬਲਾਕ ਸੰਮਤੀ ਮੈਂਬਰ, ਸਾਬਕਾ ਸਰਪੰਚ ਸਲੈਚਾਂ ਬਲਦੇਵ ਸਿੰਘ, ਸਵਰਨ ਸਿੰਘ, ਪ੍ਰੀਤਮ ਸਿੰਘ ਸਾਬਕਾ ਸਰਪੰਚ, ਅਮਰਜੀਤ ਸਿੰਘ ਸਾਬਕਾ ਸਰਪੰਚ, ਰਾਕੇਸ਼ ਭੱਟੀ, ਪਰਮਜੀਤ ਮਿੱਡਾ ਨੰਬਰਦਾਰ, ਵਿਜੇ ਕੁਮਾਰ ਪੰਚ ਸੈਦਪੁਰ, ਰਣਜੀਤ ਕੁਮਾਰ, ਸ਼ਾਮ ਲਾਲ ਸਾਬਕਾ ਪੰਚ, ਅਮਰੀਕ ਸਿੰਘ ਸਾਬਕਾ ਪੰਚ ਅਤੇ ਨਿੱਕੂ ਧੰਜੂ ਆਦ ਮੌਜੂਦ ਸਨ।

# ਗੁਰੂ ਕੀ ਰਸੋਈ ਵਿਖੇ ਡਾ. ਪਰਮਿੰਦਰ ਸੂਦ ਨੇ ਜਨਮ ਦਿਨ ਮਨਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਪਿੰਡ ਖੈਰੜ ਅੱਛਰਵਾਲ ਗੁਰੂ ਕੀ ਰਸੋਈ ਵਿਖੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਨੇ ਆਪਣਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਨੇ ਗੁਰੂ ਕੀ ਰਸੋਈ ਪ੍ਰੋਜੈਕਟ ਦੇ ਬੇਸਹਾਰਾ ਬਜ਼ੁਰਗ, ਲਚਾਰ ਅਤੇ ਅੰਗਹੀਣ ਨਾਲ ਆਪਣਾ ਜਨਮ ਦਿਨ ਮਨਾਇਆ ਅਤੇ ਕੇਕ ਕੱਟ ਕੇ ਉਨ੍ਹਾਂ ਨਾਲ ਖ਼ੁਸ਼ੀ ਸਾਂਝੀ ਕੀਤੀ।ਇਸ ਮੌਕੇ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਕਾਫੀ ਲੰਮੇ ਸਮੇਂ ਤੋਂ ਗੁਰੂ ਕੀ ਰਸੋਈ ਇਲਾਕੇ ਵਿੱਚ ਜਾ ਕੇ ਟਿਫਨ ਦੀ ਸੇਵਾ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਗੁਰੂ ਕੀ ਰਸੋਈ ਅਸਥਾਨ ਤੇ ਅਨਾਥ, ਬੇਸਹਾਰਾ, ਬਜ਼ੁਰਗ, ਬੱਚਿਆਂ ਦੀ ਸੇਵਾ ਸੰਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਸੇਵਾ ਸਮੂਹ ਨਗਰ ਨਿਵਾਸੀ, ਐੱਨ ਆਰ ਆਈ ਤੇ ਇਲਾਕੇ ਦੇ ਸਹਿਯੋਗ ਨਾਲ ਦਿਨ ਰਾਤ ਸੇਵਾ ਕੀਤੀ ਜਾ ਰਹੀ ਹੈ। ਇਸ ਮੌਕੇ ਸੰਸਥਾਂ ਦੇ ਮੁੱਖੀ ਕੁਲਵੰਤ ਸਿੰਘ ਨੇ ਡਾ. ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਦਾ ਆਪਣਾ ਜਨਮ ਦਿਨ ਗੁਰੂ ਕੀ ਰਸੋਈ ਮਨਾਉਣ 'ਤੇ ਧੰਨਵਾਦ ਕੀਤਾ।ਇਸ ਮੌਕੇ ਮੁੱਖ ਪ੍ਰਬੰਧਕ ਕੁਲਵੰਤ ਸਿੰਘ, ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ, ਡਾਕਟਰ ਗਗਨਦੀਪ ਸਿੰਘ ਗੋਧਾਲੀਆ, ਜਸਕਮਲਜੀਤ ਸਿੰਘ, ਪਵਨਪ੍ਰੀਤ ਸਿੰਘ, ਰਘਬੀਰ ਸਿੰਘ ਲਾਲਪੁਰ, ਹਰਭਜਨ ਸਿੰਘ ਲਾਲਪੁਰ, ਮੇਜਰ ਸਿੰਘ ਲਖਸੀਆ ਸਿਮਰਨਜੀਤ ਸਿੰਘ, ਪਰਮਿੰਦਰ ਸਿੰਘ, ਬਲਵੰਤ ਸਿੰਘ, ਦਵਿੰਦਰ ਸਿੰਘ ਹੈਪੀ ਡਾਂਡੀਆਂ, ਪਰਮਜੀਤ ਸਿੰਘ ਪੰਮਾ ਡਾਂਡੀਆਂ, ਕਰਨਦੀਪ ਸਿੰਘ, ਬਲਜੀਤ ਸਿੰਘ, ਕੁਲਵੰਤ ਸਿੰਘ ਸਤਪਾਲ ਸਿੰਘ ਸਰਹਾਲਾ ਕਲਾ ਆਦਿ ਹਾਜ਼ਰ ਸਨ।



# ਬਸਪਾ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦਾ ਦਿੱਤਾ ਭਰੋਸਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-** ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਸੰਮਤੀ ਮੈਂਬਰ ਲਿੱਤਰਾਂ ਜ਼ੋਨ 7 ਦੇ ਉਮੀਦਵਾਰ ਪੁਸ਼ਪਾ ਰਾਣੀ ਸਾਬਕਾ ਸਰਪੰਚ ਪਿੰਡ ਸਿੱਧਵਾਂ ਸਟੇਸ਼ਨ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਕੌਰ ਸਾਬਕਾ ਸਰਪੰਚ ਪਿੰਡ ਸੰਘੇ ਜਗੀਰ ਬਹੁਜਨ ਸਮਾਜ ਪਾਰਟੀ ਕਾਂਗਰਸ ਪਾਰਟੀ ਦੇ ਸਾਂਝੇ ਉਮੀਦਵਾਰਾਂ ਨੂੰ ਮਲਕੀਤ ਚੁੰਬਰ ਸਾਬਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਪਿੰਡ ਨਵਾਂ ਪਿੰਡ ਸ਼ੌਂਕੀਆ ਦੇ ਨਿਵਾਸੀਆਂ ਵੱਲੋਂ ਭਾਰੀ ਸਮੱਰਥਨ ਨਾਲ ਜਿਤਾਉਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਬੀਬੀਆਂ ਭਾਰੀ ਗਿਣਤੀ ਵਿੱਚ ਹਾਜ਼ਰ ਸਨ ਪਿੰਡ ਨਿਵਾਸੀ ਅਤੇ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਦੇ ਵਰਕਰ ਮੌਜੂਦ ਸਨ।

# ਡੇਂਗੂ ਕਾਰਣ ਹੋਇਆ ਗੁਇਲੇਨ-ਬੈਰੇ ਸਿੰਡਰੋਮ, ਇਲਾਜ ਤੋਂ ਮਰੀਜ਼ ਨੂੰ ਮਿਲੀ ਨਵੀਂ ਜ਼ਿੰਦਗੀ

**ਮੋਹਾਲੀ (ਗੁਰਜੀਤ ਬਿੱਲਾ)-** ਡੇਂਗੂ ਬੁਖਾਰ ਤੋਂ ਠੀਕ ਹੋਣ ਤੋਂ ਤੁਰੰਤ ਬਾਅਦ ਇੱਕ 65 ਸਾਲਾ ਮਰੀਜ਼ ਵਿੱਚ ਅਚਾਨਕ ਕਮਜ਼ੋਰੀ ਪੈਦਾ ਕਰਨ ਵਾਲੇ ਗੁਇਲੇਨ-ਬੈਰੇ ਸਿੰਡਰੋਮ (ਜੀ ਬੀ ਐੱਸ) ਦਾ ਇੱਕ ਗੁੰਝਲਦਾਰ ਤੇ ਸੰਭਾਵਤ ਤੌਰ 'ਤੇ ਜਾਨਲੇਵਾ ਕੇਸ ਦਾ ਹਾਲ ਹੀ ਵਿੱਚ ਲਿਵਾਸਾ ਹਸਪਤਾਲ ਵਿਖੇ ਸਫਲਤਾਪੂਰਵਕ ਇਲਾਜ ਕੀਤਾ ਗਿਆ। ਜੀ ਬੀ ਐੱਸ ਇੱਕ ਦੁਰਲੱਭ ਨਿਊਰੋਲੋਜੀਕਲ ਵਿਕਾਰ ਹੈ ਜਿਸ ਵਿੱਚ ਸਰੀਰ ਦੀ ਇਮਿਊਨ ਸਿਸਟਮ ਪੈਰੀਫਿਰਲ ਨਸਾਂ 'ਤੇ ਹਮਲਾ ਕਰਦੀ ਹੈ, ਜੇ ਤੁਰੰਤ ਇਲਾਜ ਨਾ ਕੀਤਾ ਜਾਵੇ ਤਾਂ ਅਕਸਰ ਅਧਰੰਗ ਹੋ ਜਾਂਦਾ ਹੈ। ਡੇਂਗੂ ਠੀਕ ਹੋਣ 'ਤੇ ਬਾਅਦ, ਮਰੀਜ਼ ਨੂੰ ਤੁਰਨ ਵਿੱਚ ਮੁਸ਼ਕਲ, ਤੇਜ਼ੀ ਨਾਲ ਵਧ ਰਹੀ ਅੰਗਾਂ ਦੀ ਕਮਜ਼ੋਰੀ, ਚਿਹਰੇ ਦੀ ਕਮਜ਼ੋਰੀ ਅਤੇ 2-3 ਦਿਨਾਂ ਵਿੱਚ ਲੱਛਣਾਂ ਦੇ ਨਾਲ ਲਿਵਾਸਾ ਲਿਆਂਦਾ ਗਿਆ ਸੀ। ਕਲੀਨਿਕਲ ਪੜਤਾਲ ਦੇ ਅਧਾਰ ਤੇ, ਲਿਵਾਸਾ ਨਿਊਰੋਲੋਜੀ ਟੀਮ ਨੇ ਗੁਇਲੇਨ-ਬੈਰੇ ਸਿੰਡਰੋਮ 'ਤੇ ਸ਼ੱਕ ਕੀਤਾ, ਜਿਸ ਦੀ ਪੁਸ਼ਟੀ ਇੱਕ ਨਸਾਂ ਦੇ ਸੰਚਾਲਨ ਅਧਿਐਨ ਦੁਆਰਾ ਕੀਤੀ ਗਈ ਸੀ। ਲਿਵਾਸਾ ਹਸਪਤਾਲ ਦੇ ਨਿਊਰੋਲੋਜਿਸਟ ਡਾ. ਨਿਤਿਕਾ ਮਹਾਜਨ ਦੀ ਨਿਗਰਾਨੀ ਹੇਠ, ਮਰੀਜ਼ ਨੂੰ ਤੁਰੰਤ ਨਾੜੀ ਵਿੱਚ ਇਮਿਊਨ ਗਲੋਬੂਲਿਨ (ਆਈ ਵੀ ਆਈ ਜੀ) ਥੈਰੇਪੀ ਦਿੱਤੀ ਗਈ, ਜੋ ਕਿ ਜੀ ਬੀ ਐੱਸ ਲਈ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਇਲਾਜ ਹੈ। ਇਲਾਜ ਦੇ 10 ਦਿਨਾਂ ਦੇ ਅੰਦਰ, ਮਰੀਜ਼ ਵਿੱਚ ਸੁਧਾਰ ਹੋਇਆ, ਉਹ ਸੋਟੀ ਦੀ ਮਦਦ ਨਾਲ ਤੁਰਨ ਦੇ ਯੋਗ ਸੀ। ਇੱਕ ਮਹੀਨੇ ਵਿੱਚ ਉਹ ਬਿਨਾਂ ਕਿਸੇ ਅੰਗ ਜਾਂ ਚਿਹਰੇ ਦੀ ਕਮਜ਼ੋਰੀ ਦੇ ਪੂਰੀ ਤਰ੍ਹਾਂ ਠੀਕ ਹੋ ਗਿਆ।



# ਇਕਬਾਲ ਸਿੰਘ ਗੋਪੀ ਤੇ ਕੁਲਵੰਤ ਸਿੰਘ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਜੋਨ ਜਹਾਨਖੇਲਾਂ ਲਈ ਉਮੀਦਵਾਰ ਇਕਬਾਲ ਸਿੰਘ ਗੋਪੀ ਅਤੇ ਕੁਲਵੰਤ ਸਿੰਘ ਦੇ ਹੱਕ ਵਿੱਚ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸਰਦਾਰ ਜਤਿੰਦਰ ਸਿੰਘ ਲਾਲੀ ਬਾਜਵਾ ਅਤੇ ਸੰਜੀਵ ਤਲਵਾੜ ਵੱਲੋਂ ਸਾਥੀਆਂ ਸਮੇਤ ਚੋਣ ਪ੍ਰਚਾਰ ਦੌਰਾਨ ਪਿੰਡ ਅਨੰਦਗੜ੍ਹ, ਖੜਕਾਂ, ਚੱਕ ਸਾਧੂ ਵਿਚ ਕੀਤਾ। ਇਸ ਦੌਰਾਨ ਸਰਦਾਰ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਅਨੰਦਗੜ੍ਹ ਵਿਖੇ ਮੋਹਨ ਲਾਲ ਨਾਲ ਮਿਲ ਕੇ ਸਰਪੰਚ ਸਤਪਾਲ ਮਿੰਟੂ ਨੂੰ ਨਾਲ ਲੈਕੇ ਘਰ ਘਰ ਚੋਣ ਪ੍ਰਚਾਰ ਕੀਤਾ। ਲੋਕਾਂ ਦਾ ਅਕਾਲੀ ਦਲ ਪ੍ਰਤੀ ਰੁਝਾਨ ਦੱਸ ਰਿਹਾ ਹੈ ਕਿ ਆਉਣ ਵਾਲਾ ਸਮਾਂ ਸਿਰਫ ਤੇ ਸਿਰਫ ਅਕਾਲੀ ਦਲ ਦਾ ਹੋਵੇਗਾ।ਇਸ ਮੌਕੇ ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਕੁਲਦੀਪ ਸਿੰਘ ਬੱਬੂ ਬਜਵਾੜਾ, ਜਗਤਾਰ ਸਿੰਘ ਬਜਵਾੜਾ, ਕੁਲਵੰਤ ਸਿੰਘ, ਇਕਬਾਲ ਸਿੰਘ ਗੋਪੀ,ਜਸਵੀਰ ਸਿੰਘ ਵਗੈਰਾ ਹਾਜ਼ਿਰ ਸਨ।

## ਐੱਸ ਐੱਚ ਓ ਨੇ ਚਾਰਜ ਸੰਭਾਲਿਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਪੁਲਸ ਥਾਣਾ ਮੇਹਟੀਆਣਾ ਦੇ ਨਵੇਂ ਆਏ ਐਸ ਐਚ ਓ ਇੰਸਪੈਕਟਰ ਰਾਜਿੰਦਰ ਸਿੰਘ ਨੇ ਪੁਲਸ ਥਾਣਾ ਮੇਹਟੀਆਣੇ ਦਾ ਕਾਰਜਭਾਗ ਸੰਭਾਲਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪਹਿਲਾ ਕੰਮ ਇਲਾਕੇ ਵਿਚੋਂ ਨਸ਼ੇ ਦੇ ਸੁਦਾਗਰਾਂ ਨੂੰ ਨੱਥ ਪਾਉਣਾ ਹੋਵੇਗਾ। ਨਸ਼ੇ ਦੇ ਸੁਦਾਗਰਾਂ ਨੂੰ ਵਾਰਨਿੰਗ ਦਿੰਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਇਲਾਕੇ 'ਚ ਨਜਾਇਜ਼ ਨਸ਼ਾ ਨਹੀਂ ਵੇਚਣ ਦੇਣਗੇ ਅਤੇ ਲੁੱਟ ਖੋਹ ਕਰਨ ਵਾਲੇ ਅਨਸਰਾਂ ਨੂੰ ਵੀ ਤਾੜਨਾ ਕੀਤੀ ਕਿ ਉਹ ਗਲਤ ਕੰਮਾਂ ਤੋਂ ਗੁਰੇਜ਼ ਕਰਨ ਨਹੀਂ ਤਾਂ ਉਨ੍ਹਾਂ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਬਿਜਲੀ, ਸੀਡ ਬਿੱਲ ਤੇ 4 ਲੇਬਰ ਕੋਰਡ ਦੀਆਂ ਕਾਪੀਆਂ ਸਾੜੀਆਂ

**ਮਹਿਤਪੁਰ (ਰਾਜਾ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਬਿਜਲੀ ਤੇ ਸੀਡ ਬਿੱਲ 2025 ਅਤੇ 4 ਲੇਬਰ ਕੋਰਡ ਦੀਆਂ ਕਾਪੀਆਂ ਸਾੜਨ ਦੇ ਦਿੱਤੇ ਪ੍ਰੋਗਰਾਮ ਤਹਿਤ ਮੰਡਲ ਦਫਤਰ ਪਾਵਰਕਾਮ ਮਹਿਤਪੁਰ ਦੇ ਗੇਟ ਅੱਗੇ ਕਿਸਾਨ ਮਜਦੂਰ ਜਥੇਬੰਦੀਆਂ ਆਲ ਇੰਡੀਆ ਕਿਸਾਨ ਸਭਾ ਦੇ ਆਗੂ ਸੰਦੀਪ ਅਰੋੜਾ, ਦਿਲਬਾਗ ਸਿੰਘ ਚੰਦੀ, ਮਨਦੀਪ ਸਿੱਧੂ, ਜਮਹੂਰੀ ਕਿਸਾਨ ਸਭਾ ਦੇ ਮੇਜਰ ਸਿੰਘ ਖੁਰਲਾਪੁਰ, ਭਾਰਤੀ ਕਿਸਾਨ ਯੂਨੀਅਨ ਖਹਿਰਾ ਦੇ ਕੇਵਲ ਸਿੰਘ ਖਹਿਰਾ, ਜਸਵੰਤ ਸਿੰਘ ਲੋਹਗੜ੍ਹ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸਤਨਾਮ ਸਿੰਘ ਲੋਹਗੜ੍ਹ, ਰਮਨਜੀਤ ਸਿੰਘ ਸਮਰਾ ਅਤੇ ਭੱਠਾ ਵਰਕਰ ਯੂਨੀਅਨ ਦੇ ਸੁਨੀਲ ਕੁਮਾਰ ਦੀ ਪ੍ਰਧਾਨਗੀ ਹੇਠ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕਰਨ ਤੋਂ ਬਾਅਦ ਪਾਵਰਕਾਮ ਦਫਤਰ ਮੂਹਰੇ ਰੋਡ ਉਪਰ ਅਤੇ ਬਿਜਲੀ ਬਿੱਲ 2025 ਅਤੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਪੰਜਾਬ ਦੇ ਲੋਕ ਕਿਸੇ ਵੀ ਕੀਮਤ ਤੇ ਇਹ ਬਿੱਲ ਲਾਗੂ ਨਹੀਂ ਹੋਣ ਦੇਣਗੇ। ਉਹਨਾਂ ਕਿਹਾ ਕਿ ਕਿਸੇ ਵੀ ਕੀਮਤ ਤੇ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ। ਉਹਨਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਲੇਬਰ ਕੋਡ ਦੇ ਕਾਲੇ ਕਾਨੂੰਨ ਬਿਜਲੀ ਸੋਧ ਬਿੱਲ 2025 ਰੱਦ ਨਾ ਕੀਤੇ ਤਾਂ ਸੰਘਰਸ਼ ਹੋਰ ਵੀ ਤਿੱਖਾ ਵਿੱਢਿਆ ਜਾਵੇਗਾ, ਉਹਨਾਂ ਨੇ ਕਿਹਾ ਕਿ ਸਰਕਾਰਾਂ ਕਿਸਾਨਾਂ, ਮਜ਼ਦੂਰਾਂ ਦਾ 2027 ਦੀਆਂ ਵੋਟਾਂ ਵਿੱਚ ਸਾਹਮਣਾ ਕਰਨ ਲਈ ਤਿਆਰ ਰਹਿਣ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਰਜਿੰਦਰ ਸਿੰਘ ਮੰਡ, ਮਜਦੂਰ ਆਗੂ ਕਸ਼ਮੀਰ ਮੰਡਿਆਲਾ, ਇਸਤਰੀ ਜਾਗ੍ਰਿਤੀ ਮੰਚ ਦੇ ਆਗੂ ਅਨੀਤਾ ਸੰਧੂ, ਰਮੇਸ਼ ਸਿੰਘ ਮਾਨ, ਗੁਰਬਾਜ਼ ਸਿੰਘ, ਅਵਤਾਰ ਸਿੰਘ ਤਾਰੀ, ਸਤਨਾਮ ਸਿੰਘ ਬਿੱਲੇ, ਗੁਰਜੰਟ ਸਿੰਘ ਕਮਲਪ੍ਰੀਤ ਸਿੰਘ ਤੇ ਸੁਖਚੈਨ ਸਿੰਘ ਆਦਿ ਨੇ ਸੰਬੋਧਨ ਕੀਤਾ।



# ਰਿਆਤ ਬਾਹਰਾ 'ਚ ਵਿਸ਼ਵ ਏਡਜ਼ ਦਿਵਸ 'ਤੇ ਜਾਗਰੂਕਤਾ ਪ੍ਰੋਗਰਾਮ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਰਿਆਤ ਬਾਹਰਾ ਕਾਲਜ ਆਫ਼ ਨਰਸਿੰਗ ਨੇ ਵਿਸ਼ਵ ਏਡਜ਼ ਦਿਵਸ ਮਨਾਉਣ ਲਈ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ। ਜਾਣਕਾਰੀ ਦਿੰਦੇ ਹੋਏ, ਕਾਲਜ ਪ੍ਰਿੰਸੀਪਲ ਡਾ. ਮੀਨਾਕਸ਼ੀ ਚੰਦ ਨੇ ਦੱਸਿਆ ਕਿ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਭਾਈਚਾਰੇ ਵਿੱਚ ਐੱਚਆਈਵੀ/ਏਡਜ਼ ਬਾਰੇ ਜਾਗਰੂਕਤਾ ਪੈਦਾ ਕਰਨਾ, ਗਲਤ ਧਾਰਨਾਵਾਂ ਨੂੰ ਦੂਰ ਕਰਨਾ ਅਤੇ ਸੁਰੱਖਿਅਤ ਵਿਵਹਾਰ ਅਤੇ ਨਿਯਮਤ ਜਾਂਚ ਦੀ ਮਹੱਤਤਾ ਤੇ ਜ਼ੋਰ ਦੇਣਾ ਸੀ। ਪ੍ਰੋਗਰਾਮ ਦੇ ਹਿੱਸੇ ਵਜੋਂ ਰੈੱਡ ਰਿਬਨ ਕਲੱਬ ਦੇ ਸਹਿਯੋਗ ਨਾਲ ਇੱਕ ਪੋਸਟਰ ਬਣਾਉਣ ਦਾ ਮੁਕਾਬਲਾ ਆਯੋਜਿਤ ਕੀਤਾ ਗਿਆ। ਵਿਦਿਆਰਥੀਆਂ ਨੇ ਐੱਚ ਆਈ ਵੀ ਰੋਕਥਾਮ, ਮਿੱਥਾਂ ਅਤੇ ਤੱਥਾਂ, ਨੌਜਵਾਨਾਂ ਦੀ ਭਾਗੀਦਾਰੀ ਅਤੇ ਰੈੱਡ ਰਿਬਨ ਦੀ ਸਮਾਜਿਕ ਮਹੱਤਤਾ ਵਰਗੇ ਵਿਸ਼ਿਆਂ 'ਤੇ ਆਕਰਸ਼ਕ ਅਤੇ ਜਾਣਕਾਰੀ ਭਰਪੂਰ ਪੋਸਟਰ ਪ੍ਰਦਰਸ਼ਿਤ ਕੀਤੇ। ਜਪਨੀਤ ਨੇ ਪਹਿਲਾ, ਰੇਣੂ ਨੇ ਦੂਜਾ ਅਤੇ ਭੂਮੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਬਾਅਦ ਵਿਦਿਆਰਥੀਆਂ ਨੇ ਕੈਂਪਸ ਵਿੱਚ ਇੱਕ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ, ਜਿਸ ਵਿੱਚ 'ਏਡਜ਼ ਰੋਕੋ, ਵਾਅਦਾ ਰੱਖੋ', 'ਏਡਜ਼ ਨਹੀਂ ਏਡਜ਼ ਨਹੀਂ', ਤੇ 'ਜਾਗਰੂਕਤਾ ਰੋਕਥਾਮ ਦਾ ਪਹਿਲਾ ਕਦਮ ਹੈ' ਵਰਗੇ ਨਾਅਰੇ ਲਗਾਏ ਗਏ, ਜੋ ਕਿ ਏਡਜ਼ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਦੇ ਹਨ। ਰੈਲੀ ਤੋਂ ਬਾਅਦ, ਵਿਦਿਆਰਥੀਆਂ ਨੇ ਇੱਕ ਮਨੁੱਖੀ ਲੜੀ ਬਣਾਈ ਅਤੇ ਏਡਜ਼ ਵਿਰੁੱਧ ਏਕਤਾ ਅਤੇ ਸੰਵੇਦਨਸ਼ੀਲਤਾ ਦਾ ਸੰਦੇਸ਼ ਦੇਣ ਵਾਲਾ ਲਾਲ ਰਿਬਨ ਦਾ ਪ੍ਰਤੀਕ ਪੇਸ਼ ਕੀਤਾ। ਇਸ ਮੌਕੇ ਪ੍ਰੋ. ਕੰਚਨ, ਪ੍ਰੋ. ਸ਼ਿਵਾਲੀ, ਪ੍ਰੋ. ਰਿਤਿਕਾ ਸ਼ਰਮਾ ਅਤੇ ਕਾਲਜ ਦਾ ਸਮੁੱਚਾ ਸਟਾਫ਼ ਮੌਜੂਦ ਸੀ।

## (ਸ.ਫ਼ਾ 1 ਦੀ ਬਾਕੀ)

### ਬਿਜਲੀ ਸੋਧ ਬਿੱਲ 2025 ਦੇ ਘਾਤਕ ਖਰ...

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਿਹਨਤਕਸ਼ ਜਮਾਤ 'ਤੇ ਕੀਤੇ ਜਾ ਰਹੇ ਮਾਰੂ ਹਮਲਿਆਂ ਦੀ ਇਕ ਹੋਰ ਕੜੀ ਵਜੋਂ ਹੁਣ ਕਿਰਤੀ ਵਰਗ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਵਾਲੇ ਅਤੇ ਅਣਥੱਕ ਸੰਘਰਸ਼ਾਂ ਨਾਲ ਹਾਸਲ ਕੀਤੇ 29 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡਾਂ- ਤਨਖਾਹ ਕੋਡ ( 2019), ਕਾਰੋਬਾਰੀ ਸੁਰੱਖਿਆ, ਸਿਹਤ ਤੇ ਕਾਰਜ ਸ਼ਰਤ ਕੋਡ (2020), ਸਮਾਜੀ ਸੁਰੱਖਿਆ ਕੋਡ (2020) ਵਿੱਚ ਬਦਲ ਕੇ ਕੇਂਦਰ ਸਰਕਾਰ ਨੇ ਕਿਰਤ ਸੁਧਾਰ ਦੱਸ ਕੇ ਦੇਸ਼ ਦੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਅਸਲ ਵਿੱਚ ਇਹ ਲੇਬਰ ਕੋਡ ਭਵਿੱਖ ਵਿੱਚ ਪੂੰਜੀਪਤੀਆਂ ਲਈ ਔਜ਼ਾਰ ਦਾ ਕੰਮ ਕਰਨਗੇ ਅਤੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਕਰਕੇ ਉਨ੍ਹਾਂ ਦੇ ਮੁਨਾਫੇ ਅਤੇ ਮਜ਼ਦੂਰਾਂ ਦੀ ਗੁਲਾਮੀ ਤੇ ਸ਼ੋਸ਼ਣ ਨੂੰ ਵਧਾਉਣਗੇ।ਇਹ ਚਾਰ ਕੋਡ ਮਜ਼ਦੂਰਾਂ ਨੂੰ ਜਥੇਬੰਦ ਹੋਣ ਲਈ ਜਥੇਬੰਦੀਆਂ ਬਣਾਉਣ ਵਰਗੇ ਬਹੁਤ ਸਾਰੇ ਅਧਿਕਾਰਾਂ ਤੋਂ ਵਾਂਝਿਆਂ ਕਰਨ, ਅਸੁਰੱਖਿਅਤ ਰੁਜ਼ਗਾਰ ਸਮੇਤ ਸਾਰੇ ਹੱਕ ਹਕੂਕਾਂ ਦਾ ਘਾਣ ਕਰਨ, ਕਿਰਤ ਦੀ ਧਿਰ ਦੀ ਬੇਕਿਰਕ ਤਰੀਕੇ ਨਾਲ ਲੁੱਟ ਕਰਨ ਦਾ ਕਾਰਪੋਰੇਟ ਘਰਾਣਿਆਂ ਲਈ ਰਾਹ ਪੱਧਰਾ ਕਰਨਗੇ।

ਬਹਾਦਰ ਸੰਘਰਸ਼ੀ ਬਿਜਲੀ ਮੁਲਾਜ਼ਮ ਅਤੇ ਪੈਨਸ਼ਨਰ ਸਾਥੀਓ ਅੱਜ ਜਿਸ ਸਮੇਂ ਅਸੀਂ ਹਰੇਕ ਸਾਲ ਦੀ ਤਰ੍ਹਾਂ ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀਂ ਮਨਾਉਣ ਲਈ ਇਕੱਤਰ ਹੋ ਕੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕਰ ਰਹੇ ਹਾਂ ਉਸੇ ਵਕਤ ਸਰਮਾਏਦਾਰ ਪੱਖੀ ਹਾਕਮ ਜਮਾਤਾਂ ਨੇ ਮਜ਼ਦੂਰ ਜਮਾਤ ਸਾਹਮਣੇ ਬਹੁਤ ਵੱਡੀਆਂ ਚਣੌਤੀਆਂ ਖੜੀਆਂ ਕਰ ਦਿੱਤੀਆਂ ਹਨ।ਜਿਨ੍ਹਾਂ ਦਾ ਟਾਕਰਾ ਲਾਜ਼ਮੀ ਤੌਰ 'ਤੇ ਸੰਘਰਸ਼ਾਂ ਦੇ ਬੱਲਬੂਤੇ ਹੀ ਕੀਤਾ ਜਾ ਸਕਦਾ ਹੈ।ਇਸ ਲਈ ਕਮਰਕੱਸੇ ਕੱਸ ਕੇ ਜਿਵੇਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਦੇ ਲੋਕ ਵਿਰੋਧੀ ਮਨਸੂਬਿਆਂ ਅਤੇ ਕੇਂਦਰ ਸਰਕਾਰ ਵੱਲੋਂ ਤਜਵੀਜ਼ਤ ਬਿਜਲੀ ਸੋਧ ਬਿੱਲ 2025 ਦੇ ਲੋਕ ਵਿਰੋਧੀ ਖਰੜੇ ਖਿਲਾਫ਼ ਪਿਛਲੇ ਸਮੇਂ ਤੋਂ ਸਾਂਝੇ ਤੌਰ 'ਤੇ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਇਕ ਪਲੇਟਫਾਰਮ ਉਸਾਰ ਕੇ ਪਾਵਰਕਾਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਅਵਾਜ਼ ਬੁਲੰਦ ਕਰਨ ਵਾਸਤੇ ਸਾਂਝੇ ਸੰਘਰਸ਼ਾਂ ਰਾਹੀਂ ਆਪਣੀ ਏਕਤਾ ਦਾ ਸਬੂਤ ਦਿੱਤਾ ਹੈ।ਉਸੇ ਤਰਜ 'ਤੇ ਕੇਂਦਰ ਸਰਕਾਰ ਵੱਲੋਂ 21 ਨਵੰਬਰ ਨੂੰ ਦੇਸ਼ ਵਿੱਚ ਲਾਗੂ ਕੀਤੇ ਗਏ ਚਾਰ ਲੇਬਰ ਕੋਡਾਂ ਖਿਲਾਫ਼ ਆਪਣੇ ਰੋਹ ਦਾ ਜਬਰਦਸਤ ਪ੍ਰਗਟਾਵਾ ਕਰਨ ਲਈ ਸਾਂਝੇ ਸੰਘਰਸ਼ਾਂ ਵਿੱਚ ਭਰਵੀਂ ਸ਼ਮੂਲੀਅਤ ਕਰਕੇ ਮਜ਼ਦੂਰ ਮਾਰੂ ਹਮਲਿਆਂ ਵਿਰੁੱਧ ਅਵਾਜ਼ ਬੁਲੰਦ ਕਰੀਏ ਤਾਂ ਹੀ ਅਦਾਰਾ ਵੀ ਬਚੇਗਾ ਅਤੇ ਸਾਡੇ ਮੰਗਾਂ/ਮਸਲਿਆਂ ਦਾ ਨਿਪਟਾਰਾ ਵੀ ਹੋ ਸਕੇਗਾ। ਸਾਡੇ ਸਾਰਿਆਂ ਦੀ ਸਹੀ ਮਿਹਨਿਆਂ ਵਿੱਚ ਇਹੋ ਹੀ ਕਾਮਰੇਡ ਭਗਵਾਨ ਸਿੰਘ ਅਣਖੀ , ਕਾਮਰੇਡ ਐਚ ਐਸ ਪ੍ਰਮਾਰ, ਕਾਮਰੇਡ ਸਤਨਾਮ ਸਿੰਘ ਛਲੇੜੀ, ਕਾਮਰੇਡ ਮਹਿੰਦਰ ਸਿੰਘ ਬਟਾਲਾ ਅਤੇ ਲਹਿਰਾਂ ਵਿੱਚ ਮੂਹਰਲੀਆਂ ਸਫਾਂ ਤੇ ਕੰਮ ਕਰਨ ਵਾਲੇ ਵਿਛੋੜਾ ਦੇ ਚੁੱਕੇ ਤਮਾਮ ਆਗੂਆਂ ਅਤੇ ਵਰਕਰਾਂ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ ।

### ਕਾਮਰੇਡ ਅਣਖੀ ਜੀ ਦੀ ਵਿਚਾਰਧਾਰਾ ...

ਹੋਈਆਂ ਸਹਿਮਤੀਆਂ ਨੂੰ ਇੰਨ-ਬਿੰਨ ਲਾਗੂ ਨਹੀਂ ਕਰ ਰਹੀ, ਜਿਨ੍ਹਾਂ ਨੂੰ ਲਾਗੂ ਕਰਵਾਉਣ ਲਈ ਜਥੇਬੰਦੀਆਂ ਨੂੰ ਮੁੜ ਸੰਘਰਸ਼ ਕਰਨ ਲਈ ਪਾਵਰ ਮੈਨੇਜਮੈਂਟ ਮਜਬੂਰ ਕਰ ਰਹੀ ਹੈ, ਕਿਉਂਕਿ ਪਾਵਰ ਮੈਨੇਜਮੈਂਟ ਬਿਜਲੀ ਮੁਲਾਜ਼ਮਾਂ ਦੇ ਬਾਕੀ ਪੈਂਡਿੰਗ ਮਸਲਿਆਂ ਦੇ ਹੱਲ ਲਈ ਸੰਜੀਦਗੀ ਨਹੀਂ ਵਿਖਾ ਰਹੀ। ਵਿਭਾਗ ਵਿੱਚ ਹਜ਼ਾਰਾਂ ਖਾਲੀ ਅਸਾਮੀਆਂ ਤੇ ਭਰਤੀ ਕਰਨ ਦੇ ਮਹੱਤਵਪੂਰਨ ਕੰਮ ਨੂੰ ਬਰੇਕਾਂ ਲਾ ਰੱਖੀਆਂ ਹਨ, ਆਈ ਟੀ ਆਈ ਅਤੇ ਅਪ੍ਰੈਂਟਿਸ਼ਿਪ ਪਾਸ ਬੇਰੁਜ਼ਗਾਰੀ ਦੇ ਝੰਬੇ ਨੌਜਵਾਨਾਂ ਨੂੰ ਸੜਕਾਂ 'ਤੇ ਰੁਲਣ ਲਈ ਮਜਬੂਰ ਕੀਤਾ ਜਾ ਰਿਹਾ, ਸੀ ਆਰ ਏ 249 /267 ਅਤੇ 281 ਰਾਹੀਂ ਭਰਤੀ ਕਰਮਚਾਰੀਆਂ ਦੇ ਕੰਟਰੈਕਟ ਪੀਰੀਅਡ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ, ਪ੍ਰਬੈਸ਼ਨਲ ਅਤੇ ਕੱਚੇ ਕਾਮਿਆਂ ਦੀ ਆਰਥਿਕ ਲੁੱਟ ਬਾਦਸਤੂਰ ਜਾਰੀ ਹੈ, 2002 ਤੋਂ ਬਾਅਦ ਵਾਲੇ ਮ੍ਰਿਤਕਾਂ ਦੇ ਆਸ਼ਰਿਤ ਕਾਮਿਆਂ ਨੂੰ ਲੱਖਾਂ ਰੁਪਏ ਦੀਆਂ ਰਕਮਾਂ ਜਮ੍ਹਾਂ ਕਰਵਾਉਣ ਦਾ ਦਬਾਅ ਬਣਾ ਕੇ ਨੌਕਰੀਆਂ ਛੱਡ ਜਾਣ ਲਈ ਮਜਬੂਰ ਕੀਤਾ ਜਾ ਰਿਹਾ, ਦੋ ਦਹਾਕਿਆਂ ਤੋਂ ਕੰਮ ਕਰਦੇ ਪਾਰਟ ਟਾਈਮ ਸਵੀਪਰਾਂ ਨੂੰ ਪੱਕਿਆਂ ਨਹੀਂ ਕੀਤਾ ਜਾ ਰਿਹਾ, ਪ੍ਰਾਈਵੇਟ ਥਰਮਲਾਂ ਨਾਲ ਕੀਤੇ ਪੀ ਪੀ ਏ ਰੀਵਿਊ ਕਰਨ ਦਾ ਮਾਮਲਾ ਰਫਾ ਦਫਾ ਕਰ ਦਿੱਤਾ ਹੈ। ਹਰ ਤਰ੍ਹਾਂ ਦੇ ਕੰਟਰੈਕਟ/ ਠੇਕੇਦਾਰ/ ਪੈਸਕੋ/ ਸੀ ਐੱਚ ਬੀ ਕਾਮਿਆਂ ਨੂੰ ਪੱਕਾ ਕਰਨ ਬਾਰੇ ਕੋਈ ਪਾਲਿਸੀ ਨਹੀਂ ਬਣਾਈ ਜਾ ਰਹੀ, ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਕੀਤੀ ਜਾ ਰਹੀ, ਸੇਵਾ- ਮੁਕਤ ਅਤੇ ਨਵੇਂ ਭਰਤੀ ਕੀਤੇ ਬਿਜਲੀ ਕਰਮਚਾਰੀਆਂ ਨੂੰ ਬਿਜਲੀ ਯੂਨਿਟਾਂ ਵਿੱਚ ਰਿਆਇਤ ਲਾਗੂ ਨਹੀਂ ਕੀਤੀ ਜਾ ਰਹੀ, ਵੇਲਾ ਵਹਾਅ ਚੁੱਕੀਆਂ ਦਫ਼ਤਰਾਂ ਦੀਆਂ ਬਿਲਡਿੰਗਾਂ ਦਾ ਨਵੀਨੀਕਰਨ ਨਹੀਂ ਕੀਤਾ ਜਾ ਰਿਹਾ, ਨਵੇਂ ਕਰਮਚਾਰੀਆਂ 'ਤੇ ਧੱਕੇ ਨਾਲ ਸੱਤਵਾਂ ਤਨਖਾਹ ਕਮਿਸ਼ਨ ਲਾਗੂ ਕੀਤਾ ਜਾ ਰਿਹਾ, ਸਿਆਸੀ ਅਧਾਰ 'ਤੇ ਕਰਮਚਾਰੀਆਂ ਦੀਆਂ ਦੂਰ-ਦੁਰਾਡੇ ਬਦਲੀਆਂ ਕਰਕੇ ਮਾਨਸਿਕ ਤੌਰ 'ਤੇ ਤੰਗ ਕੀਤਾ ਜਾ ਰਿਹਾ ਹੈ, ਦੂਸਰੇ ਪਾਸੇ ਵਾਜਿਬ ਬਦਲੀਆਂ ਕਰਨ ਦੀ ਕੋਈ ਨੀਤੀ ਬਣਾਉਣ ਦੀ ਜਗ੍ਹਾ 'ਤੇ ਮੈਨੇਜਮੈਂਟ ਮਨਮਰਜ਼ੀ ਕਰ ਰਹੀ ਹੈ, ਨਵੇਂ ਭਰਤੀ ਹੋਏ ਸਹਾਇਕ ਲਾਈਨਮੈਨ ਕਰਮਚਾਰੀਆਂ ਨੂੰ ਘਰਾਂ ਤੋਂ ਬਹੁਤ ਦੂਰ ਦੁਰਾਡੇ ਸਟੇਸ਼ਨਾਂ ਤੇ ਤਾਇਨਾਤ ਕਰਨ ਤੋਂ ਇਲਾਵਾ ਧੱਕੇ ਨਾਲ ਸੈਂਕੜੇ ਕਰਮਚਾਰੀਆਂ ਨੂੰ ਟ੍ਰਾਂਸ਼ਕੋ ਵਿੱਚ ਭੇਜ ਦਿੱਤਾ ਹੈ। ਬਹੁਤ ਹੀ ਮਹੱਤਵਪੂਰਨ ਅਤੇ ਨਾਜ਼ੁਕ ਅਦਾਰੇ ਵਿੱਚ ਮਾਹੌਲ ਸਾਜਗਾਰ ਨਹੀਂ ਪੰਜਾਬ ਸਰਕਾਰ ਨਿਯਮਾਂ ਕਾਨੂੰਨਾਂ ਦੀ ਪ੍ਰਵਾਹ ਕੀਤੇ ਬਗੈਰ ਅਦਾਰੇ ਦੀਆਂ ਜਾਇਦਾਦਾਂ ਵੇਚਣ ਲਈ ਪੱਬਾਂ ਭਾਰ ਹੋ ਕੇ ਲੋਕਾਂ ਦੇ ਅਦਾਰੇ ਦਾ ਭੋਗ ਪਾਉਣ ਦੇ ਮਨਸੂਬੇ ਬਣਾ ਰਹੀ ਹੈ। ਜਿਸ ਦੇ ਖਿਲਾਫ਼ ਅਣਖੀ ਦੇ ਵਾਰਿਸ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ. 41 ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ) ਦੇ ਝੰਡੇ ਹੇਠ ਸਾਂਝੇ ਤੌਰ 'ਤੇ ਆਪਣੇ ਰੋਹ ਦਾ ਪ੍ਰਗਟਾਵਾ ਕਰਨ ਲਈ ਕਾਮਰੇਡ ਭਗਵਾਨ ਸਿੰਘ ਅਣਖੀ, ਕਾਮਰੇਡ ਐਚ ਐਸ ਪ੍ਰਮਾਰ, ਕਾਮਰੇਡ ਸਤਨਾਮ ਸਿੰਘ ਛਲੇੜੀ, ਕਾਮਰੇਡ ਮਹਿੰਦਰ ਸਿੰਘ ਬਟਾਲਾ ਅਤੇ ਜਥੇਬੰਦੀ ਵਿੱਚ ਮੂਹਰਲੀਆਂ ਕਤਾਰਾਂ ਵਿੱਚ ਕੰਮ ਕਰਨ ਵਾਲੇ ਹੋਰ ਵਿਛੋੜਾ ਦੇ ਚੁੱਕੇ ਆਗੂਆਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਉਪਰੰਤ ਪਾਵਰਕਾਮ ਦੇ ਮੁੱਖ ਦਫ਼ਤਰ ਤੱਕ ਸ਼ਹਿਰ ਵਿੱਚ ਰੋਸ ਮਾਰਚ ਕਰਕੇ ਬਿਜਲੀ ਸੋਧ ਬਿੱਲ 2025 ਦੇ ਘਾਤਕ ਖਰੜੇ, ਚਾਰ ਲੇਬਰ ਕੋਡਾਂ ਦੀਆਂ ਕਾਪੀਆਂ ਫੂਕ ਕੇ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੀ ਤਜਵੀਜ਼ ਵਿਰੁੱਧ ਜੋਰਦਾਰ ਅਵਾਜ਼ ਬੁਲੰਦ ਕਰਦਿਆਂ ਕਾਮਰੇਡ ਅਣਖੀ ਦੀ ਵਿਚਾਰਧਾਰਾ ਤੇ ਚਲ ਕੇ ਸਾਂਝੀਆਂ ਮੰਗਾਂ /ਮਸਲਿਆਂ 'ਤੇ ਜਥੇਬੰਦੀ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਸਮੇਤ ਸਹਿਯੋਗੀ ਜਥੇਬੰਦੀਆਂ ਦੇ ਸਾਂਝੇ ਪਲੇਟਫਾਰਮ ਰਾਹੀਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਰਹੇਗੀ।

ਮੁਲਾਜ਼ਮ ਅਤੇ ਪੈਨਸ਼ਨਰ ਸਾਥੀਓ, ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੂੰ ਤਕਰੀਬਨ ਚਾਰ ਸਾਲ ਹੋਣ ਵਾਲੇ ਹਨ, ਚੋਣਾਂ ਸਮੇਂ ਰਵਾਇਤੀ ਪਾਰਟੀਆਂ ਨਾਲੋਂ ਵੱਖਰੀ ਪਾਰਟੀ ਹੋਣ ਦੀ ਡਫਲੀ ਵਜਾਉਣ ਵਾਲੀ ਲੀਡਰਸ਼ਿਪ ਵੱਲੋਂ ਕੀਤੇ ਵਾਅਦੇ ਕਿ ਪਹਿਲੀ ਕੈਬਨਿਟ ਵਿੱਚ 35000 ਕੱਚੇ ਕਾਮਿਆਂ ਨੂੰ ਪੱਕਾ ਕਰਨ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਛੇਵੇਂ ਪੇ ਕਮਿਸ਼ਨ ਨੂੰ ਤਰੁੱਟੀਆਂ ਰਹਿਤ ਲਾਗੂ ਕਰਨ, ਨਸ਼ੇ ਨੂੰ ਜੜੋ ਖਤਮ ਕਰਨ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ, ਬੇਅਦਬੀ ਕਰਨ ਵਾਲਿਆਂ ਨੂੰ ਸਜਾਵਾਂ ਦੇਣ, ਭ੍ਰਿਸ਼ਟਾਚਾਰ ਖ਼ਤਮ ਕਰਨ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਲਾਗੂ ਕਰਨ ਆਦਿ ਦਰਜਨਾਂ ਵਾਅਦੇ ਕੀਤੇ, ਉਹ ਸਾਰੇ ਮਸਲੇ ਜਿਉਂ ਦੇ ਤਿਉਂ ਲਟਕ ਰਹੇ ਹਨ , ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ 16 ਪ੍ਰਤੀਸ਼ਤ ਮਹਿੰਗਾਈ ਭੱਤਾ ਵੀ ਨਹੀਂ ਦਿੱਤਾ ਜਾ ਰਿਹਾ। ਪੰਜਾਬ ਸਰਕਾਰ ਦੀ ਇਸ ਵਾਅਦਾ-ਖਿਲਾਫੀ ਵਿਰੁੱਧ ਹਰ ਰੋਜ਼ ਚੱਕਾ ਜਾਮ, ਧਰਨੇ-ਮੁਜ਼ਾਹਰੇ ਹੋ ਰਹੇ ਹਨ। ਇਹ ਸਰਕਾਰ ਪਹਿਲੀਆਂ ਸਰਕਾਰਾਂ ਤੋਂ ਵੀ ਅੱਗੇ ਵੱਧ ਕੇ ਲਾਠੀਆਂ, ਪਾਣੀ ਦੀਆਂ ਬੁਛਾੜਾਂ ਮਾਰ ਕੇ ਮਿਹਨਤਕਸ਼ ਜਮਾਤ ਦੇ ਸਾਰੇ ਹੱਕ ਹਕੂਕ ਕੁਚਲ ਰਹੀ ਹੈ।ਟਰਾਂਸਪੋਰਟ ਕਾਮਿਆਂ ਤੇ ਵਹਿਸ਼ੀ ਪੁਲੀਸ ਤਸ਼ੱਦਦ ਕਰਕੇ ਜ਼ੁਲਮ ਦੀ ਅੱਤ ਕਰ ਦਿੱਤੀ ਹੈ । ਸਰਕਾਰ ਪੁਲਿਸ ਬਲਾਂ ਰਾਹੀਂ ਲੋਕ ਘੋਲਾਂ ਨੂੰ ਕੁੱਚਲਣ ਦੇ ਰਾਹ ਪਈ ਹੋਈ ਹੈ, ਜਿਸ ਕਾਰਨ ਪੰਜਾਬ ਵਿੱਚ ਅਸ਼ਾਂਤੀ ਦਾ ਮਹੌਲ ਪੈਦਾ ਹੋ ਰਿਹਾ ਹੈ। ਸਰਕਾਰ ਦੀ ਇਸ ਲੋਕ- ਵਿਰੋਧੀ ਨੀਤੀ ਦਾ ਅਣਖੀ ਦੇ ਵਾਰਿਸ ਸੰਘਰਸ਼ਾਂ ਰਾਹੀਂ ਮੂੰਹ-ਤੋੜ ਜਵਾਬ ਦੇਣਗੇ । ਇਹੋ ਕਾਮਰੇਡ ਅਣਖੀ ਅਤੇ ਲਹਿਰਾਂ ਵਿੱਚ ਕੰਮ ਕਰਨ ਵਾਲੇ ਹੋਰ ਵਿਛੋੜਾ ਦੇ ਚੁੱਕੇ ਆਗੂ ਸਾਥੀਆਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੋਵੇਗੀ।

## ਲੋੜਵੰਦ ਵਿਅਕਤੀ ਦੇ ਇਲਾਜ ਲਈ ਕੀਤੀ ਸਹਾਇਤਾ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-** ਮਾਸਟਰ ਜੈ ਰਾਮ ਬਾੜੀਆਂ ਕਲਾਂ ਵਲੋਂ ਇਕ ਲੋੜਵੰਦ ਬਿਮਾਰ ਵਿਅਕਤੀ ਇੰਦਰਜੀਤ ਪਿੰਡ ਪੜਸੋਤੇ ਜਿਸਦੇ ਕਾਫੀ ਸਮੇਂ ਤੋਂ ਬਾਥਰੂਮ ਲਈ ਥੈਲੀ ਲੱਗੀ ਹੋਈ ਹੈ, ਅਪਰੇਸ਼ਨ ਕਰਨ ਲਈ ਬਹੁਤ ਵੱਡਾ ਖਰਚਾ ਆਉਣਾ ਹੈ। ਜੋ ਕਿ ਉਸ ਕੋਲ ਨਹੀਂ ਹੈ। ਦਾਨੀ ਪੁਰਸ਼ਾਂ ਵੱਲੋਂ ਉਸਦੀ ਨਿੱਜੀ ਸਹਾਇਤਾ ਕੀਤੀ ਜਾ ਰਹੀ ਹੈ ਤਾਂ ਕਿ ਇੰਦਰਜੀਤ ਰਾਜੀ ਹੋ ਕੇ ਆਪਣੇ ਪਰਵਾਰ ਦੀ ਦੇਖਭਾਲ ਕਰ ਸਕੇ। ਇਸੇ ਹੀ ਲੜੀ ਤਹਿਤ ਮਾਸਟਰ ਜੈ ਰਾਮ ਬਾੜੀਆਂ ਕਲਾਂ ਵੱਲੋਂ ਵੀ ਇੰਦਰਜੀਤ ਨੂੰ 2000 ਰੁ. ਦੀ ਸਹਾਇਤਾ ਕੀਤੀ ਗਈ। ਵਰਨਣਯੋਗ ਹੈ ਕਿ ਮਾਸਟਰ ਜੈ ਰਾਮ ਬਾੜੀਆਂ ਪਿਛਲੇ ਲੰਬੇ ਸਮੇਂ ਤੋਂ ਸਮਾਜ ਭਲਾਈ ਕਾਰਜਾਂ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਰਹਿੰਦੇ ਹਨ।



# 'ਅਧਿਆਪਕਾਂ 'ਤੇ ਥੋਪੇ ਜਾ ਰਹੇ ਬਰਿਜ ਕੋਰਸ ਦੇ ਹੁਕਮ ਨੂੰ ਵਾਪਿਸ ਲਿਆ ਜਾਵੇ'

**ਜਲੰਧਰ (ਰਾਜੇਸ਼ ਥਾਪਾ)-** ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਿਤੀ 9 ਮਾਰਚ 2019 ਨੂੰ ਸਕੂਲਾਂ ਵਿੱਚ ਹੈੱਡ ਟੀਚਰਜ਼ ਅਤੇ ਸੈਂਟਰ ਹੈਡ ਟੀਚਰਜ਼ ਦੀ ਸਿੱਧੀ ਭਰਤੀ ਕਰਨ ਦਾ ਇਸ਼ਤਿਹਾਰ ਜਾਰੀ ਕਰਕੇ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਜਿਸ ਵਿੱਚ ਉਮੀਦਵਾਰ ਦੀ ਵਿਦਿਅਕ ਯੋਗਤਾ ਐੱਚ ਟੀ ਦੀ ਅਸਾਮੀਆਂ ਲਈ (1) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਘੱਟੋ-ਘੱਟ 50% ਅੰਕਾਂ ਨਾਲ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਬੈਚਲਰ ਦੀ ਡਿਗਰੀ, (2) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਦੋ ਸਾਲ ਦਾ ਐਲੀਮੈਂਟਰੀ ਟੀਚਰਜ਼ ਟ੍ਰੇਨਿੰਗ ਕੋਰਸ ਜਾਂ ਨੈਸ਼ਨਲ ਕੌਂਸਲ ਫਾਰ ਟੀਚਰਜ਼ ਐਜੂਕੇਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਲੀਮੈਂਟਰੀ ਐਜੂਕੇਸ਼ਨ ਵਿੱਚ ਦੋ ਸਾਲ ਦਾ ਡਿਪਲੋਮਾ (ਡੀ.ਐਲ.ਐਡ.) ਹੋਣਾ ਚਾਹੀਦਾ ਹੈ ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਬੈਚਲਰ ਡਿਗਰੀ (ਬੀ.ਐਡ.) (3) ਕੇਂਦਰੀ/ਰਾਜ ਸਰਕਾਰੀ ਸਕੂਲ ਵਿੱਚ ਘੱਟੋ-ਘੱਟ ਤਿੰਨ ਸਾਲਾਂ ਲਈ ਪ੍ਰਾਇਮਰੀ ਸਕੂਲ ਅਧਿਆਪਕ ਵਜੋਂ ਕੰਮ ਕਰਨ ਦਾ ਅਧਿਆਪਨ ਤਜਰਬਾ।ਇਸ ਤੋਂ ਬਾਅਦ ਸਿੱਖਿਆ ਵਿਭਾਗ ਪੰਜਾਬ ਨੇ ਉਮੀਦਵਾਰਾਂ ਦੀ ਚੋਣ ਕਰਕੇ ਸਟੇਸ਼ਨ ਅਲਾਟ ਕਰ ਦਿੱਤੇ ਗਏ।ਨਿਯੁਕਤ ਹੋਏ ਹੈੱਡ ਟੀਚਰਜ਼ ਪਿਛਲੇ 6 ਸਾਲਾਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ। ਹੁਣ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ,ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ,ਸੂਬਾ ਕਾਰਜਕਾਰੀ ਜਨਰਲ ਸਕੱਤਰ ਜਿੰਦਰ ਪਾਇਲਟ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਐਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ,ਵਿੱਤ ਸਕੱਤਰ ਨਵੀਨ ਸਚਦੇਵਾ, ਮੀਡੀਆ ਸਕੱਤਰ ਗੁਰਪ੍ਰੀਤ ਮਾੜੀ ਮੇਘਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਅਤੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਵੱਲੋਂ ਮਿਤੀ 04 ਦਸੰਬਰ 2025 ਨੂੰ ਇੱਕ ਪੱਤਰ ਜਾਰੀ ਕਰਕੇ ਪੰਜਾਬ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ (ਐ.ਸਿੱ) ਨੂੰ ਹਦਾਇਤ ਕੀਤੀ ਹੈ ਕਿ ਪੱਤਰ ਨਾਲ ਵੱਖ-ਵੱਖ ਜ਼ਿਲ੍ਹਿਆਂ ਦੇ ਉਮੀਦਵਾਰਾਂ ਦੇ ਨਾਂ ਦਰਜ ਕਰਕੇ ਹੈੱਡ ਟੀਚਰਜ਼ ਨੂੰ ਐੱਨ ਆਈ ਓ ਐੱਸ NIOS ਵੱਲੋਂ ਕਰਵਾਏ ਜਾ ਰਹੇ ਬ੍ਰਿਜ ਕੋਰਸ ਲਈ ਪਾਬੰਦ ਅਧਿਆਪਕ ਜੋ (28 ਜੂਨ 2018 ਤੋਂ 11 ਅਗਸਤ 2023) ਤੱਕ ਪ੍ਰਾਇਮਰੀ ਸਿੱਖਿਆ ਵਿੱਚ ਨਿਯੁਕਤ ਹੋਏ ਅਧਿਆਪਕਾਂ ਤੋਂ ਰਜਿਸਟ੍ਰੇਸ਼ਨ ਐੱਨ ਆਈ ਓ ਐੱਸ ਦੇ ਪੋਰਟਲ ਤੇ ਕਰਵਾਉਣੀ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਗਏ ਹਨ। ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪੱਧਰੀ ਆਗੂਆਂ ਨੇ ਇਸ ਬ੍ਰਿਜ ਕੋਰਸ ਲਈ ਪਾਬੰਦ ਕੀਤੇ ਅਧਿਆਪਕਾਂ ਨੂੰ ਜਾਰੀ ਕੀਤੇ ਪੱਤਰ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੱਸਿਆ ਕਿ ਜਦੋਂ 2019 ਵਿੱਚ ਅਸਾਮੀਆਂ ਦੀ ਸ਼ਰਤਾਂ ਪੂਰੀਆਂ ਕਰਦੇ ਹਨ ਤਾਂ ਇਹਨਾਂ ਅਧਿਆਪਕਾਂ ਤੇ ਹੁਣ ਇਹ ਕੋਰਸ ਜ਼ਬਰਨ ਕਿਉਂ ਥੋਪਿਆ ਜਾ ਰਿਹਾ ਹੈ। ਜੱਥੇਬੰਦੀ ਨੇ ਪੰਜਾਬ ਦੇ ਸਿੱਖਿਆ ਮੰਤਰੀ ਤੋਂ ਮੰਗ ਕੀਤੀ ਹੈ ਕਿ ਇਹ ਅਧਿਆਪਕ ਵਿਰੋਧੀ ਪੱਤਰ ਤੁਰੰਤ ਵਾਪਸ ਲਿਆ ਜਾਵੇ।



# ਪਾਰਟੀ ਦਾ ਚੋਣ ਨਿਸ਼ਾਨ ਹਾਥੀ ਘਰ-ਘਰ ਪਹੁੰਚਾਓ : ਕਰੀਮਪੁਰੀ



**ਬੰਗਾ (ਅਵਤਾਰ ਕਲੇਰ)-** ਬੰਗਾ ਹਲਕੇ ਤੋਂ ਚੋਣ ਲੜ ਰਹੇ ਬਸਪਾ ਦੇ ਸਾਰੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਉਮੀਦਵਾਰਾਂ ਦੀ ਚੋਣ ਮੁਹਿੰਮ ਨੂੰ ਤੇਜ਼ ਕਰਨ ਲਈ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਪਿੰਡ ਗੁਣਾਚੌਰ ਪਹੁੰਚੇ। ਉਹਨਾਂ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਾਥੀ ਹੀ ਸਾਡੇ ਮਹਾਂਪੁਰਸ਼ਾਂ ਦਾ ਨਿਸ਼ਾਨ ਹੈ ਜਿਸ ਨੂੰ ਜਿਤਾਉਣਾ ਸਾਡਾ ਸਭ ਦਾ ਫ਼ਰਜ਼ ਹੈ ਅਤੇ ਹਰੇਕ ਦੇ ਦੁੱਖ ਤਕਲੀਫ ਵਿੱਚ ਇੱਕ ਸਾਡੀ ਪਾਰਟੀ ਬਸਪਾ ਹੀ ਖੜ੍ਹਦੀ ਹੈ। ਪੰਜਾਬ 'ਚ ਬਹੁਤ ਸਰਕਾਰਾਂ ਆਈਆਂ ਪਰ ਗਰੀਬ ਲੋਕਾਂ ਅਤੇ ਦਲਿਤਾਂ ਦੇ ਦੁੱਖ ਸਿਰਫ ਬਸਪਾ ਹੀ ਸਮਝਦੀ ਹੈ। ਪਾਰਟੀ ਦਾ ਨਿਸ਼ਾਨ ਹਾਥੀ ਘਰ-ਘਰ ਪਹੁੰਚਾਓ ਅਤੇ ਪਾਰਟੀ ਉਮੀਦਵਾਰਾਂ ਨੂੰ ਜਿਤਾਓ।ਪ੍ਰਵੀਨ ਬੰਗਾ ਸੂਬਾ ਜਨਰਲ ਸਕੱਤਰ ਬਸਪਾ ਪੰਜਾਬ ਨੇ ਵੀ ਹਲਾਸ਼ੇਰੀ ਦਿੱਤੀ ਅਤੇ ਉਮੀਦਵਾਰਾਂ ਦੇ ਨਾਲ ਚੱਲਣ ਲਈ ਕਿਹਾ। ਇਸ ਮੌਕੇ ਹਰਬਲਾਸ ਬਸਰਾ, ਮਨੋਹਰ ਕਮਾਮ, ਮਾਂ ਸਤਪਾਲ ਰਟੈਂਡਾ, ਚਰਨਜੀਤ ਮੰਢਾਲੀ, ਕੁਲਦੀਪ ਰਾਏ, ਪਰਮਜੀਤ ਮਹਿਰਮਪੁਰੀ, ਪਰਮਜੀਤ ਕੌਰ ਸਾਬਕਾ ਸਰਪੰਚ, ਪ੍ਰਦੀਪ ਜੱਸੀ,ਵਿਜੇ ਗੁਣਾਚੌਰ, ਅਜੀਤ ਰਾਮ ਗੁਣਾਚੌਰ, ਛਿੰਦਰਪਾਲ ਛਿੰਦਾ, ਹਰਪ੍ਰੀਤ ਕੌਰ ਜੰਡਿਆਲੀ, ਹਰਜਿੰਦਰ ਸਿੰਘ, ਪ੍ਰਕਾਸ਼ ਚੰਦ ਆਦਿ ਹਾਜ਼ਰ ਸਨ।

# ਸਮਾਜ ਸੇਵਕ ਰਮਨ ਨਹਿਰਾ ਬੈੱਸਟ ਵਰਕਰ ਐਵਾਰਡ ਨਾਲ ਸਨਮਾਨਤ

**ਫਗਵਾੜਾ (ਡਾ. ਰਮਨ)-** ਵੱਖ-ਵੱਖ ਸਮਾਜਿਕ ਸੰਗਠਨਾਂ ਦੇ ਨਾਲ ਸਰਗਰਮੀ ਨਾਲ ਜੁੜੇ ਪ੍ਰਸਿੱਧ ਸਮਾਜ ਸੇਵਕ ਰਮਨ ਨਹਿਰਾ ਨੂੰ ਦਿੱਲੀ ਵਿੱਚ ਆਯੋਜਿਤ ਇੱਕ ਰਾਸ਼ਟਰ ਪੱਧਰ ਸੰਮੇਲਨ ਦੌਰਾਨ ਮਨੁੱਖੀ ਅਧਿਕਾਰ ਪ੍ਰੀਸ਼ਦ (ਭਾਰਤ) ਦੁਆਰਾ ਬੈਸਟ ਵਰਕਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਹ ਅਵਾਰਡ ਉਨ੍ਹਾਂ ਨੂੰ ਕੌਂਸਲ ਦੇ ਭ੍ਰਿਸ਼ਟਾਚਾਰ ਵਿਰੋਧੀ ਸੈੱਲ ਦੇ ਪੰਜਾਬ ਪ੍ਰਧਾਨ ਵਜੋਂ ਪ੍ਰਦਾਨ ਕੀਤਾ ਗਿਆ। ਰਮਨ ਨਹਿਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਵਧੀਆ ਸੇਵਾਵਾਂ ਲਈ ਮਾਣ ਪੱਤਰ ਦੇ ਕੇ ਵੀ ਹੌਸਲਾ ਅਫਜਾਈ ਕੀਤੀ ਗਈ ਹੈ। ਕੌਂਸਲ ਦੀ ਰਾਸ਼ਟਰੀ ਪ੍ਰਧਾਨ ਆਰਤੀ ਰਾਜਪੂਤ ਦੀ ਪ੍ਰਧਾਨਗੀ ਹੇਠ ਹੋਏ ਸੰਮੇਲਨ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਘੱਟ ਗਿਣਤੀ ਕਮਿਸ਼ਨ ਦੇ ਰਾਸ਼ਟਰੀ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਉਨ੍ਹਾਂ ਨੂੰ ਬੈਸਟ ਵਰਕਰ ਅਵਾਰਡ ਪ੍ਰਦਾਨ ਕੀਤਾ, ਜਦਕਿ ਵਿਸ਼ੇਸ਼ ਮਹਿਮਾਨ ਪ੍ਰਮੋਦ ਕੌਸ਼ਿਕ ਨੇ ਉਨ੍ਹਾਂ ਨੂੰ ਵਧੀਆ ਕਾਰਗੁਜ਼ਾਰੀ ਲਈ ਮਾਣ ਪੱਤਰ ਪ੍ਰਦਾਨ ਕੀਤਾ। ਰਮਨ ਨਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਕੌਂਸਲ ਨੂੰ ਵਧੀਆ ਸੇਵਾਵਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜਿਹੇ ਸਨਮਾਨ ਹੋਰ ਵੀ ਜ਼ਿਆਦਾ ਸਮਰਪਣ ਨਾਲ ਸੰਗਠਨ ਦੇ ਵਿਸਥਾਰ ਅਤੇ ਭ੍ਰਿਸ਼ਟਾਚਾਰ ਦੇ ਖਾਤਮੇ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰੀ ਪ੍ਰਧਾਨ ਆਰਤੀ ਰਾਜਪੂਤ ਦੀ ਅਗਵਾਈ ਹੇਠ, ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਲਗਨ ਨਾਲ ਨਿਭਾਉਂਦੇ ਰਹਿਣਗੇ। ਉਨ੍ਹਾਂ ਨੇ ਮਨੁੱਖੀ ਅਧਿਕਾਰ ਪ੍ਰੀਸ਼ਦ, ਖਾਸ ਕਰਕੇ ਭ੍ਰਿਸ਼ਟਾਚਾਰ ਵਿਰੋਧੀ ਸੈੱਲ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਦੀ ਗੱਲ ਵੀ ਕਹੀ। ਦਿੱਲੀ ਵਿਖੇ ਆਯੋਜਿਤ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਆਰ ਟੀ ਆਈ ਸੈੱਲ ਦੀ ਰਾਸ਼ਟਰੀ ਪ੍ਰਧਾਨ ਐੱਸ ਕੇ ਗਿੱਲ, ਵਪਾਰ ਸੈੱਲ ਦੇ ਰਾਸ਼ਟਰੀ ਪ੍ਰਧਾਨ ਤੇਜਿੰਦਰ ਬਾਵਾ, ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਆਸ਼ੂ ਮਾਰਕੰਡਾ, ਆਰ ਟੀ ਆਈ ਸੈੱਲ ਦੇ ਪੰਜਾਬ ਪ੍ਰਧਾਨ ਸ਼ੌਕੀ ਟੂਰਾ, ਮਹਿਲਾ ਸੈੱਲ ਦੇ ਰਾਸ਼ਟਰੀ ਉਪ ਪ੍ਰਧਾਨ ਐਡਵੋਕੇਟ ਅਨੂ ਸ਼ਰਮਾ ਤੇ ਜ਼ਿਲ੍ਹਾ ਕਪੂਰਥਲਾ ਦੇ ਉਪ ਪ੍ਰਧਾਨ ਹਰੀਸ਼ ਗੁਲਾਟੀ ਆਦਿ ਸ਼ਾਮਲ ਸਨ।



10-DEC-PAGE-10.qxd 12/9/2025 9:18 PM Page 1



## 'ਆਪ' ਉਮੀਦਵਾਰ ਦੇ ਹੱਕ 'ਚ ਆਇਆ ਭਾਰੀ ਗਿਣਤੀ ਰਾਜਪੂਤ ਭਾਈਚਾਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਨੀਲੋਂ ਕਲਾਂ ਜ਼ੋਨ ਤੋਂ ਉਮੀਦਵਾਰ ਭੁਪਿੰਦਰ ਸਿੰਘ ਰਾਠੌਰ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ, ਜਦੋਂ ਕਈ ਪਿੰਡਾਂ ਵਿਚ ਭਾਰੀ ਗਿਣਤੀ ਰਾਜਪੂਤ ਭਾਈਚਾਰੇ ਵਲੋਂ ਉਨ੍ਹਾਂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਗਿਆ। ਪਿੰਡ ਕਾਉਂਕੇ ਕਲਾਂ, ਸੈਂਸੋਵਾਲ, ਹੇਡੋਂ ਬੇਟ ਤੇ ਹੋਰ ਕਈ ਪਿੰਡਾਂ ਵਿਚ ਉਮੀਦਵਾਰ ਭੁਪਿੰਦਰ ਸਿੰਘ ਰਾਠੌਰ ਵੱਲੋਂ ਚੋਣ ਪ੍ਰਚਾਰ ਕੀਤਾ। ਭੁਪਿੰਦਰ ਸਿੰਘ ਨੇ ਕਿਹਾ ਕਿ ਜਿੱਥੇ ਰਾਜਪੂਤ ਭਾਈਚਾਰੇ ਉਸ ਨਾਲ ਚੱਟਾਨ ਵਾਂਗ ਆ ਖੜਾ ਹੋਇਆ ਹੈ, ਉੱਥੇ ਬਾਕੀ ਸਾਰੇ ਵਰਗਾਂ ਵਲੋਂ ਉਸਦੀ ਚੋਣ ਮੁਹਿੰਮ ਨੂੰ ਸਿਖਰਾਂ 'ਤੇ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਘਰ-ਘਰ ਜਾ ਕੇ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰ ਰਹੇ ਹਨ ਤੇ ਵੋਟਰਾਂ ਵਲੋਂ ਵਿਸ਼ਵਾਸ ਦਿਵਾਇਆ ਜਾ ਰਿਹਾ ਹੈ ਕਿ ਹਲਕਾ ਸਮਰਾਲਾ ਦੇ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਨੀਲੋਂ ਕਲਾਂ ਤੋਂ ਸਾਰੇ ਬਲਾਕ ਸੰਮਤੀ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ। ਭੁਪਿੰਦਰ ਸਿੰਘ ਨੇ ਕਿਹਾ ਕਿ ਨੌਜਵਾਨਾਂ ਵਿਚ ਚੋਣਾਂ ਪ੍ਰਤੀ ਬਹੁਤ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਨਾਲ ਹੀ ਪਿੰਡਾਂ ਦੇ ਸਰਪੰਚ ਤੇ ਪੰਚਾਇਤ ਮੈਂਬਰ 'ਆਪ' ਉਮੀਦਵਾਰਾਂ ਨੂੰ ਸਮਰਥਨ ਦੇ ਕੇ ਜਿਤਾਉਣ ਲਈ ਯਤਨਸ਼ੀਲ ਹਨ। ਇਸ ਮੌਕੇ ਉਨ੍ਹਾਂ ਨਾਲ ਮੌਜੂਦ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਹਲਕਾ ਸਮਰਾਲਾ ਵਿਚ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਅਗਵਾਈ ਹੇਠ ਪਿੰਡਾਂ ਦਾ ਸਰਵਪੱਖੀ ਵਿਕਾਸ ਜਾਰੀ ਰੱਖਣ ਲਈ 'ਆਪ' ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣਾ ਹੈ।

## ਸ੍ਰੀ ਰਾਮ ਇੰਟਰਨੈਸ਼ਨਲ ਸਕੂਲ 'ਚ ਸਾਲਾਨਾ ਖੇਡ ਸਮਾਰੋਹ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਸ੍ਰੀ ਰਾਮ ਇੰਟਰਨੈਸ਼ਨਲ ਸਕੂਲ ਕੱਕੜਵਾਲ ਵਿਖੇ ਸਾਲਾਨਾ ਖੇਡ ਸਮਾਰੋਹ ਦਾ ਆਯੋਜਨ ਕੀਤਾ ਗਿਆ।ਮੈਡਮ ਪ੍ਰਿੰਸੀਪਲ ਤੇਜਿੰਦਰ ਕੌਰ ਸੋਖੋਂ ਤੇ ਮੈਨੇਜਿੰਗ ਡਾਇਰੈਕਟਰ ਰਵਿੰਦਰ ਕੌਰ ਵੱਲੋਂ ਖੇਡਾਂ ਦੀ ਸ਼ੁਰੂਆਤ ਸ਼ਾਂਤੀ ਪ੍ਰਤੀਕ ਕਬੂਤਰ ਉਡਾ ਕੇ ਕੀਤੀ ਗਈ।ਸਭ ਤੋਂ ਪਹਿਲਾਂ ਝੰਡਾ ਲਹਿਰਾਇਆ ਗਿਆ ਤੇ ਉਸ ਤੋਂ ਬਾਅਦ ਮਾਰਚ ਪਾਸਟ ਕੀਤਾ ਗਿਆ ਅਤੇ ਫਿਰ ਬੱਚਿਆਂ ਦੁਆਰਾ ਮਿਸ਼ਾਲ ਮਾਰਚ ਵੀ ਕੀਤਾ ਗਿਆ ਤੇ ਉਸ ਤੋਂ ਬਾਅਦ ਜੋ ਖੂੰਡ ਰਸਮ ਕੀਤੀ ਗਈ। ਬੱਚਿਆਂ ਦੇ ਮਾਪਿਆਂ ਨੂੰ ਵੀ ਇਸ ਸਮਾਰੋਹ ਵਿੱਚ ਸੱਦਾ ਦਿੱਤਾ ਗਿਆ ਤੇ ਉਹ ਬਹੁਤ ਹੀ ਉਤਸ਼ਾਹ ਨਾਲ ਪਹੁੰਚੇ।ਬੱਚਿਆਂ ਦੁਆਰਾ ਗਣੇਸ਼ ਵੰਦਨਾ ਤੇ ਇੱਥਿਆ ਗੀਤ ਤੇ ਬਹੁਤ ਸੋਹਣੀ ਅਦਾਕਾਰੀ ਪੇਸ਼ ਕੀਤੀ ਗਈ ਖੇਡ ਸਮਾਗਮ ਵਿੱਚ ਚਾਰ ਹਾਊਸ ਚੜਤਿਆ, ਰਾਮਾਨੁਜ, ਸ਼ੇਕਰਾ, ਵਿਵੇਕਾਨੰਦ ਹਾਊਸ ਦੇ ਬੱਚਿਆਂ ਵੱਲੋਂ ਖੇਡਾਂ ਵਿੱਚ ਭਾਗ ਲਿਆ ਗਿਆ।ਬੱਚਿਆਂ ਵੱਲੋਂ ਜੈਵਲਿਨ, ਸ਼ਾਟਪੁਟ, ਹਾਈ ਜੰਪ, 200 ਮੀਟਰ ਤੇ 100 ਮੀਟਰ ਦੀ ਰੇਸ ਵਿੱਚ ਭਾਗ ਲਿਆ ਗਿਆ।ਸੀਨੀਅਰ ਕਲਾਸ ਦੇ ਬੱਚਿਆਂ ਦੁਆਰਾ ਭੰਗੜਾ ਪੇਸ਼ ਕੀਤਾ ਗਿਆ ਤੇ ਦਰਸ਼ਕਾਂ ਵੱਲੋਂ ਤਾੜੀਆਂ ਨਾਲ ਸਾਰਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।ਵਿਵੇਕਾਨੰਦ ਹਾਊਸ ਵਿੱਚ ਜੇਤੂ ਰਿਹਾ ਤੇ ਸਲਾਨਾ ਟਰਾਫੀ ਵਿਵੇਕਾਨੰਦ ਹਾਊਸ ਦੁਆਰਾ ਪ੍ਰਾਪਤ ਕੀਤੀ ਗਈ।ਸਭ ਤੋਂ ਵਧੀਆ ਅਥਲੈਟਿਕ ਲੜਕਾ ਗੁਰਨੂਰ ਸਿੰਘ ਬਾਰ੍ਹਵੀਂ ਕਲਾਸ, ਮੋਹਿਤ ਯਾਦਵ ਛੇਵੀਂ ਕਲਾਸ ਤੇ ਸਭ ਤੋਂ ਵਧੀਆ ਅਥਲੈਟਿਕ ਲੜਕੀ ਜਸਵੀਰ ਕੌਰ ਛੇਵੀਂ ਕਲਾਸ ਚੁਣੀ ਗਈ।ਮੈਡਮ ਪ੍ਰਿੰਸੀਪਲ ਦੁਆਰਾ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਜੇਤੂ ਬੱਚਿਆਂ ਨੂੰ ਟਰਾਫੀਆਂ ਵੰਡੀਆਂ ਗਈਆਂ।

## ਬਲਾਕ ਜੇ ਬੀ ਆਰ ਐੱਸ ਨਗਰ ਦੇ ਲੋਕਾਂ ਨਾਲ ਕੀਤੀ ਮੀਟਿੰਗ



**ਲੁਧਿਆਣਾ (ਰੈਕਟਰ ਕਥੂਰੀਆ)**-ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਪ੍ਰਧਾਨ ਪਵਨ ਦੀਵਾਨ ਵੱਲੋਂ ਲੋਕਾਂ ਨਾਲ ਮਿਲ ਕੇ ਇਲਾਕੇ ਦੀਆਂ ਸਮੱਸਿਆਵਾਂ ਤੇ ਵਿਕਾਸ ਸਬੰਧੀ ਉਨ੍ਹਾਂ ਦੀ ਸੋਚ ਬਾਰੇ ਜਾਣਨ ਦੇ ਉਦੇਸ਼ ਨਾਲ ਬਲਾਕ ਜੇ, ਬੀਆਰਐੱਸ ਨਗਰ ਦੇ ਨਿਵਾਸੀਆਂ ਨਾਲ ਇੱਕ ਮੀਟਿੰਗ ਕੀਤੀ ਗਈ।ਮੀਟਿੰਗ ਦਾ ਆਯੋਜਨ ਕੁਲਬੀਰ ਸਿੰਘ ਨੀਟਾ ਵੱਲੋਂ ਕੀਤਾ ਗਿਆ ਸੀ।ਪਵਨ ਦੀਵਾਨ ਨੇ ਕਿਹਾ ਕਿ ਲੋਕ ਵੱਡੇ-ਵੱਡੇ ਦਾਅਵੇ ਕਰਨ ਵਾਲੀ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਦੀਆਂ ਨੀਤੀਆਂ ਤੋਂ ਬਹੁਤ ਪ੍ਰੇਸ਼ਾਨ ਹਨ।ਉਨ੍ਹਾਂ ਕਿਹਾ ਕਿ ਆਏ ਦਿਨ ਹੋ ਰਹੀਆਂ ਅਪਰਾਧਿਕ ਵਾਰਦਾਤਾਂ ਤੇ ਅਪਰਾਧ ਦੇ ਲਗਾਤਾਰ ਵੱਧ ਰਹੇ ਗ੍ਰਾਫ ਤੋਂ ਲੋਕ ਡਰੇ ਹੋਏ ਹਨ।ਹਾਲਾਤ ਏਨੇ ਖਰਾਬ ਹੋ ਚੁੱਕੇ ਹਨ ਕਿ ਹੁਣ ਲੋਕ ਇਨ੍ਹਾਂ ਨੂੰ ਸੱਤਾ ਵਿੱਚ ਲਿਆ ਕੇ ਪਛਤਾ ਰਹੇ ਹਨ।ਇਸੇ ਤਰ੍ਹਾਂ ਆਮ ਆਦਮੀ ਪਾਰਟੀ ਵੱਲੋਂ ਕੀਤਾ ਕੋਈ ਵਾਅਦਾ ਪੂਰਾ ਨਹੀਂ ਹੋਇਆ।ਇਨ੍ਹਾਂ ਵੱਲੋਂ 2500 ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਲੋਕਾਂ ਨੂੰ ਪਿਛਲੇ ਕਈ ਮਹੀਨਿਆਂ ਤੋਂ 1500 ਦੀ ਬੁਢਾਪਾ ਪੈਨਸ਼ਨ ਵੀ ਨਹੀਂ ਮਿਲੀ। ਔਰਤਾਂ ਨਾਲ ਕੀਤਾ ਗਿਆ 1000 ਪ੍ਰਤੀ ਮਹੀਨਾ ਦੇਣ ਦਾ ਵਾਅਦਾ ਵੀ ਪੂਰਾ ਨਹੀਂ ਹੋਇਆ, ਜਿਹੜੀ ਰਕਮ ਹੁਣ ਵਿਆਜ ਸਣੇ ਕਈ ਗੁਣਾ ਵਧ ਚੁੱਕੀ ਹੈ।ਦੀਵਾਨ ਨੇ ਜ਼ੋਰ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ ਤੇ ਲੋਕ ਹੁਣ ਇਹਨਾਂ ਦੇ ਝਾਂਸੇ 'ਚ ਨਹੀਂ ਆਉਣਗੇ।

## ਮਨਪ੍ਰੀਤ ਦਾਨੀਪੁਰ ਨੇ ਅਚਰਾਲ ਖੁਰਦ 'ਚ ਕੀਤਾ ਚੋਣ ਪ੍ਰਚਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦਾ ਪ੍ਰਚਾਰ ਸ਼ੁਰੂ ਹੋ ਗਿਆ ਹੈ। ਹਰੇਕ ਉਮੀਦਵਾਰ ਨੇ ਆਪਣੇ ਜ਼ੋਨ ਵਿੱਚ ਆਪਣੇ ਹੱਕ ਵਿੱਚ ਵੋਟਾਂ ਪੱਕੀਆਂ ਕਰਨ ਲਈ ਚੋਣ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਬਲਾਕ ਸੰਮਤੀ ਜ਼ੋਨ ਦਾਨੀਪੁਰ 15 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਮਨਪ੍ਰੀਤ ਸਿੰਘ ਦਾਨੀਪੁਰ ਨੇ ਵੀ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਪਿੰਡ ਅਚਰਾਲ ਖੁਰਦ ਵਿਖੇ ਡੋਰ ਟੂ ਡੋਰ ਜਾ ਕੇ ਚੋਣ ਪ੍ਰਚਾਰ ਕੀਤਾ ਤੇ ਵੋਟਰਾਂ ਨੂੰ ਆਪਣੇ ਹੱਕ ਵਿੱਚ ਵੋਟਾਂ ਪਾਉਣ ਲਈ ਅਪੀਲ ਕੀਤੀ।ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਹੀ ਚੋਣ ਪ੍ਰਚਾਰ ਸ਼ੁਰੂ ਕੀਤਾ ਹੈ। ਪਿੰਡਾਂ ਦੇ ਲੋਕਾਂ ਵੱਲੋਂ ਕਾਂਗਰਸ ਪਾਰਟੀ ਵੱਲੋਂ ਕਰਾਏ ਗਏ ਕੰਮਾਂ ਨੂੰ ਯਾਦ ਕੀਤਾ ਜਾ ਰਿਹਾ ਹੈ। ਪਿੰਡਾਂ ਦੇ ਲੋਕ ਚਾਹੁੰਦੇ ਹਨ ਕਿ ਹੁਣ ਪੰਜਾਬ ਦੀ ਵਾਗ ਡੋਰ ਕਾਂਗਰਸ ਪਾਰਟੀ ਦੇ ਹੱਥ ਵਿੱਚ ਦਿੱਤੀ ਜਾਵੇ ਤਾਂ ਜੁ ਪੰਜਾਬ ਦਾ ਕਿਸਾਨਾਂ, ਗਰੀਬਾਂ ਅਤੇ ਮਜ਼ਦੂਰਾਂ ਦੇ ਕੰਮਾ ਦਾ ਵਿਕਾਸ ਹੋ ਸਕੇ, ਉਨ੍ਹਾਂ ਦੇ ਰੁਕੇ ਕੰਮ ਹੋ ਸਕਣ, ਟੁੱਟੀਆਂ ਸੜਕਾਂ ਦੀ ਮੁਰੰਮਤ ਹੋ ਸਕੇ।ਜ਼ਿਕਰਯੋਗ ਹੈ ਕਿ ਮਨਪ੍ਰੀਤ ਸਿੰਘ ਦੇ ਪਿਤਾ ਰਣਜੀਤ ਸਿੰਘ ਵਿਰਕ ਪਹਿਲਾਂ ਪਿੰਡ ਦਾਨੀਪੁਰ ਦੇ ਸਰਪੰਚ ਰਹਿ ਚੁੱਕੇ ਹਨ, ਜਿਨ੍ਹਾਂ ਦਾ ਸਿਆਸਤ ਵਿੱਚ ਤਜਰਬਾ ਵੀ ਹੈ।ਮਨਪ੍ਰੀਤ ਸਿੰਘ ਸਾਬਕਾ ਵਿਧਾਇਕ ਰਜਿੰਦਰ ਸਿੰਘ ਦੇ ਨਜ਼ਦੀਕੀ ਸਾਥੀਆਂ ਵਿੱਚੋਂ ਹਨ, ਜਿਨ੍ਹਾਂ ਨੂੰ ਸਾਬਕਾ ਵਿਧਾਇਕ ਰਜਿੰਦਰ ਸਿੰਘ ਦਾ ਆਸ਼ੀਰਵਾਦ ਪ੍ਰਾਪਤ ਹੈ।ਉਨ੍ਹਾਂ ਦਾ ਪਰਵਾਰ ਇਲਾਕੇ ਵਿੱਚ ਪੂਰਾ ਅਸਰ ਰਸੂਖ ਰੱਖਦਾ ਹੈ। ਪਿੰਡਾਂ ਦੇ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਣ ਕਰਕੇ ਕਾਂਗਰਸ ਦੇ ਉਮੀਦਵਾਰ ਮਨਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਜੇਕਰ ਦਾਨੀਪੁਰ ਜ਼ੋਨ ਦੇ ਵੋਟਰ ਉਸ ਨੂੰ ਜਿਤਾਉਂਦੇ ਹਨ ਤਾਂ ਉਹ ਬਿਨਾਂ ਭਿੰਨ ਭੇਦ ਕਿਸਾਨਾਂ, ਮਜ਼ਦੂਰਾਂ ਤੇ ਗਰੀਬਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਾਉਣਗੇ।

## ਹਰਭਜਨ ਸਿੰਘ ਨਮਿੱਤ ਅੰਤਿਮ ਅਰਦਾਸ ਮੌਕੇ ਨਿੱਘੀਆਂ ਸ਼ਰਧਾਂਜਲੀਆਂ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਫਤਹਿਗੜ੍ਹ ਸਾਹਿਬ ਤੋਂ ਸੀਨੀਅਰ ਪੱਤਰਕਾਰ ਜਗਦੇਵ ਸਿੰਘ ਦੇ ਪਿਤਾ ਤੇ ਪੱਤਰਕਾਰ ਹਰਪ੍ਰੀਤ ਕੌਰ ਟਿਵਾਣਾ ਦੇ ਸਹੁਰਾ ਸਵ. ਹਰਭਜਨ ਸਿੰਘ ਦੀ ਆਤਮਿਕ ਸ਼ਾਂਤੀ ਲਈ ਕਰਵਾਏ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਅੰਤਿਮ ਅਰਦਾਸ ਮੌਕੇ ਵੱਡੀ ਗਿਣਤੀ ਵਿੱਚ ਸਮਾਜ ਸੇਵੀ, ਧਾਰਮਿਕ, ਸਿਆਸੀ ਸ਼ਖ਼ਸੀਅਤਾਂ, ਪੱਤਰਕਾਰ ਭਾਈਚਾਰੇ, ਪਰਿਵਾਰਕ ਮੈਂਬਰਾਂ ਤੇ ਸਨੇਹੀਆਂ ਨੇ ਵਿਛੜੀ ਰੂਹ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਤੇ ਪੀੜਤ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ।ਜ਼ਿਕਰਯੋਗ ਹੈ ਕਿ ਹਰਭਜਨ ਸਿੰਘ ਦਾ ਬੀਤੀ 28 ਨਵੰਬਰ ਨੂੰ ਸੰਖੇਪ ਬਿਮਾਰੀ ਮਗਰੋਂ ਦਿਹਾਂਤ ਹੋ ਗਿਆ ਸੀ।ਗੁਰਦੁਆਰਾ ਸਾਹਿਬ ਬਾਬਾ ਮੋਤੀ ਰਾਮ ਮਹਿਰਾ ਜੀ ਵਿਖੇ ਪਾਠ ਦੇ ਭੋਗ ਉਪਰੰਤ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ।ਉਪਰੰਤ ਵੱਖ-ਵੱਖ ਸ਼ਖ਼ਸੀਅਤਾਂ ਦੇ ਸ਼ੋਕ ਸੁਨੇਹੇ ਪੜ੍ਹ ਕੇ ਸੁਣਾਏ ਗਏ।ਇਸ ਦੌਰਾਨ ਵਿਧਾਇਕ ਬੱਸੀ ਪਠਾਣਾ ਰੁਪਿੰਦਰ ਸਿੰਘ ਹੈਪੀ, ਐਸਜੀਪੀਸੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ, ਐੱਸ ਸੀ ਵਿੰਗ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਜੀਪੀ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅਜੇ ਸਿੰਘ ਲਿਬੜਾ, ਚੇਅਰਮੈਨ ਮਾਰਕੀਟ ਕਮੇਟੀ ਸਰਹਿੰਦ ਗੁਰਵਿੰਦਰ ਸਿੰਘ ਢਿੱਲੋਂ, ਚੇਅਰਮੈਨ ਚਨਾਰਥਲ ਕਲਾਂ ਰਸ਼ਪਿੰਦਰ ਸਿੰਘ ਰਾਜਾ, ਲੋਕ ਸੰਪਰਕ ਵਿਭਾਗ ਦੇ ਜੁਆਇੰਟ ਡਾਇਰੈਕਟਰ ਇਸ਼ਵਿੰਦਰ ਸਿੰਘ ਗਰੇਵਾਲ, ਸਾਬਕਾ ਡੀਪੀਆਰਓ ਕੁਲਜੀਤ ਸਿੰਘ, ਪਦਮਸ਼੍ਰੀ ਜਗਜੀਤ ਸਿੰਘ ਦਰਦੀ, ਵਾਈਸ ਚਾਂਸਲਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਡਾ. ਪ੍ਰਿਤਪਾਲ ਸਿੰਘ, ਪ੍ਰਧਾਨ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਹਰਪ੍ਰੀਤ ਸਿੰਘ ਪ੍ਰਿੰਸ, ਜਗਦੀਪ ਸਿੰਘ ਚੀਮਾ, ਐਡਵੋਕੇਟ ਅਮਰਦੀਪ ਸਿੰਘ ਧਾਰਨੀ ਸਮੇਤ ਹੋਰਨਾਂ ਸ਼ਖ਼ਸੀਅਤਾਂ ਨੇ ਸਵ. ਹਰਭਜਨ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਉਨ੍ਹਾਂ ਦੀ ਸਮਾਜਕ ਤੇ ਪਰਿਵਾਰਕ ਦੇਣ ਬਾਰੇ ਵਿਚਾਰਾਂ ਕੀਤੀਆਂ। ਬੁਲਾਰਿਆਂ ਨੇ ਕਿਹਾ ਕਿ ਸਵ. ਹਰਭਜਨ ਸਿੰਘ ਨੇ ਜ਼ਿੰਦਗੀ ਵਿੱਚ ਭਾਰੀ ਸੰਘਰਸ਼ ਕੀਤਾ ਤੇ ਹੱਡ ਤੋੜਵੀਂ ਮਿਹਨਤ ਕਰਕੇ ਆਪਣੇ ਧੀਆਂ ਪੁੱਤਰਾਂ ਦੇ ਭਵਿੱਖ ਨੂੰ ਰੌਸ਼ਨ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ। ਇਸ ਮੌਕੇ ਪਰਵਾਰ ਨਾਲ ਵੱਖ-ਵੱਖ ਜ਼ਿਲ੍ਹਿਆਂ ਦੇ ਪੱਤਰਕਾਰ ਸਾਹਿਬਾਨ ਤੇ ਲੋਕ ਸੰਪਰਕ ਵਿਭਾਗ ਦੇ ਅਧਿਕਾਰੀਆਂ ਨੇ ਵੀ ਦੁੱਖ ਸਾਂਝਾ ਕੀਤਾ।

### 19ਵਾਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ

# ਉੜੀਸਾ ਨੇਵਲ ਟਾਟਾ ਟੀਮ ਨੇ ਆਰਮੀ ਬੁਆਏਜ਼ ਨੂੰ 7-1 ਨਾਲ ਹਰਾਇਆ



**ਜਲੰਧਰ (ਸ਼ੈਲੀ ਐਲਬਰਟ)**
ਸੁਰਜੀਤ ਹਾਕੀ ਸਟੇਡੀਅਮ ਵਿਖੇ ਚੱਲ ਰਹੇ 19ਵੇਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਅੰਡਰ-19 ਦੇ ਤੀਜੇ ਦਿਨ ਵੱਖ-ਵੱਖ ਟੀਮਾਂ ਵਿਚਕਾਰ ਚਾਰ ਮੈਚ ਖੇਡੇ ਗਏ।ਇਸ ਮੌਕੇ ਅਥਲੀਟ ਸੁੱਚਾ ਸਿੰਘ ਅਰਜੁਨ ਐਵਾਰਡੀ, ਜਤਿੰਦਰ ਸਿੰਘ ਪੰਨੂ, ਹਰਭਜਨ ਕੌਰ, ਸੁਖਵਿੰਦਰ ਸਿੰਘ ਐਸ.ਪੀ ਹੈੱਡਕੁਆਰਟਰ, ਓਲੰਪੀਅਨ ਸੁਰਿੰਦਰ ਸਿੰਘ ਸੋਢੀ ਮੁੱਖ ਮਹਿਮਾਨ ਵਜੋਂ ਪਹੁੰਚੇ।ਮੰਗਲਵਾਰ ਨੂੰ ਹੋਏ ਪਹਿਲੇ ਮੈਚ ਵਿੱਚ ਪੂਲ ਸੀ ਵਿੱਚ ਸੁਰਜੀਤ ਹਾਕੀ ਅਕੈਡਮੀ ਜਲੰਧਰ ਨੇ ਜਰਖੜ ਹਾਕੀ ਅਕੈਡਮੀ ਲੁਧਿਆਣਾ ਨੂੰ 4-2 ਨਾਲ ਹਰਾਇਆ।ਸੁਰਜੀਤ ਅਕੈਡਮੀ ਲਈ ਜਸ਼ਨਪ੍ਰੀਤ ਸਿੰਘ, ਮਨਦੀਪ ਸਿੰਘ, ਮਨਰੂਪ ਸਿੰਘ, ਯੁਵਰਾਜ ਸਿੰਘ ਨੇ ਗੋਲ ਕੀਤੇ। ਜਰਖੜ ਅਕੈਡਮੀ ਲਈ ਅਰਜਨਦੀਪ ਸਿੰਘ ਅਤੇ ਗੁਰਮਾਨਵਦੀਪ ਸਿੰਘ ਨੇ 1-1 ਗੋਲ ਕੀਤਾ।ਸੁਰਜੀਤ ਅਕੈਡਮੀ ਦੇ ਜਸ਼ਨਪ੍ਰੀਤ ਸਿੰਘ ਨੂੰ ਮੈਨ ਆਫ਼ ਦਾ ਮੈਚ ਚੁਣਿਆ ਗਿਆ।ਪੂਲ ਬੀ ਵਿੱਚ ਐੱਸ ਏ ਆਈ ਐੱਨ ਸੀ ਓ ਈ ਲਖਨਊ ਨੇ ਸ਼ਾਹਬਾਦ ਹਾਕੀ ਅਕੈਡਮੀ ਹਰਿਆਣਾ ਨੂੰ 5-2 ਨਾਲ ਹਰਾਇਆ।ਜੇਤੂ ਟੀਮ ਲਈ ਗੁਰਪ੍ਰੀਤ ਸਿੰਘ ਨੇ 2, ਰਿਤੇਸ਼ ਪਾਂਡੇ, ਮਿਥਲੇਸ਼ ਯਾਦਵ, ਸੂਰਜ ਕੁਮਾਰ ਨੇ 1-1 ਗੋਲ ਕੀਤਾ।ਸ਼ਾਹਬਾਦ ਹਾਕੀ ਅਕੈਡਮੀ ਲਈ ਕੁਸ਼ ਮਾਂਝੀ ਅਤੇ ਨੀਰਜ ਨੇ 1-1 ਗੋਲ ਕੀਤਾ।ਲਖਨਊ ਟੀਮ ਦੇ ਗੁਰਪ੍ਰੀਤ ਸਿੰਘ ਨੂੰ ਮੈਨ ਆਫ਼ ਦਾ ਮੈਚ ਚੁਣਿਆ ਗਿਆ। ਪੂਲ ਸੀ ਵਿੱਚ ਸੇਲ ਹਾਕੀ ਅਕੈਡਮੀ ਰੁੜਕੇਲਾ ਨੇ ਐੱਸ ਏ ਆਈ ਐੱਨ ਸੀ ਓ ਈ ਸੋਨੀਪਤ ਹਰਿਆਣਾ ਨੂੰ 5-2 ਨਾਲ ਹਰਾਇਆ।ਜੇਤੂ ਟੀਮ ਲਈ ਅਰਜੁਨ ਲਾਕੜਾ, ਰੋਹਿਤ ਇਕਾ, ਸੰਦੀਪ ਲਾਕੜਾ, ਕ੍ਰਿਸ਼ਨਾ ਮੋਹਨ, ਲੈਲਸਨ ਮਿੰਜ ਨੇ ਗੋਲ ਕੀਤੇ ਜਦਕਿ ਐੱਨ ਸੀ ਓ ਈਸੋਨੀਪਤ ਹਰਿਆਣਾ ਲਈ ਸੁਨੀਲ ਅਤੇ ਸਿਰਜਨ ਯਾਦਵ ਨੇ 1-1 ਗੋਲ ਕੀਤਾ।ਸੇਲ ਹਾਕੀ ਅਕੈਡਮੀ ਦੇ ਸੰਦੀਪ ਲਾਕੜਾ ਨੂੰ ਮੈਨ ਆਫ ਦਾ ਮੈਚ ਚੁਣਿਆ ਗਿਆ। ਪੂਲ ਬੀ ਵਿੱਚ ਓਡੀਸ਼ਾ ਨੇਵਲ ਟਾਟਾ ਹਾਈ ਪਰਫਾਰਮੈਂਸ ਸੈਂਟਰ ਨੇ ਆਰਮੀ ਬੁਆਏਜ਼ ਸਪੋਰਟਸ ਕੰਪਨੀ ਬੰਗਲੌਰ ਨੂੰ 7-1 ਨਾਲ ਹਰਾਇਆ।ਜੇਤੂ ਟੀਮ ਦੀ ਤਰਫੋਂ ਬਿਲਕਨ ਓਰਮ ਨੇ ਹੈਟ੍ਰਿਕ, ਬਿਦਿਆਨੰਦ ਸਿੰਘ, ਦੀਪਕ ਪ੍ਰਧਾਨ ਨੇ ਗੋਲ ਕੀਤੇ।ਆਰਮੀ ਲੜਕਿਆਂ ਦੀ ਟੀਮ ਲਈ ਇਕਮਾਤਰ ਗੋਲ ਕਪਤਾਨ ਅਰਜੁਨ ਨੇ ਕੀਤਾ।ਉੜੀਸਾ ਨੇਵਲ ਟਾਟਾ ਟੀਮ ਦੇ ਬਿਲਕਨ ਓਰਮ ਨੂੰ ਮੈਨ ਆਫ ਦਾ ਮੈਚ ਚੁਣਿਆ ਗਿਆ।ਇਸ ਮੌਕੇ ਗੁਰਸ਼ਰਨ ਸਿੰਘ ਕਪੂਰ, ਹਰਭਜਨ ਸਿੰਘ ਕਪੂਰ, ਤੀਰਥ ਸਿੰਘ ਕਪੂਰ, ਹਰਦੀਪ ਸਿੰਘ ਕਪੂਰ, ਮਨਜੀਤ ਸਿੰਘ ਕਪੂਰ, ਪਰਮਿੰਦਰ ਕੌਰ, ਮਨਜੀਤ ਕੌਰ, ਪਲਵਿੰਦਰ ਕੌਰ, ਅਮਨਪ੍ਰੀਤ ਕੌਰ, ਸੰਜੀਵ ਕੁਮਾਰ ਓਲੰਪੀਅਨ, ਰਿਪੁਦਮਨ ਕੁਮਾਰ ਸਿੰਘ ਇੰਟਰਨੈਸ਼ਨਲ, ਰਾਮ ਸਰਨ ਇੰਟਰਨੈਸ਼ਨਲ, ਹਰਵਿੰਦਰ ਸਿੰਘ ਰਣਸੀਂਹ ਇੰਟਰਨੈਸ਼ਨਲ, ਹਰਵਿੰਦਰ ਸਿੰਘ ਰਣਸੀਂਹ ਉਗਰਾਹਾਂ, ਡਾ. ਪਰਮਜੀਤ ਸਿੰਘ ਰਿਟਾਇਰਡਹਾਕੀ ਕੋਚ ਗਵਾਲੀਅਰ, ਡਾ: ਮਨੂ ਸੂਦ, ਹਰਿੰਦਰ ਸਿੰਘ ਸੰਘਾ, ਡੈਨੀ ਕਿੰਨੀ ਟੈਕਨੀਕਲ ਡੈਲੀਗੇਟ, ਅਵਿਨਾਸ਼ ਸ੍ਰੀਵਾਸਤਵ ਅੰਪਾਇਰ ਮੈਨੇਜਰ, ਨਰਿੰਦਰ ਵਿਗ, ਮੁਕੇਸ਼ ਕੁਮਾਰ ਇੰਟਰਨੈਸ਼ਨਲ, ਬਲਬੀਰ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ, ਅਜੀਤ ਸਿੰਘ, ਸਤਬੀਰ ਸਿੰਘ, ਲਕਸ਼ੈ ਆਦਿ ਹਾਜ਼ਰ ਸਨ।

## ਆਕਸਫੋਰਡ ਸਕੂਲ 'ਚ ਕਰਾਈ ਸਪੋਰਟਸ ਫਿਸਟਾ 2025




**ਬਠਿੰਡਾ (ਰਾਜੀਵ ਗੋਇਲ)**
'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ, ਭਗਤਾ ਭਾਈ ਕਾ' ਦੇ ਵਿਦਿਆਰਥੀਆਂ ਦੇ ਬੌਧਿਕ, ਮਾਨਸਿਕ ਤੇ ਸਰੀਰਕ ਵਿਕਾਸ ਨੂੰ ਪ੍ਰਪੱਕ ਕਰਨ ਲਈ ਸਕੂਲ 'ਚ ਦੋ ਰੋਜ਼ਾ ਸਾਲਾਨਾ ਜੂਨੀਅਰ ਸਪੋਰਟਸ ਫਿਸਟਾ 2025 ਕਰਾਇਆ ਗਿਆ।ਸਮਾਗਮ ਦਾ ਆਰੰਭ ਬਹੁਤ ਹੀ ਰਸਭਿੰਨਾ ਸ਼ਬਦ 'ਸੁਖ ਤੇਰਾ ਦਿਤਾ ਲਹੀਐ' ਦੇ ਗਾਇਨ ਨਾਲ ਹੋਇਆ।

ਇਸ ਤੋਂ ਬਾਅਦ ਵਿਦਿਆਰਥਣਾਂ ਨੇ ਖੇਡ ਸਮਾਗਮ ਦੇ ਮੁੱਖ ਮਹਿਮਾਨ ਸ੍ਰੀਮਤੀ ਮਮਤਾ ਖੁਰਾਣਾ ਸੇਠੀ ਡੀ.ਈ.ਓ, ਬਠਿੰਡਾ ਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨਾਂ ਦੇ ਸੁਆਗਤੀ ਗੀਤ ਗਾਇਆ।ਮੁੱਖ ਮਹਿਮਾਨ ਵੱਲੋਂ ਖੇਡ ਸਮਾਗਮ ਦੀ ਸ਼ੁਰੂਆਤ ਰਿਬਨ ਕੱਟ ਕੇ ਕੀਤੀ ਗਈ। ਜ਼ਿਕਰਯੋਗ ਹੈ ਕਿ ਦੂਜੇ ਦਿਨ ਦੇ ਮੁੱਖ ਮਹਿਮਾਨ ਸ੍ਰੀ ਰਾਜੀਵ ਕੁਮਾਰ ਖੰਨਾ ਨਾਇਬ ਤਹਿਸੀਲਦਾਰ, ਭਗਤਾ ਭਾਈ ਕਾ ਨੇ ਨੰਨ੍ਹੇ ਬੱਚਿਆਂ ਦਾ ਖੂਬ ਹੌਸਲਾ ਵਧਾਇਆ।ਖੇਡ ਸਮਾਗਮ ਦੀ ਪਹਿਲੀ ਈਵੈਂਟ ਪ੍ਰੀ ਨਰਸਰੀ ਦੇ ਵਿਦਿਆਰਥੀਆਂ ਦੀ ਕੋਨ ਬੇਲੈਂਸ ਤੇ ਬਟਰਫਲਾਈ ਰੇਸੀ, ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਬੌਕਸ, ਪੂਲ ਕੋਨ, ਟ੍ਰੇਨ ਪੂਲ ਰੇਸ, ਬਟਨ ਰਿਲੇਅ ਰੇਸ, ਕੇਟਰ ਪਿਲਰ ਰੇਸ, ਰੈਬਿਟ ਰੇਸ, ਐਲੀਫੈਂਟ ਰੇਸ, ਲੁਇਨ ਰੇਸ, ਡੱਕ ਰੇਸ ਆਦਿ ਈਵੈਂਟਸ ਪੇਸ਼ ਕੀਤੀਆਂ। ਐਲ ਕੇ ਜੀ ਦੇ ਵਿਦਿਆਰਥੀਆਂ ਨੇ ਵੱਖ-ਵੱਖ ਔਬਸਟੇਕਲ ਰੇਸ ਵਿੱਚ, ਹਾਕੀ ਰੇਸ, ਫਰੌਗ ਰੇਸ, ਮੰਕੀ ਰੇਸ, ਟਰਟਲੀ ਰੇਸ ਆਦਿ ਦੌੜਾਂ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਯੂ.ਕੇ.ਜੀ ਦੇ ਵਿਦਿਆਰਥੀਆਂ ਨੇ ਰਿਲੇਅ ਰੇਸ, ਜਿਸ 'ਚ ਬੈਗ ਪੈਕ, ਜਿਗ-ਜੈਗ ਬਿਸਕੁਟ ਖਾਣਾ ਆਦਿ ਸ਼ਾਮਲ 'ਚ ਭਾਗ ਲਿਆ।ਇਸੇ ਤਰ੍ਹਾਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਵੀ ਰਿਲੇਅ ਰੇਸ ਦੀਆਂ ਵੱਖ-ਵੱਖ ਈਵੈਂਟਸ 'ਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਵਰਣਨਯੋਗ ਹੈ ਕਿ ਇਨ੍ਹਾਂ ਨੰਨ੍ਹਿਆਂ ਦੀ ਐਥਲੀਟ ਮੀਟ ਦੇ ਦਰਸ਼ਕ ਮਾਪਿਆਂ ਲਈ ਵੀ ਕੁੱਝ ਗੇਮਜ਼ ਕਰਾਈਆਂ ਗਈਆਂ, ਜਿਸ ਵਿੱਚ ਟੱਗ ਆਫ਼ ਵਾਰ ਤੇ ਮਿਊਜ਼ਕਲ ਚੇਅਰ, ਕਪਲ ਰੇਸ ਸਨ।ਇਸ ਤੋਂ ਇਲਾਵਾ ਬੱਚਿਆਂ ਦੇ ਦਾਦਾ -ਦਾਦੀ ਜੀ ਲਈ ਵੀ ਸਪੂਨ -ਲੈਮਨ ਰੇਸ ਰੱਖੀ ਗਈ। ਜਿਸ ਵਿੱਚ ਸਾਰੇ ਮਾਪਿਆਂ ਨੇ ਹੁੰਮ-ਹੁੰਮਾ ਕੇ ਹਿੱਸਾ ਲਿਆ।ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਜੀ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ।ਉਨ੍ਹਾਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਕਿਹਾ ਕਿ ਆਉਣ ਵਾਲੇਂ ਸਮੇਂ ਵਿੱਚ ਵੀ ਅਜਿਹੇ ਮੌਕੇ ਪੈਦਾ ਕੀਤੇ ਜਾਣਗੇ।

## 6ਵੀਂ ਜਮਾਤ 'ਚ ਦਾਖਲੇ ਲਈ ਦਾਖਲਾ ਪ੍ਰੀਖਿਆ 13 ਨੂੰ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਜਵਾਹਰ ਨਵੋਦਿਆ ਵਿਦਿਆਲਿਆ ਕਿੱਕਰ ਵਾਲਾ ਰੂਪਾ ਦੇ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਵਰਮਾ ਨੇ ਜਾਣਕਾਰੀ ਦਿੱਤੀ ਕਿ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ 6ਵੀਂ ਜਮਾਤ ਵਿੱਚ ਦਾਖਲਾ ਲੈਣ ਲਈ ਦਾਖਲਾ ਪ੍ਰੀਖਿਆ 13 ਦਸੰਬਰ ਨੂੰ ਸਵੇਰੇ 11:30 ਤੋਂ ਦੁਪਹਿਰ 1:30 ਵਜੇ ਤੱਕ ਜ਼ਿਲ੍ਹੇ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ 'ਚ ਲਈ ਜਾ ਰਹੀ ਹੈ। ਪ੍ਰਿੰਸੀਪਲ ਨੇ ਉਮੀਦਵਾਰਾਂ ਨੂੰ ਕਿਹਾ ਕਿ ਉਹ ਨਿਰਧਾਰਤ ਪ੍ਰੀਖਿਆ ਕੇਂਦਰ 'ਚ ਸਵੇਰੇ 10 ਵਜੇ ਪਹੁੰਚਣਾ ਯਕੀਨੀ ਬਣਾਉਣ।ਪ੍ਰੀਖਿਆ ਕੇਂਦਰ 'ਚ ਬੈਠਨ ਲਈ ਦਾਖਲਾ ਕਾਰਡ ਲਿਆਉਣਾ ਲਾਜ਼ਮੀ ਹੈ।ਉਨ੍ਹਾਂ ਅਪੀਲ ਕੀਤੀ ਕਿ ਉਹ ਆਪਣੇ ਦਾਖਲਾ ਕਾਰਡ/ਰੋਲ ਨੰਬਰ ਸੀ.ਬੀ.ਐਸ.ਈ. ਵੱਲੋਂ ਜਾਰੀ ਵੈਬਸਾਈਟ ਲਿੰਕ ਤੋਂ ਡਾਊਨਲੋਡ ਕਰ ਲੈਣ।ਉਨ੍ਹਾਂ ਕਿਹਾ ਕਿ ਦਾਖਲਾ ਕਾਰਡ/ਰੋਲ ਨੰਬਰ ਡਾਊਨਲੋਡ ਕਰਨ ਵਿਚ ਜੇਕਰ ਕੋਈ ਦਿੱਕਤ ਆਉਂਦੀ ਹੈ ਤਾਂ ਜਵਾਹਰ ਨਵੋਦਿਆ ਕਿਕਰ ਵਾਲਾ ਰੂਪਾ ਦੇ ਹੈਲਪਲਾਈਨ ਨੰਬਰ 93830 32160 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## 18 ਨੂੰ ਪੰਜਾਬ ਦੇ ਰਾਜਪਾਲ ਕਰਨਗੇ ਫਾਜ਼ਿਲਕਾ ਜ਼ਿਲ੍ਹੇ ਦਾ ਦੌਰਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ 18 ਦਸੰਬਰ ਨੂੰ ਫਾਜ਼ਿਲਕਾ ਜ਼ਿਲ੍ਹੇ ਦਾ ਦੌਰਾ ਕਰਨਗੇ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਉਨ੍ਹਾਂ ਦੀ ਆਮਦ ਸਬੰਧੀ ਲੋੜੀਂਦੇ ਪ੍ਰਬੰਧਾਂ ਨੂੰ ਨੇਪਰੇ ਚਾੜ੍ਹਨ ਹਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ ਕਰਮਚਾਰੀਆਂ ਨਾਲ ਮੀਟਿੰਗ ਕਰਨ ਮੌਕੇ ਦਿੱਤੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦੌਰੇ ਦੌਰਾਨ ਉਹ ਸ਼ਹੀਦਾਂ ਦੀ ਸਮਾਧ ਆਸਫ ਵਾਲਾ ਵਾਰ ਮੈਮੋਰੀਅਲ ਵਿਖੇ ਨਤਮਸਤਕ ਹੋਣਗੇ।ਇਸ ਉਪਰੰਤ ਉਨ੍ਹਾਂ ਦੀ ਅਗਵਾਈ ਹੇਠ ਸੰਜੀਵ ਸਿਨੇਮਾ ਚੌਂਕ ਤੋਂ ਘੰਟਾ ਘਰ ਤੱਕ ਮਾਰਚ ਵੀ ਕੱਢਿਆ ਜਾਵੇਗਾ। ਇਸ ਤੋਂ ਇਲਾਵਾ ਮਾਨਯੋਗ ਰਾਜਪਾਲ ਵਿਲੇਜ ਡਿਫੈਂਸ ਕਮੇਟੀਆਂ ਨਾਲ ਵਿਚਾਰ ਚਰਚਾ ਕਰਨਗੇ।ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਮਾਨਯੋਗ ਰਾਜਪਾਲ ਦੀ ਆਮਦ 'ਤੇ ਲਗਾਈ ਗਈ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਕਿਹਾ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਨੂੰ ਸੁਰੱਖਿਆਂ ਪੱਖੋਂ ਪ੍ਰਬੰਧਾਂ ਨੂੰ ਮੁਕੰਮਲ ਕਰਨ ਲਈ ਕਿਹਾ।ਇਸ ਤੋਂ ਇਲਾਵਾ ਉਨ੍ਹਾਂ ਸਿਹਤ ਵਿਭਾਗ, ਨਗਰ ਕੌਂਸਲ, ਪੀਡਬਲਯੂਡੀ, ਟਰਾਂਸਪੋਰਟ, ਮੰਡੀ ਬੋਰਡ, ਵਾਟਰ ਸਪਲਾਈ, ਬਿਜਲੀ ਵਿਭਾਗ ਆਦਿ ਹੋਰਨਾਂ ਵਿਭਾਗਾਂ ਨੂੰ ਆਪੋ-ਆਪਣੇ ਵਿਭਾਗ ਨਾਲ ਸਬੰਧਤ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।ਇਸ ਮੌਕੇ ਜ਼ਿਲ੍ਹਾ ਪੁਲਸ ਮੁਖੀ ਗੁਰਮੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ, ਐਸ.ਡੀ.ਐਮ. ਕੰਵਰਜੀਤ ਸਿੰਘ ਮਾਨ ਤੇ ਕ੍ਰਿਸ਼ਨ ਪਾਲ ਰਾਜਪੂਤ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ

## ਗਊਆਂ ਨੂੰ ਬੇਰਹਿਮੀ ਨਾਲ ਮਾਰਨ ਵਾਲਿਆਂ 'ਤੇ ਪਰਚਾ ਦਰਜ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪਿੰਡ ਘੜੈਲਾ ਤੋਂ ਪਿੰਡ ਜਿਉਦ ਨੂੰ ਜਾਂਦੀ ਲਿੰਕ ਸੜਕ ਤੇ ਗਊਵੰਸ਼ ਨੂੰ ਬੇਰਹਿਮੀ ਨਾਲ ਮਾਰ ਕੇ ਸੁੱਟਿਆ ਗਿਆ ਥਾਣਾ ਸਦਰ ਰਾਮਪੁਰਾ ਵੱਲੋਂ ਨਾਮਲੂਮ ਵਾਹਨ ਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਗਊ ਸੁਰੱਕਸ਼ਾ ਸੇਵਾ ਦਲ ਪੰਜਾਬ ਦੇ ਪ੍ਰਧਾਨ ਸੰਦੀਪ ਵਰਮਾ ਨੇ ਦੱਸਿਆ ਕਿ ਸਾਨੂੰ ਇਤਲਾਹ ਮਿਲੀ ਕਿ ਪਿੰਡ ਘੜੈਲਾ ਤੋ ਪਿੰਡ ਜਿਉਦ ਨੂੰ ਜਾਂਦੀ ਲਿੰਕ ਸੜਕ ਤੇ ਕੁੱਝ ਵਿਅਕਤੀਆਂ ਵੱਲੋਂ ਇੱਕ ਗਊ ਵੰਸ਼ ਨੂੰ ਬੇਰਹਿਮੀ ਨਾਲ ਮਾਰ ਕੇ ਚੱਲਦੀ ਗੱਡੀ ਵਿੱਚੋਂ ਸੁੱਟਿਆ ਹੋਇਆ ਜਾਪ ਰਿਹਾ ਹੈ, ਅਸੀਂ ਇਸ ਦੀ ਇਤਲਾਹ ਥਾਣਾ ਸਦਰ ਰਾਮਪੁਰਾ ਨੂੰ ਦਿੱਤੀ ਤਾਂ ਬਿਨਾਂ ਕਿਸੇ ਦੇਰੀ ਤੋਂ ਥਾਣਾ ਮੁਖੀ ਬੂਟਾ ਸਿੰਘ ਪੁਲਸ ਪਾਰਟੀ ਸਮੇਤ ਘਟਨਾ ਸਥਾਨ ਤੇ ਪਹੁੰਚੇ ਘਟਨਾ ਸਥਾਨ ਦਾ ਜਾਇਜ਼ਾ ਲੈ ਕੇ ਮ੍ਰਿਤਕ ਗਊ ਵੰਸ਼ ਨੂੰ ਐਨੀਮਲ ਐਂਬੂਲੈਂਸ ਰਾਹੀਂ ਪੋਸਟਮਾਰਟਮ ਲਈ ਰਾਮਪੁਰਾ ਵਿਖੇ ਲਿਆਂਦਾ ਗਿਆ। ਇਸ ਸਬੰਧ ਵਿੱਚ ਐਸ ਐਸ ਪੀ ਬਠਿੰਡਾ ਅਮਨੀਤ ਕੌਂਡਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਦੋਸ਼ੀਆਂ ਦੀ ਭਾਲ ਕਰਕੇ ਸਲਾਖਾਂ ਪਿੱਛੇ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਥਾਣਾ ਸਦਰ ਰਾਮਪੁਰਾ ਵਿਖੇ ਮੇਰੇ ਬਿਆਨਾਂ ਤਹਿਤ ਨਾਮਲੂਮ ਦੋਸ਼ੀਆਂ ਖਿਲਾਫ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਗਊ ਵੰਸ਼ ਦਾ ਪੋਸਟ ਮਾਰਟਮ ਕਰਾ ਕੇ ਅੰਤਿਮ ਕਿਰਿਆਕਰਮ ਕਰਨ ਲਈ ਗਊ ਸੁਰੱਖਸ਼ਾ ਸੇਵਾ ਦਲ ਪੰਜਾਬ ਦੀ ਸਿਰਮੌਰ ਸੰਸਥਾ ਦੇ ਹਵਾਲੇ ਕੀਤਾ। ਮ੍ਰਿਤਕ ਗਊ ਵੰਸ਼ ਨੂੰ ਧਾਰਮਿਕ ਰੀਤੀ ਰਿਵਾਜਾਂ ਨਾਲ ਫੂਲ ਰੋਡ ਤੇ ਸਥਿਤ ਬੀੜ ਵਿਖੇ ਅੰਤਮ ਕਿਰਿਅਕਰਮ ਕੀਤਾ ਗਿਆ।

## ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਸੰਬੰਧੀ ਐੱਫ ਆਈ ਆਰ ਦਰਜ 'ਤੇ ਵਡਾਲਾ ਦੇ ਉੱਦਮਾਂ ਦਾ ਧੰਨਵਾਦ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੀ ਬੀਤੇ ਸਮੇ 'ਚ ਹੋਈ ਸਾਜ਼ਿਸ਼ੀ ਗੁੰਮਸ਼ੁਦਗੀ ਸੰਬੰਧੀ ਖ਼ਾਲਸਾ ਪੰਥ ਤੇ ਸਮੁੱਚੀਆਂ ਪਾਰਟੀਆਂ ਨੂੰ ਡੂੰਘਾਂ ਦੁੱਖ ਪਹੁੰਚਿਆ ਸੀ, ਉਸ ਸਮੇਂ ਸਮੁੱਚੀਆਂ ਪਾਰਟੀਆਂ ਦੀ ਇਸ ਵਿਸ਼ੇ ਉਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਇਕੱਤਰਤਾ ਹੋਈ ਸੀ ਅਤੇ ਇਸਦੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਦਿਵਾਉਣ ਦੀ ਗੱਲ ਉੱਠੀ ਸੀ, ਪਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਬਲਦੇਵ ਸਿੰਘ ਵਡਾਲਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਜਿੱਥੇ ਤਹਿ ਦਿਲੋਂ ਸ਼ੁਕਰ ਗੁਜ਼ਾਰ ਹੈ ਕਿ ਉਨ੍ਹਾਂ ਦੇ ਅਣਥੱਕ ਸੰਜੀਦਾ ਯਤਨਾ ਦੀ ਬਦੌਲਤ ਐਸ.ਜੀ.ਪੀ.ਸੀ ਦੇ ਦੋਸੀ ਅਧਿਕਾਰੀਆ ਵਿਰੁੱਧ ਐਫ.ਆਈ.ਆਰ ਦਰਜ ਹੋ ਚੁੱਕੀ ਹੈ।ਹੁਣ ਸਾਨੂੰ ਸਮੁੱਚੇ ਪੰਥਕ ਆਗੂਆਂ ਨੂੰ ਚਾਹੀਦਾ ਹੈ ਕਿ ਇਸ ਸਾਜ਼ਿਸ਼ ਦੇ ਦੋਸ਼ੀ ਸਾਬਤ ਹੋਣ ਵਾਲਿਆ ਵਿਰੁੱਧ ਇਕੱਤਰ ਹੋ ਕੇ ਇਸ ਅਮਲ ਨੂੰ ਕਾਨੂੰਨੀ ਅਮਲ ਹੋਣ ਤੱਕ ਸਮੂਹਿਕ ਰੂਪ ਵਿਚ ਜ਼ਿੰਮੇਵਾਰੀਆ ਨਿਭਾਈਆਂ ਜਾਣ, ਕਿਉਂਕਿ ਇਹ ਕੋਈ ਪ੍ਰਸ਼ਾਸਨਿਕ ਗਲਤੀ ਨਹੀਂ ਸੀ, ਬਲਕਿ ਕਾਨੂੰਨੀ ਤੇ ਅਪਰਾਧਿਕ ਲਾਪ੍ਰਵਾਹੀ ਸੀ।

ਇਹ ਵਿਚਾਰ ਇਮਾਨ ਸਿੰਘ ਮਾਨ ਐਕਟਿੰਗ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 328 ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਸੰਬੰਧੀ ਵਡਾਲਾ ਦੇ ਉਦਮਾਂ ਸਦਕਾ ਦਰਜ ਹੋਈ ਐਫਆਈਆਰ ਅਤੇ ਇਸ ਦੇ ਦੋਸ਼ੀਆਂ ਨੂੰ ਸਜ਼ਾਂ ਦਿਵਾਉਣ ਵੱਲ ਹੋਣ ਜਾ ਰਹੇ ਅਮਲ ਲਈ ਧੰਨਵਾਦ ਕਰਦੇ ਹੋਏ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੰਦੇ ਹੋਏ ਪ੍ਰਗਟਾਏ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਸਰੂਪਾਂ ਦੀ ਜ਼ਿੰਮੇਵਾਰੀ ਤਹਿ ਕਰਨ ਹਿੱਤ ਕਿੰਨੇ ਸਰੂਪ ਗੁੰਮ ਹੋਏ, ਇਸ ਵਿਚ ਕੌਣ-ਕੌਣ ਜ਼ਿੰਮੇਵਾਰ ਹੈ, ਇਸਦੀ ਈਸ਼ਰ ਸਿੰਘ ਐਡਵੋਕੇਟ ਜਾਂਚ ਕਮੇਟੀ ਦੀ ਰਿਪੋਰਟ ਸਾਡੇ ਵੱਲੋਂ 2 ਵਾਰੀ ਅੰਮ੍ਰਿਤਸਰ ਜ਼ਿਲ੍ਹਾ ਪੁਲਸ ਕਮਿਸ਼ਨਰ ਦੇ ਸਪੁਰਦ ਕਾਰਵਾਈ ਕਰਨ ਲਈ ਦਿੱਤੀ ਗਈ, ਪਰ ਉਸ ਉਤੇ ਲੰਮੇ ਸਮੇਂ ਤੋਂ ਕੋਈ ਅਮਲ ਨਾ ਹੋਇਆ।ਹਾਈਕੋਰਟ ਦੀ ਕਾਰਵਾਈ ਉਪਰੰਤ ਬਲਦੇਵ ਸਿੰਘ ਵਡਾਲਾ ਸਦਕਾ 7-12-2025 ਨੂੰ ਥਾਣਾ ਡਵੀਜ਼ਨ ਸੀ ਅੰਮ੍ਰਿਤਸਰ ਵਿਖੇ ਦਰਜ ਹੋਈ ਹੈ।ਰਿਪੋਰਟ 'ਚ 406, 409, 120ਬੀ, 465ਸੀ ਧਰਾਵਾਂ ਲੱਗੀਆਂ ਹਨ, ਜਿਸ ਅਨੁਸਾਰ ਐਸ.ਜੀ.ਪੀ.ਸੀ ਦੇ ਸਟਾਕ ਰਜਿਸਟਰ ਵਿਚ ਗੜਬੜ, ਜ਼ਿੰਮੇਵਾਰ ਅਧਿਕਾਰੀਆਂ ਦੀ ਅਪਰਾਧਕ ਜਾਂਚ ਸ਼ਾਮਲ ਹੈ।

ਇਸ ਨਾਲ ਸਮੁੱਚੇ ਪੰਥਦਰਦੀ ਤੇ ਖਾਲਸਾ ਪੰਥ ਲਈ ਵੱਡੀ ਸਫ਼ਲਤਾ ਵਾਲੀ ਗੱਲ ਹੈ ਕਿ ਅਸਲ ਦੋਸ਼ੀਆਂ ਵਿਰੁੱਧ ਕਾਨੂੰਨੀ ਅਮਲ ਹੋਣ ਜਾ ਰਿਹਾ ਹੈ, ਜਦੋਂਕਿ ਇਸ ਵਿਸ਼ੇ 'ਤੇ ਪੰਜਾਬ ਸਰਕਾਰ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ, ਜਿਸ ਨੇ ਕੋਈ ਵੀ ਬਣਦੀ ਜ਼ਿੰਮੇਵਾਰੀ ਪੂਰਨ ਨਹੀਂ ਕੀਤੀ ਨਾ ਹੀ ਐਫਆਈਆਰ ਦਰਜ ਕਰਾਈ, ਨਾ ਹੀ ਦੋਸ਼ੀਆਂ ਦੀ ਜੁਆਬਦੇਹੀ ਤਹਿ ਕੀਤੀ, ਐਸ.ਜੀ.ਪੀ.ਸੀ ਦੀਆਂ ਜਨਰਲ ਚੋਣਾਂ 1925 ਦੇ ਐਕਟ ਅਧੀਨ ਸਹੀ ਸਮੇਂ 'ਤੇ ਨਹੀਂ ਕਰਾਈਆਂ, ਜਸਟਿਸ ਐਸ.ਐਸ. ਸਾਰੋ ਦੇ ਹੁਕਮ ਨਹੀਂ ਮੰਨੇ।

## ਪਰਾਲੀ ਨੂੰ ਅੱਗ ਲਾਉਣ ਦੇ ਦੋਸ਼ 'ਚ 4 ਲੋਕਾਂ ਵਿਰੁੱਧ ਪਰਚਾ

**ਜਲਾਲਾਬਾਦ (ਜੀਤ ਕੁਮਾਰ)**
ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਮੋਹਕਮ ਅਰਾਈਆਂ ਵਿਖੇ ਖੇਤ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ 4 ਲੋਕਾਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬੇਅੰਤ ਸਿੰਘ ਨੇ ਦੱਸਿਆ ਕਿ ਪਰਮਜੀਤ ਸਿੰਘ ਨੋਡਲ ਅਫਸਰ ਵੱਲੋਂ ਇਕ ਪੱਤਰ ਨੰਬਰ ਬੀ-44 ਮਿਤੀ 13-11-2025 ਨੂੰ ਦਿੱਤਾ ਸੀ।

ਇਸ ਪੱਤਰ ਮੁਤਾਬਿਕ ਪਿੰਡ ਮੋਹਕਮ ਅਰਾਈਆ ਵਿਖੇ ਮੌਕੇ 'ਤੇ ਜਾ ਕੇ ਚੈਕ ਕੀਤਾ ਗਿਆ ਤੇ ਪਤਾ ਚੱਲਿਆ ਕਿ ਹਰਬੰਸ ਸਿੰਘ ਪੁੱਤਰ ਗੁਰਦਿੱਤ ਸਿੰਘ, ਗੋਗਾ ਬਾਈ ਪੁੱਤਰੀ ਮੰਗਤ ਸਿੰਘ, ਗੁਰਦਿੱਤ ਸਿੰਘ ਪੁੱਤਰ ਗੁਰਚਰਨ ਸਿੰਘ ਤੇ ਨਰਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀਆਨ ਮੋਹਕਮ ਅਰਾਈਆ ਵੱਲੋਂ ਖੇਤ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਾਈ ਹੋਈ ਸੀ, ਜਿਸ 'ਤੇ ਇਨ੍ਹਾਂ ਵਿਅਕਤੀਆਂ ਵਿਰੁੱਧ ਥਾਣਾ ਸਸਦਰ ਜਲਾਲਾਬਾਦ ਵਿਖੇ ਧਾਰਾ 223 ਬੀ ਐਨ ਐਸ ਤਹਿਤ ਪਰਚਾ ਦਰਜ ਕੀਤਾ ਗਿਆ ਹੈ।

## ਸਿਵਲ ਸਰਜਨ ਡਾ. ਕਵਿਤਾ ਸਿੰਘ ਨੇ ਅਬੋਹਰ ਦੇ ਸਿਵਲ ਹਸਪਤਾਲ ਦਾ ਦੌਰਾ ਕੀਤਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਿਹਤ ਸੇਵਾਵਾਂ ਦੀ ਗੁਣਵੱਤਾ ਦੀ ਸਮੀਖਿਆ ਲਈ ਸਿਵਲ ਸਰਜਨ ਡਾ. ਕਵਿਤਾ ਸਿੰਘ ਨੇ ਸਿਵਲ ਹਸਪਤਾਲ ਅਬੋਹਰ ਦਾ ਦੌਰਾ ਕੀਤਾ। ਇਸ ਮੌਕੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਸਨਮਾਨ ਮਾਜੀ ਨੇ ਉਨ੍ਹਾਂ ਨੂੰ ਹਸਪਤਾਲ ਵਿੱਚ ਪ੍ਰਦਾਨ ਕੀਤੀਆਂ ਜਾ ਰਹੀਆਂ ਵੱਖ-ਵੱਖ ਸੇਵਾਵਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਕਵਿਤਾ ਸਿੰਘ ਨੇ ਓ.ਪੀ.ਡੀ, ਐਮਰਜੈਂਸੀ ਸੇਵਾਵਾਂ, ਜੱਚਾ ਬੱਚਾ ਵਾਰਡ, ਫਾਰਮੇਸੀ, ਡਿਸਪੈਂਸਰੀਆਂ ਆਦਿ ਦਾ ਨਿਰੀਖਣ ਕੀਤਾ। ਜੱਚਾ ਬੱਚਾ ਵਾਰਡ ਵਿੱਚ ਜਣੇਪੇ ਤੋਂ ਬਾਅਦ ਦਾਖਲ ਔਰਤਾਂ ਅਤੇ ਨਵਜੰਮੇ ਬੱਚਿਆਂ ਦਾ ਹਾਲ ਜਾਣਿਆ ਅਤੇ ਸਤਨਪਾਨ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਹਸਪਤਾਲ ਦੇ ਐਮਰਜੈਂਸੀ ਮੈਡੀਕਲ ਸਟਾਫ ਅਤੇ ਹੋਰ ਸਟਾਫ ਨਾਲ ਮੀਟਿੰਗ ਕੀਤੀ ਗਈ ਅਤੇ ਉਹਨਾਂ ਨੂੰ ਆਪਣੇ ਕੰਮ ਵਿੱਚ ਹੋਰ ਸੁਧਾਰ ਲਿਆਉਣ ਦੀ ਹਦਾਇਤਾਂ ਕੀਤੀਆਂ।

ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਆਉਣ ਵਾਲੇ ਲੋਕਾਂ ਅਤੇ ਮਰੀਜਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ। ਮੈਡੀਕਲ ਲੀਗਲ ਰਿਪੋਰਟਾਂ ਨੂੰ ਸਮੇਂ ਸਿਰ ਆਨਲਾਈਨ ਕਰਨਾ, ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਵਾਸਥ ਬੀਮਾ ਯੋਜਨਾ ਤਹਿਤ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਆਦਿ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ।ਉਨ੍ਹਾਂ ਨੇ ਹਸਪਤਾਲ ਦੇ ਰਿਕਾਰਡ ਅਤੇ ਦਵਾਈਆਂ ਦੀ ਉਪਲਬਧਤਾ, ਕੰਟੀਨ ਅਤੇ ਪਾਰਕਿੰਗ ਦੇ ਕੰਮ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਮਾਨਸਿਕ ਰੋਗਾਂ ਦੇ ਮਾਹਿਰ ਡਾ. ਮਹੇਸ਼ ਕੁਮਾਰ, ਡਿਪਟੀ ਮਾਸ ਮੀਡਿਆ ਅਫਸਰ ਮਨਬੀਰ ਸਿੰਘ, ਬੀ.ਈ.ਈ ਦਿਵੇਸ਼ ਕੁਮਾਰ, ਫਾਰਮਾਸਿਸਟ ਚੰਦਰਭਾਨ, ਮਹਿੰਦਰ ਕੁਮਾਰ, ਨਰਸਿੰਗ ਸਟਾਫ ਆਦਿ ਮੌਜੂਦ ਸਨ

## ਚੰਨਣਵਾਲ ਵਿਖੇ ਮਨਰੇਗਾ ਮਜ਼ਦੂਰਾਂ ਦੀ ਮੀਟਿੰਗ, ਮਜ਼ਦੂਰ ਵਿਰੋਧੀ ਬਿੱਲਾਂ ਖਿਲਾਫ ਨਾਅਰੇਬਾਜ਼ੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਚੰਨਣਵਾਲ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤੀ ਯੂਨੀਅਨ ਦੀ ਮੀਟਿੰਗ ਕਾਮਰੇਡ ਮਨਜੀਤ ਸਿੰਘ ਦੀ ਅਗਵਾਈ ਹੇਠ ਹੋਈ।ਇਸ ਮੌਕੇ ਜ਼ਿਲ੍ਹਾ ਸਕੱਤਰ ਕਾਮਰੇਡ ਖੁਸ਼ੀਆ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਨਵੰਬਰ 2025 ਨੂੰ ਪਾਸ ਕੀਤੇ ਮਜ਼ਦੂਰ ਵਿਰੋਧੀ ਬਿੱਲਾਂ ਦੀ ਤਿੱਖੀ ਨਿੰਦਾ ਕਰਦਿਆ ਕਿਹਾ ਕਿ ਇਹ ਬਿੱਲ ਮਜ਼ਦੂਰ ਵਰਗ ਦੀ ਰੋਜ਼ੀ-ਰੋਟੀ 'ਤੇ ਸਿੱਧਾ ਹਮਲਾ ਹੈ। ਮਜ਼ਦੂਰ ਆਗੂਆਂ ਨੇ ਦੱਸਿਆ ਕਿ ਪਿੰਡਾਂ ਵਿੱਚ ਪਿਛਲੇ ਪੰਜ ਮਹੀਨਿਆਂ ਤੋਂ ਨਰੇਗਾ ਤਹਿਤ ਕੋਈ ਕੰਮ ਨਹੀਂ ਮਿਲਿਆ।ਜਿਸ ਕਰਕੇ ਕਹਿਰ ਦੀ ਮਹਿੰਗਾਈ ਦੇ ਦੌਰ ਵਿੱਚ ਘਰ ਦਾ ਗੁਜ਼ਾਰਾ ਚਲਾਉਣਾ ਬਹੁਤ ਮੁਸ਼ਕਿਲ ਹੋ ਗਿਆ ਹੈ।ਇਸ ਮੀਟਿੰਗ ਮੌਕੇ ਪਿੰਡ ਦੀ ਪੰਚਾਇਤ ਦੀ ਕਾਰਗੁਜ਼ਾਰੀ 'ਤੇ ਵੀ ਗੰਭੀਰ ਸਵਾਲ ਉਠਾਏ ਗਏ। ਆਗੂਆਂ ਨੇ ਕਿਹਾ ਕਿ ਪਿੰਡ ਦੇ ਕੱਚੇ ਰਸਤੇ ਬੁਰੀ ਤਰ੍ਹਾਂ ਟੁੱਟੇ ਹੋਏ ਹਨ, ਸਫ਼ਾਈ ਦਾ ਪ੍ਰਬੰਧ ਬੇਹੱਦ ਮਾੜਾ ਹੈ, ਪਾਣੀ ਦੇ ਨਲ ਖਰਾਬ ਪਏ ਹਨ, ਰਾਸ਼ਨ ਵੰਡ 'ਚ ਘਪਲਾ ਹੈ ਅਤੇ ਕਈ ਘਰਾਂ ਦੇ ਰਾਸ਼ਨ ਕਾਰਡ ਵੀ ਨਾਜਾਇਜ਼ ਤੌਰ 'ਤੇ ਬੰਦ ਕੀਤੇ ਗਏ ਹਨ।ਮਜ਼ਦੂਰਾਂ ਨੇ ਕਿਹਾ ਕਿ ਇਸ ਮਾਡਲ ਪਿੰਡ ਦੇ ਵਸਨੀਕ ਪਿਛਲੇ ਦੋ ਸਾਲਾਂ ਤੋਂ ਇਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।ਪਰ ਨਗਰ ਪੰਚਾਇਤ ਅਤੇ ਜ਼ਿਲ੍ਹਾ ਪ੍ਰਸ਼ਾਸਨ ਉਕਾ ਹੀ ਧਿਆਨ ਨਹੀਂ ਦੇ ਰਹੇ। ਮਜ਼ਦੂਰ ਆਗੂਆਂ ਨੇ ਦੱਸਿਆ ਕਿ ਮਜ਼ਦੂਰਾਂ ਦੀਆਂ ਭਖਦੀਆ ਮੰਗਾਂ ਨੂੰ ਲੈ ਕੇ 12 ਦਸੰਬਰ ਨੂੰ ਡਿਪਟੀ ਕਮਿਸ਼ਨਰ ਬਰਨਾਲਾ ਦੇ ਦਫਤਰ ਮੂਹਰੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ।ਇਸ ਮੌਕੇ ਜਥੇਬੰਦੀ ਦੇ ਆਗੂਆਂ ਦੀਆਂ ਡਿਊਟੀਆਂ ਵੰਡ ਕੇ ਰੋਸ ਧਰਨੇ ਨੂੰ ਸਫਲ ਬਣਾਉਣ ਲਈ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਵਾਉਣ ਕੀ ਅਪੀਲ ਕੀਤੀ । ਇਸ ਮੌਕੇ ਆਤਮਾ ਸਿੰਘ, ਨਸੀਬ ਕੌਰ, ਕੁਲਜੀਤ ਕੌਰ, ਲਛਮਣ ਸਿੰਘ ਚੇਤ ਸਿੰਘ ਆਦਿ ਆਗੂਆਂ ਨੇ ਵਿਸ਼ਵਾਸ ਦੁਆਇਆ ਕਿ ਪਿੰਡ ਚੰਨਣਵਾਲ ਤੋਂ ਮਜ਼ਦੂਰਾਂ ਦਾ ਵੱਡਾ ਕਾਫਲਾ ਬਰਨਾਲਾ ਧਰਨੇ ਵਿੱਚ ਸ਼ਾਮਲ ਹੋਵੇਗਾ।

## ਅਰਵਿੰਦ ਨਗਰ 'ਚ ਪਾਣੀ ਦੀ ਸਪਲਾਈ ਹੋਈ ਬਹਾਲ




**ਕੋਟਕਪੂਰਾ (ਫ਼ਰਪਾਲ ਭੁੱਲਰ)**-ਅਰਵਿੰਦ ਨਗਰ ਵਿਕਾਸ ਕਮੇਟੀ ਕੋਟਕਪੂਰਾ ਦੇ ਅਹੁਦੇਦਾਰਾਂ ਦੀ ਸੰਤੋਖ ਸਿੰਘ ਚਾਨਾ ਦੀ ਅਗਵਾਈ ਹੇਠ ਕਲੋਨੀ ਦੇ ਪ੍ਰਮੋਟਰ ਦੇ ਪ੍ਰਤੀਨਿਧ ਕਮਲ ਗੁਪਤਾ ਨਾਲ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਪਿਛਲੇ ਕਈ ਮਹੀਨਿਆਂ ਤੋਂ ਬੰਦ ਪਾਣੀ ਦੀ ਸਪਲਾਈ ਪ੍ਰਮੋਟਰ ਵੱਲੋਂ ਅੱਜ ਤੋਂ ਬਹਾਲ ਕਰ ਦਿੱਤੀ ਗਈ ਹੈ।ਹੁਣ ਹਰ ਰੋਜ਼ ਸਵੇਰੇ ਦੋ ਘੰਟੇ ਅਤੇ ਸ਼ਾਮ ਨੂੰ ਇੱਕ ਘੰਟਾ ਪਾਣੀ ਸਪਲਾਈ ਕੀਤਾ ਜਾਵੇਗਾ।ਅਰਵਿੰਦ ਨਗਰ ਵਿਕਾਸ ਕਮੇਟੀ ਦੇ ਚੇਅਰਮੈਨ ਓਮ ਪ੍ਰਕਾਸ਼ ਗੋਇਲ, ਨਾਜ਼ਰ ਸਿੰਘ ਸਿੱਧੂ ਮੁੱਖ ਸਰਪ੍ਰਸਤ, ਦਰਸ਼ਨ ਸਿੰਘ ਆਹੂਜਾ ਮੁੱਖ ਸਲਾਹਕਾਰ, ਸੰਤੋਖ ਸਿੰਘ ਚਾਨਾ ਪ੍ਰਧਾਨ, ਅਸ਼ੋਕ ਸਿੰਘ ਬਰਾੜ ਸੀਨੀਅਰ ਮੀਤ ਪ੍ਰਧਾਨ, ਰਾਜਿੰਦਰ ਬਾਂਸਲ ਮੀਤ ਪ੍ਰਧਾਨ, ਪ੍ਰੇਮ ਚਾਵਲਾ ਜਨਰਲ ਸਕੱਤਰ, ਸੁਖਰਾਜ ਸਿੰਘ ਚਾਨਾ ਜੁਆਇੰਟ ਸਕੱਤਰ, ਮਨਦੀਪ ਸਿੰਘ ਸਰਾਂ ਵਿੱਤ ਸਕੱਤਰ, ਹਰਵਿੰਦਰ ਸਿੰਘ ਪ੍ਰਚਾਰ ਪ੍ਰੈਸ ਸਕੱਤਰ, ਨਵਦੀਪ ਸਿੰਘ ਚਾਨਾ ਤਕਨੀਕੀ ਸਲਾਹਕਾਰ, ਲਖਵਿੰਦਰ ਸਿੰਘ ਸਿੱਧੂ ਆਰਗੇਨਾਈਜ਼ਿੰਗ ਸਕੱਤਰ, ਕਾਰਜਕਾਰਨੀ ਕਮੇਟੀ ਮੈਂਬਰ ਲਖਵਿੰਦਰ ਔਲਖ, ਅਸ਼ੋਕ ਦਾਬੜਾ ਅਤੇ ਰਾਜਿੰਦਰ ਸਿੰਘ ਬਰਾੜ ਨੇ ਪਾਣੀ ਦੀ ਸਪਲਾਈ ਬਹਾਲ ਹੋਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਆਗੂਆਂ ਨੇ ਆਸ ਪ੍ਰਗਟ ਕੀਤੀ ਹੈ ਕਿ ਪ੍ਰਮੋਟਰ ਵੱਲੋਂ ਬਾਕੀ ਰਹਿੰਦੇ ਕੰਮ ਵੀ ਜਲਦੀ ਪੂਰੇ ਕਰ ਦਿੱਤੇ ਜਾਣਗੇ।ਇਸ ਮੌਕੇ ਕਲੋਨੀ ਦੇ ਨਵ ਨਿਯੁਕਤ ਸਥਾਨਕ ਮੈਨੇਜਰ ਬਲਜਿੰਦਰ ਸਿੰਘ ਬੱਲੀ ਵੀ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਬਿਜਲੀ ਬਿੱਲ 2025 ਵਿਰੁੱਧ ਬਿਜਲੀ ਦਫਤਰ ਅੱਗੇ ਧਰਨਾ



**ਬੋਹਾ (ਨਿਰੰਜਣ ਬੋਹਾ)**-ਕੇਂਦਰ ਸਰਕਾਰੋ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਐਕਟ 2025 ਦਾ ਵਿਰੋਧ ਕਰਨ ਲਈ ਸੰਯੁਕਤ ਕਿਸਾਨ ਮੋਰਚਾ ਵੱਲੋਂ ਪੰਜਾਬ ਰਾਜ ਊਰਜਾ ਨਿਗਮ ਸਬ ਡਿਵੀਜ਼ਨ ਬੋਹਾ ਦੇ ਦਫਤਰ ਅੱਗੇ ਧਰਨਾ ਲਾਇਆ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਡਕੌਂਦਾ ) ਦੇ ਜ਼ਿਲ੍ਹਾ ਜਨਰਲ ਸਕੱਤਰ ਲਛਮਣ ਸਿੰਘ ਚੱਕ ਅਲੀ ਸ਼ੇਰ, ਤਰਸੇਮ ਸਿੰਘ ਜਗਰੂਪ ਸਿੰਘ ਮੰਘਾਣੀਆਂ, ਗੁਰਜੰਟ ਸਿੰਘ ਮਘਾਣੀਆਂ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੂਬਾ ਮੀਤ ਪ੍ਰਧਾਨ, ਪਰਸ਼ੋਤਮ ਸਿੰਘ ਗਿੱਲ, ਸੁੱਚਾ ਸਿੰਘ ਮਲਕੋ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਬਲਾਕ ਪ੍ਰਧਾਨ ਮੇਜਰ ਸਿੰਘ ਗੋਬਿੰਦਪੁਰਾ, ਜਸਪਾਲ ਸਿੰਘ ਰਾਮਪੁਰ ਮੰਡੇਰ, ਆਈ. ਡੀ. ਪੀ. ਦੇ ਆਗੂ ਗੁਰਮੇਲ ਸਿੰਘ ਅੱਕਾਂਵਾਲੀ, ਇੰਪਲਾਈਜ਼ ਫੈਡਰੇਸਨ ਦੇ ਆਗੂ ਗੁਰਮੀਤ ਸਿੰਘ ਆਲਮਪੁਰ ਮੰਦਰਾ, ਟਰੇਡ ਯੂਨੀਅਨ ਕੌਂਸਲ ਬੋਹਾ ਦੇ ਪ੍ਰਧਾਨ ਮਹਾਂ ਸਿੰਘ ਰਾਇਪੁਰ ਤੇ ਊਰਜਾ ਨਿਗਮ ਟ੍ਰਾਂਸਕੋ ਯੂਨੀਅਨ ਦੇ ਆਗੂ ਸੁਖਵਿੰਦਰ ਸਿੰਘ ਤੇ ਟੀ ਐਸ ਯੂ ਦੇ ਆਗੂ ਬਿਕਰਮਜੀਤ ਸਿੰਘ ਸ਼ੇਰਖਾਂਵਾਲਾ ਆਦਿ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਬਹੁ ਕੌਮੀ ਸੱਭਿਆਚਾਰ ਨੂੰ ਖਤਮ ਕਰਕੇ ਇਕ ਰਾਸ਼ਟਰ ਇਕ ਇਕ ਭਾਸ਼ਾ ਤੇ ਇਕ ਧਰਮ ਦੀ ਨੀਤੀ ਨੂੰ ਪੜਾਅ ਵਾਰ ਲਾਗੂ ਕਰ ਰਹੀ ਹੈ।ਇਹ ਸਰਕਾਰ ਸੂਬਾਈ ਸਰਕਾਰਾਂ ਦੀਆਂ ਸਾਰੀਆਂ ਸ਼ਕਤੀਆਂ ਖੋਹ ਕੇ ਆਪਣੇ ਕੋਲ ਰੱਖਣਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਕਿਸਾਨ ਜੱਥੇਬੰਦੀਆਂ ਕਿਸੇ ਵੀ ਕੀਮਤ 'ਤੇ ਬਿਜਲੀ ਪ੍ਰਬੰਧਾਂ ਨੂੰ ਕਾਰਪੋਰੇਟ ਦੇ ਹਵਾਲੇ ਨਹੀਂ ਹੋਣ ਦੇਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਅਜੇ ਤੱਕ ਇਸ ਬਿੱਲ ਬਾਰੇ ਆਪਣਾ ਪੱਖ ਸਪਸ਼ਟ ਨਹੀਂ ਕੀਤਾ, ਜਿਸ ਤੋਂ ਲੱਗਦਾ ਹੈ ਕਿ ਉਹ ਵੀ ਇਸ ਮਾਮਲੇ ਵਿਚ ਕੇਂਦਰ ਸਰਕਾਰ ਦੀ ਪੈੜ ਵਿੱਚ ਪੈੜ ਰੱਖ ਰਹੀ ਹੈ।ਉਨ੍ਹਾਂ ਕਿਹਾ ਕਿ ਕਿਸਾਨ ਮੋਰਚਾ ਦੇਸ਼ ਭਰ ਵਿਚ ਬਿਜਲੀ ਬਿੱਲ ਤੇ ਮਜ਼ਦੂਰ ਕੋਡ ਬਿਲ ਵਿਰੁੱਧ ਜਨਤਕ ਲਾਮਬੰਦੀ ਉਸਾਰੇਗਾ।

## ਖਿਆਲੀ 'ਚ 'ਆਪ' ਉਮੀਦਵਾਰਾਂ ਦੇ ਹੱਕ 'ਚ ਚੋਣ ਪ੍ਰਚਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜ਼ਿਲ੍ਹਾ ਪ੍ਰੀਸ਼ਦ ਜ਼ੋਨ ਠੁੱਲੀਵਾਲ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬੀਬੀ ਰਮਨਦੀਪ ਕੌਰ ਗੁੰਮਟੀ ਅਤੇ ਬਲਾਕ ਸੰਮਤੀ ਜ਼ੋਨ ਕੁਰੜ ਤੋਂ ਉਮੀਦਵਾਰ ਬੀਬੀ ਸਵਰਨਜੀਤ ਕੌਰ ਕੁਰੜ ਦੇ ਹੱਕ ਵਿੱਚ ਆਪ ਆਗੂਆਂ ਵੱਲੋਂ ਵੱਖ-ਵੱਖ ਚੋਣ ਮੀਟਿੰਗਾਂ ਕਰਵਾ ਕੇ ਸਹਿਯੋਗ ਦੀ ਅਪੀਲ ਕੀਤੀ ਜਾ ਰਹੀ ਹੈ। ਪਿੰਡ ਖਿਆਲੀ ਵਿਖੇ ਘਰ ਘਰ ਜਾ ਕੇ ਚੋਣ ਪ੍ਰਚਾਰ ਕਰਦਿਆਂ ਸਰਪੰਚ ਮਨਪ੍ਰੀਤ ਕੌਰ, ਰਮਨਦੀਪ ਦੀਪੀ ਗੁੰਮਟੀ, ਕੁਮੈਂਟੇਟਰ ਰਾਮ ਸਿੰਘ ਲੱਖਾ ਖਿਆਲੀ, ਪੰਡਤ ਰਾਜਾ ਰਾਮ, ਬਲਦੀਪ ਸਿੰਘ ਖਿਆਲੀ, ਅਮਰਜੀਤ ਸਿੰਘ ਖਿਆਲੀ, ਵਿਜੈ ਕੁਮਾਰ, ਰਾਜਿੰਦਰ ਸਿੰਘ, ਕਿਸ਼ਨ ਬਲਦੇਵ ਨਾਲ ਨੇ ਸਮੂਹ ਵੋਟਰਾਂ ਨੂੰ 14 ਦਸੰਬਰ ਵਾਲੇ ਦਿਨ ਝਾੜੂ ਚੋਣ ਨਿਸ਼ਾਨ 'ਤੇ ਮੋਹਰਾਂ ਲਗਾ ਕੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ ਕੀਤੀ । ਇਸ ਮੌਕੇ ਭਜਨ ਸਿੰਘ ਗਰੇਵਾਲ, ਬਲਜੀਤ ਸਿੰਘ, ਸੁਖਾ ਹੇਹਰ, ਸਵਰਨਜੀਤ ਸਿੰਘ, ਹਰਮਨ ਗੁੰਮਟੀ ਆਦਿ ਆਗੂਆਂ ਦੀ ਅਗਵਾਈ ਹੇਠ ਵੱਖ-ਵੱਖ ਟੀਮਾਂ ਦੇ ਰੂਪ ਵਿੱਚ ਚੋਣ ਪ੍ਰਚਾਰ ਵਿੱਚ ਤੇਜ਼ੀ ਲਿਆਂਦੀ ਗਈ ਹੈ।

## ਪੈਰਾਡਾਈਜ਼ ਸਕੂਲ ਪ੍ਰਬੰਧਕਾਂ ਵੱਲੋਂ ਅਧਿਆਪਕਾਵਾਂ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ, ਘੱਗਾ ਦੀ ਅਧਿਆਪਕਾ ਸ੍ਰੀਮਤੀ ਪਰਨੀਤ ਕੌਰ ਨੇ ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਆਯੋਜਤ ਪ੍ਰਸਿੱਧ ਪੰਜਾਬੀ ਭਾਸ਼ਣ ਮੁਕਾਬਲੇ ਵਿੱਚ ਆਪਣੀ ਕਾਬਲੀਅਤ ਤੇ ਬਹੁਪੱਖੀ ਸ਼ਖ਼ਸੀਅਤ ਦਾ ਪ੍ਰਗਟਾਵਾ ਕਰਦਿਆਂ ਪਹਿਲਾ ਸਥਾਨ ਤੇ ਸ੍ਰੀਮਤੀ ਅਮਨਦੀਪ ਕੌਰ ਨੇ ਪ੍ਰਸੰਸਾ ਪੱਤਰ ਹਾਸਲ ਕੀਤਾ।ਇਹ ਸਮਾਗਮ ਸਕਾਲਰ ਫੀਲਡਜ਼ ਪਬਲਿਕ ਸਕੂਲ, ਪਟਿਆਲਾ ਵਿੱਚ ਆਯੋਜਤ ਕੀਤਾ ਗਿਆ, ਜਿਸ ਵਿੱਚ 37 ਸਕੂਲਾਂ ਦੇ ਅਧਿਆਪਕਾਂ ਨੇ ਭਾਗ ਲਿਆ।ਜਾਣਕਾਰੀ ਅਨੁਸਾਰ 'ਪੰਜਾਬੀ ਭਾਸ਼ਾ' ਵਿਸ਼ੇ 'ਤੇ ਆਪਣਾ ਜੋਸ਼ ਭਰਪੂਰ ਅਤੇ ਦਿਲ ਛੂਹਣ ਵਾਲਾ ਭਾਸ਼ਣ ਪੇਸ਼ ਕਰਦੇ ਹੋਏ ਸ੍ਰੀਮਤੀ ਪਰਨੀਤ ਕੌਰ ਨੇ ਆਪਣੀ ਬੋਲਚਾਲ, ਤਰਕ, ਸਪੱਸ਼ਟ ਵਿਚਾਰਧਾਰਾ ਅਤੇ ਮਾਂ-ਬੋਲੀ ਪ੍ਰਤੀ ਡੂੰਘੀ ਸਤਿਕਾਰ ਭਾਵਨਾ ਨਾਲ ਸਭਦੇ ਦਿਲ ਜਿੱਤ ਲਏ।ਉਨ੍ਹਾਂ ਦੇ ਸ਼ਾਨਦਾਰ ਭਾਸ਼ਣ ਨੇ ਪੰਜਾਬੀ ਭਾਸ਼ਾ ਦੀ ਸੰਸਕ੍ਰਿਤਕ ਮਹੱਤਤਾ ਉਜਾਗਰ ਕਰਨ ਦੇ ਨਾਲ-ਨਾਲ ਇਸਦੀ ਸੰਭਾਲ ਅਤੇ ਪ੍ਰਚਾਰ ਲਈ ਸਾਡੇ ਸਾਂਝੇ ਫਰਜ਼ ਨੂੰ ਵੀ ਬਖੂਬੀ ਜਤਾਇਆ।ਸਕੂਲ ਚੇਅਰਮੈਨ ਡਾ ਅੰਮ੍ਰਿਤਪਾਲ ਸਿੰਘ ਕਾਲੇਕਾ ਅਤੇ ਸਕੂਲ ਪ੍ਰਿੰਸੀਪਲ ਡਾ ਪਰਮਿੰਦਰ ਕੌਰ ਨੇ ਇਸ ਸ਼ਾਨਦਾਰ ਪ੍ਰਾਪਤੀ ਤੇ ਗਹਿਰਾ ਮਾਣ ਪ੍ਰਗਟਾਇਆ ਅਤੇ ਸ੍ਰੀਮਤੀ ਪਰਨੀਤ ਕੌਰ ਦੀ ਮਿਹਨਤ ਲਗਨ ਅਤੇ ਪੰਜਾਬੀ ਪ੍ਰਤੀ ਜਜ਼ਬੇ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਸਾਰੇ ਅਧਿਆਪਕਾਂ ਸਮੁਦਾਇ ਨੂੰ ਪ੍ਰੇਰਿਤ ਕਰਦੀਆਂ ਹਨ ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਿਰੰਤਰ ਕਾਮਯਾਬੀ ਦੀ ਰਾਹ 'ਤੇ ਤੁਰਨ ਲਈ ਉਤਸ਼ਾਹਤ ਕਰਦੀਆਂ ਹਨ।

## ਹਲਕਾ ਦਾਖਾ 'ਚ ਕੈਪਟਨ ਸੰਧੂ ਦੀ ਅਗਵਾਈ 'ਚ ਸਾਰੇ ਉਮੀਦਵਾਰ ਜਿੱਤਣਗੇ : ਮਿੰਟੂ ਰੂਮੀ



**ਜਗਰਾਉਂ (ਸੰਜੀਵ ਅਰੋੜਾ)**-ਸੂਬੇ ਅੰਦਰ ਚੱਲ ਰਹੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦਾ ਬੁਖਾਰ ਪੂਰੇ ਸਿਖਰਾਂ 'ਤੇ ਹੈ। ਹਰ ਇੱਕ ਉਮੀਦਵਾਰ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਦਾਖਾ ਅੰਦਰ ਕਾਂਗਰਸ ਪਾਰਟੀ ਦੇ ਉਮੀਦਵਾਰ ਹਲਕਾ ਇੰਚਾਰਜ ਕੈਪਟਨ ਸੰਦੀਪ ਸੰਧੂ ਦੀ ਅਗਵਾਈ ਚੋਣਾਂ ਮੈਦਾਨ 'ਚ ਨਿੱਤਰੇ ਹੋਏ ਹਨ। ਇਹ ਸਾਰੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਵੱਡੀ ਪੱਧਰ 'ਤੇ ਜਿੱਤਾਂ ਦਰਜ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਗੁਰਮੀਤ ਸਿੰਘ ਮਿੰਟੂ ਰੂਮੀ ਨੇ ਕੀਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਹਾਂਸ ਕਲਾਂ ਜ਼ੋਨ ਤੋਂ ਸੁਖਪ੍ਰੀਤ ਕੌਰ ਪਤਨੀ ਜੁਗਰਾਜ ਸਿੰਘ ਜੱਸੋਵਾਲ ਉਮੀਦਵਾਰ ਹਨ, ਜਿਹੜੇ ਬਹੁਤ ਹੀ ਸੂਝਵਾਨ ਤੇ ਪੜ੍ਹੇ-ਲਿਖੇ ਹਨ। ਇਸ ਤਰ੍ਹਾਂ ਬਲਾਕ ਸੰਮਤੀ ਲਈ ਰੂਮੀ ਜ਼ੋਨ ਤੋਂ ਬਲਵਿੰਦਰ ਕੌਰ ਪਤਨੀ ਜਸਮੇਲ ਸਿੰਘ ਉਮੀਦਵਾਰ ਹਨ, ਇਹ ਵੀ ਬਹੁਤ ਸੂਝਵਾਨ ਤੇ ਪੜ੍ਹੇ-ਲਿਖੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਉਮੀਦਵਾਰਾਂ ਨੂੰ ਜਿਤਾਉਣ ਲਈ ਸਾਡੀ ਟੀਮ ਦਿਨ-ਰਾਤ ਮਿਹਨਤ ਕਰ ਰਹੀ ਹੈ।



## ਜਦੋਂ ਤੱਕ ਬਿਜਲੀ ਸੋਧ ਬਿੱਲ ਵਾਪਸ ਨਹੀਂ ਹੁੰਦਾ, ਸੰਘਰਸ਼ ਜਾਰੀ ਰਹੇਗਾ : ਕਿਸਾਨ ਆਗੂ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਝਬਾਲ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਵਰਕਰਾਂ ਵੱਲੋਂ ਬਿਜਲੀ ਘਰ ਅੱਗੇ ਵਿਸ਼ਾਲ ਧਰਨਾ ਦਿੱਤਾ ਗਿਆ। ਧਰਨਾ



ਸ਼ੁਰੂ ਕਰਨ ਤੋਂ ਪਹਿਲਾਂ ਬਿਜਲੀ ਬਿੱਲ-2025 ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਤੇ ਮਜ਼ਦੂਰ ਸਭਾ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਦਵਿੰਦਰ ਸੋਹਲ, ਰਤਨ ਸਿੰਘ ਢੰਡ, ਕੁਲਦੀਪ ਸਿੰਘ ਸਾਂਘਣਾ, ਧਿਆਨ ਸਿੰਘ, ਆਤਮਾ ਸਿੰਘ, ਲੱਖਾ ਸਿੰਘ ਮੰਨਣ, ਮੋਤਾ ਸਿੰਘ ਸੋਹਲ, ਭੁਪਿੰਦਰ ਸਿੰਘ, ਸਾਹਬ ਸਿੰਘ ਅਤੇ ਮਜ਼ਦੂਰ ਆਗੂ ਬਲਵਿੰਦਰ ਸਿੰਘ ਮੂਸੇ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਦਾ ਇਹ ਬਿਜਲੀ ਬਿੱਲ ਪਾਸ ਹੋ ਗਿਆ ਤਾਂ ਮਜ਼ਦੂਰ, ਕਿਸਾਨ ਤੇ ਆਮ ਲੋਕਾਂ ਲਈ ਬਿਜਲੀ ਪਹੁੰਚ ਤੋਂ ਬਾਹਰ ਹੋ ਜਾਵੇਗੀ ਕਿਉਂਕਿ ਜੋ ਸਮਾਰਟ ਮੀਟਰ ਲੱਗਣਗੇ ਉਹ ਪਹਿਲਾਂ ਚਾਰਜ ਕਰਾਉਣੇ ਪੈਣਗੇ ਅਤੇ ਬਿਜਲੀ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੋਣ ਕਾਰਨ ਬਿਜਲੀ ਬਹੁਤ ਮਹਿੰਗੀ ਹੋਵੇਗੀ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅੱਜ ਲੋਕਾਂ ਦੀ ਹਰ ਸਾਂਝੀ ਚੀਜ਼ ਕਾਰਪੋਰੇਟ ਘਰਾਣਿਆਂ ਦੇ ਹੱਥ ਫੜਾਉਣਾ ਚਾਹੁੰਦੀ ਹੈ।ਕਾਰਪੋਰੇਟ ਘਰਾਣਿਆਂ ਦਾ ਮੁੱਖ ਕੰਮ ਲੁੱਟ ਮਚਾਉਣਾ ਹੈ ਨਾ ਕਿ ਲੋਕਾਂ ਨੂੰ ਸੇਵਾਵਾਂ ਦੇਣਾ।ਉਧਰ ਪੰਜਾਬ ਸਰਕਾਰ ਬਿਜਲੀ ਬੋਰਡ ਦੀਆਂ ਜਾਇਦਾਦਾਂ ਵੇਚਣ ਲਈ ਕਾਹਲੀ ਹੈ।ਇਹ ਅਰਬਾਂ ਰੁਪਏ ਦੀਆਂ ਜਾਇਦਾਦਾਂ ਸਰਕਾਰ ਆਪਣੇ ਚਹੇਤਿਆਂ ਨੂੰ ਦੇਣਾ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਕੇਰਲ ਸਰਕਾਰ ਵਾਂਗ ਪੰਜਾਬ ਸਰਕਾਰ ਨੂੰ ਵੀ ਬਿਜਲੀ ਬਿੱਲ ਪਾਸ ਹੋਣ ਤੋਂ ਰੋਕਣਾ ਚਾਹੀਦਾ ਹੈ ਅਤੇ ਵਿਧਾਨ ਸਭਾ ਵਿੱਚ ਇਸ ਵਿਰੁੱਧ ਮਤਾ ਪਾਸ ਕਰਨਾ ਬਣਦਾ ਹੈ।ਇਸ ਮੌਕੇ ਕੇਂਦਰ ਸਰਕਾਰ ਦੇ ਬੀਜ ਬਿੱਲ ਦਾ ਵੀ ਵਿਰੋਧ ਕੀਤਾ ਗਿਆ।ਇਸ ਬਿੱਲ ਨਾਲ ਦੇਸ਼ ਦੀ ਸਮੁੱਚੀ ਖੇਤੀ ਕਾਰਪੋਰੇਟ ਘਰਾਣਿਆਂ ਦੇ ਰਹਿਮੋ ਕਰਮ 'ਤੇ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਬਿੰਦਰ ਸਿੰਘ ਸੋਹਲ, ਸੁਰਿੰਦਰ ਸਿੰਘ ਬਿੱਲਾ ਤੇ ਜਗਜੀਤ ਸਿੰਘ ਮੰਨਣ ਨੇ ਵੀ ਸੰਬੋਧਨ ਕੀਤਾ।

## ਬਿਜਲੀ ਸੋਧ ਬਿੱਲ/ਸੀਡ ਬਿੱਲ ਅਤੇ ਚਾਰੇ ਲੇਬਰ ਕੋਡਾਂ ਵਿਰੁੱਧ ਜਤਾਇਆ ਰੋਸ

**ਬਿਆਸ (ਪਰਮਜੀਤ ਸਿੰਘ ਰੱਖੜਾ)**- ਉਪ ਮੰਡਲ ਪਾਵਰ ਕਾਮ ਰਈਆ ਦੇ ਦਫਤਰ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਬਿਜਲੀ ਸੋਧ ਬਿੱਲ-2025 ਅਤੇ ਸੀਡ ਸੋਧ ਬਿੱਲ, ਚਾਰੇ ਲੇਬਰ ਕੋਡ ਅਤੇ ਬਿਜਲੀ ਬੋਰਡ ਦੀਆਂ ਜਾਇਦਾਦਾਂ ਨੂੰ ਪੰਜਾਬ ਸਰਕਾਰ ਵੱਲੋਂ ਵੇਚਣ ਦੇ ਕੀਤੇ ਜਾ ਰਹੇ ਫੈਸਲਿਆਂ ਦੇ ਵਿਰੋਧ ਵਿਚ ਬਿੱਲਾਂ ਦੀਆਂ ਕਾਪੀਆਂ ਸਾੜਨ ਲਈ ਰੋਸ ਧਰਨਾ ਦਿੱਤਾ ਗਿਆ।ਰੋਸ ਧਰਨੇ ਵਿੱਚ ਉਚੇਚੇ ਤੌਰ 'ਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜਨਰਲ ਸਕੱਤਰ ਜਗਿੰਦਰ ਸਿੰਘ ਬਦੇਸ਼ਾ, ਸੀਨੀਅਰ ਮੀਤ ਪ੍ਰਧਾਨ ਲਾਲਜੀਤ, ਜ਼ਿਲ੍ਹਾ ਪ੍ਰੈਸ ਸਕੱਤਰ ਸੁਖਵਿੰਦਰ ਸਿੰਘ ਚਾਹਲ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜਨਰਲ ਸਕੱਤਰ ਦਲਬੀਰ ਸਿੰਘ ਬੇਦਾਦਪੁਰ, ਸੁਰਜੀਤ ਸਿੰਘ ਬਾਬਾ ਬਕਾਲਾ, ਜਮਹੂਰੀ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਪ੍ਰਧਾਨ ਬਲਦੇਵ ਸਿੰਘ ਸੈਦਪੁਰ, ਜ਼ਿਲ੍ਹਾ ਸਕੱਤਰ ਹਰਪ੍ਰੀਤ ਸਿੰਘ ਬੁਟਾਰੀ, ਨਿਰਮਲ ਸਿੰਘ ਭਿੰਡਰ, ਦਿਹਾਤੀ ਮਜ਼ਦੂਰ ਸਭਾ ਦੇ ਗੁਰਨਾਮ ਸਿੰਘ ਦਾਊਦ ਸੂਬਾ ਜਨਰਲ ਸਕੱਤਰ ਪੰਜਾਬ, ਸੂਬਾ ਮੀਤ ਪ੍ਰਧਾਨ ਅਮਰੀਕ ਸਿੰਘ ਦਾਊਦ, ਗੁਰਨਾਮ



ਸਿੰਘ ਭਿੰਡਰ ਜ਼ਿਲ੍ਹਾ ਪ੍ਰਧਾਨ, ਜੁਆਇੰਟ ਫੋਰਮ ਅਤੇ ਏਕਤਾ ਮੰਚ ਪੰਜਾਬ ਦੇ ਜੁਆਇੰਟ ਫੋਰਮ ਮੈਂਬਰ ਸੁਖਵਿੰਦਰ ਸਿੰਘ ਚਾਹਲ, ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਪੰਜਾਬ ਦੇ ਮੀਤ ਪ੍ਰਧਾਨ ਹਰਪਿੰਦਰ ਸਿੰਘ ਚਾਹਲ, ਸਕੰਦਰ ਸਿੰਘ ਜੇਈ ਕਰਮਚਾਰੀ ਦਲ, ਪੈਨਸ਼ਨਰ ਯੂਨੀਅਨ ਦੇ ਹਰਭਜਨ ਸਿੰਘ ਬੁਟਾਰੀ, ਤਰਸੇਮ ਸਿੰਘ, ਸਾਬਕਾ ਯੂਨੀਅਨ ਦੇ ਪ੍ਰਧਾਨ ਪ੍ਰਭਜੀਤ ਸਿੰਘ ਕੰਗ, ਟੀਐੱਸਯੂ ਦੇ ਪ੍ਰਧਾਨ ਕੰਵਲਜੀਤ ਸਿੰਘ ਬੁਟਾਰੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ ਬੁਲਾਰਿਆਂ ਨੇ ਬਿਜਲੀ ਸੋਧ ਬਿੱਲ-2025 ਸੀਡ ਸੋਧ ਬਿੱਲ-2025 ਜੋ ਕਿ ਕੇਂਦਰ ਸਰਕਾਰ ਵੱਲੋਂ ਸਰਦ ਰੁੱਤ ਸੈਸ਼ਨ ਵਿੱਚ ਪਾਸ ਕਰਨ ਦਾ ਫੈਸਲਾ ਕੀਤਾ ਗਿਆ ਹੈ, ਦਾ ਜ਼ਬਰਦਸਤ ਵਿਰੋਧ ਕੀਤਾ ਗਿਆ।ਇਸ ਸਮੇਂ ਹੋਰਨਾਂ ਤੋਂ ਇਲਾਵਾ ਨਿਸ਼ਾਨ ਸਿੰਘ ਰਈਆ ਖੁਰਦ, ਤਰਸੇਮ ਸਿੰਘ, ਮਨਜੀਤ ਸਿੰਘ ਭਲਵਾਨ, ਸੂਬੇ: ਮੰਗਲ ਸਿੰਘ, ਪ੍ਰਧਾਨ ਕੋਮਲ ਸਿੰਘ ਵੇਂਰੂਮਾਨ, ਸਾਬਕਾ ਹਵਾਲਦਾਰ ਹਰਦੀਪ ਸਿੰਘ, ਪਵਨ ਕੁਮਾਰ ਬਰਿੰਦਰ ਸਿੰਘ (ਦੋਵੇਂ ਰਈਆ), ਨਰਿੰਦਰ ਸਿੰਘ ਵਡਾਲਾ ਕਲਾਂ, ਜਸਵੰਤ ਸਿੰਘ ਕਾਲੇਕੇ, ਤਰਸੇਮ ਸਿੰਘ ਬਲਾਕ ਰਈਆ, ਅਮਰਜੀਤ ਸਿੰਘ ਧਿਆਨਪੁਰ, ਸੁਰਜੀਤ ਸਿੰਘ ਧਿਆਨਪੁਰ, ਹਰੀ ਸਿੰਘ ਕਲੇਰ ਘੁਮਾਣ, ਅਮਰੀਕ ਸਿੰਘ ਦਾਊਦ, ਗੁਰਨਾਮ ਸਿੰਘ ਭਿੰਡਰ, ਹਰਭਜਨ ਸਿੰਘ ਵੇਂਰੂਮਾਨ, ਅਵਤਾਰ ਸਿੰਘ ਖੋਜਕੀਪੁਰ, ਲਖਪ੍ਰੀਤ ਸਿੰਘ, ਰਜਿੰਦਰ ਸਿੰਘ ਜਗਜੀਤ ਸਿੰਘ ਜਸਵੰਤ ਸਿੰਘ ਸੁਖਵਿੰਦਰ ਸਿੰਘ ਜੇਈ, ਹਰਜੀਤ ਸਿੰਘ ਜੇਈ, ਵਰਨਦੀਪ ਸਿੰਘ, ਧਰਮ ਸਿੰਘ ਧਿਆਨਪੁਰ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਬੁਟਾਰੀ, ਰਣਜੀਤ ਸਿੰਘ ਬੱਲ, ਅਮਰੀਕ ਸਿੰਘ ਦਾਊਦ, ਗੁਰਵਿੰਦਰ ਸਿੰਘ ਚੀਮੇਬਾਠ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ।

## ਜਵਾਹਰ ਨਵੋਦਿਆ ਵਿਦਿਆਲਾ ਨਾਜੋਚੱਕ ਵੱਲੋਂ ਛੇਵੀਂ ਕਲਾਸ ਦੇ ਦਾਖਲੇ ਲਈ ਲਿਖਤੀ ਪ੍ਰੀਖਿਆ 13 ਨੂੰ

**ਪਠਾਨਕੋਟ (ਦਵਿੰਦਰ ਸਿੰਘ)**- ਡਾ. ਸੰਦੀਪ ਕੁਮਾਰ ਪ੍ਰਿੰ. ਜਵਾਹਰ ਨਵੋਦਿਆ ਵਿਦਿਆਲਾ ਨਾਜੋਚੱਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਾ 'ਚ ਛੇਵੀਂ ਜਮਾਤ ਵਿੱਚ ਦਾਖਲੇ ਲਈ ਚੋਣ ਪ੍ਰੀਖਿਆ 13 ਦਸੰਬਰ ਸ਼ਨੀਵਾਰ (ਸਵੇਰੇ 11.30 ਵਜੇ ਤੋਂ ਦੁਪਹਿਰ 1.30 ਵਜੇ ਤੱਕ) ਦੇਸ਼ ਭਰ ਵਿੱਚ ਲਈ ਜਾਵੇਗੀ। ਜਵਾਹਰ ਨਵੋਦਿਆ ਸਹਿ-ਸਿੱਖਿਆ ਰਿਹਾਇਸ਼ੀ ਸੰਸਥਾਵਾਂ ਹਨ ਜੋ ਪੂਰੀ ਤਰ੍ਹਾਂ ਵਿੱਤ ਪ੍ਰਦਾਨ ਕਰਦੀਆਂ ਹਨ ਅਤੇ ਭਾਰਤ ਸਰਕਾਰ ਦੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ, ਨਵੀਂ ਦਿੱਲੀ ਦੇ ਸਿੱਖਿਆ ਮੰਤਰਾਲੇ ਦੇ ਅਧੀਨ ਚਲਾਈਆਂ ਜਾਂਦੀਆਂ ਹਨ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਬੱਚਿਆਂ ਵੱਲੋਂ ਛੇਵੀਂ ਕਲਾਸ ਵਿੱਚ ਦਾਖਲੇ ਲਈ ਰਜਿਸਟਰੇਸ਼ਨ ਕਰਵਾਈ ਗਈ ਹੈ ਉਹ ਉਮੀਦਵਾਰ ਆਪਣੇ ਐਡਮਿਟ ਕਾਰਡ ਵੈੱਬਸਾਈਟ www.navodaya.gov.in ਤੋਂ ਡਾਊਨਲੋਡ ਕਰਨ ਜਾਂ ਕਿਸੇ ਵੀ ਕੰਮਕਾਜੀ ਵਾਲੇ ਦਿਨ ਵਿੱਚ ਜਵਾਹਰ ਨਵੋਦਿਆ ਵਿਦਿਆਲਾ ਨਾਜੋਚੱਕ ਜ਼ਿਲ੍ਹਾ ਪਠਾਨਕੋਟ ਤੋਂ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਜੇਕਰ ਐਡਮਿਟ ਕਾਰਡਾਂ ਵਿੱਚ ਕੋਈ ਅੰਤਰ ਹੈ ਜਾਂ ਕੋਈ ਹੋਰ ਛੋਟੀ ਗਲਤੀ ਹੈ ਤਾਂ ਉਹ ਜਵਾਹਰ ਨਵੋਦਿਆ ਵਿਦਿਆਲਾ ਨਾਜੋਚਕ, ਜ਼ਿਲ੍ਹਾ ਪਠਾਨਕੋਟ ਵਿਖੇ ਨਿੱਜੀ ਤੌਰ 'ਤੇ ਜਾ ਕੇ ਇਸਨੂੰ ਠੀਕ ਕਰਵਾ ਸਕਦੇ ਹਨ।

## ਦਿਹਾਤੀ ਇਲਾਕੇ 'ਚ ਮੈਡੀਕਲ ਨਸ਼ਾ ਜ਼ੋਰਾਂ 'ਤੇ; ਪੁਲਸ ਤੇ ਸਿਹਤ ਵਿਭਾਗ ਨੇ ਅੱਖਾਂ ਮੀਟੀਆਂ : ਦੁਧਾਲਾ

**ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)**- ਪੰਜਾਬ ਦੀ ਧਰਤੀ ਨੂੰ ਯੋਧਿਆਂ ਅਤੇ ਸੂਰਵੀਰਾਂ ਦੀ ਧਰਤੀ ਕਿਹਾ ਜਾਂਦਾ ਰਿਹਾ ਹੈ ਅਤੇ ਪੰਜਾਬ ਦੀ ਇਸ ਧਰਤੀ ਨੇ ਅਨੇਕਾਂ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕੀਤੇ ਜਿਨ੍ਹਾਂ ਦੇਸ਼ ਅਤੇ ਵਿਦੇਸ਼ ਵਿੱਚ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਪਰ ਪਿਛਲੇ ਕਈ ਦਹਾਕਿਆਂ ਤੋਂ ਨਸ਼ਿਆਂ ਦੀ ਭਰਮਾਰ ਕਾਰਨ ਪੰਜਾਬ ਖੇਡਾਂ 'ਚ ਪੱਛੜ ਕੇ ਨਸ਼ੇੜੀ ਪੰਜਾਬ ਬਣ ਚੁੱਕਾ ਹੈ ਅਤੇ ਅੱਜ ਸਥਿਤੀ ਬਦ ਤੋਂ



ਬਦਤਰ ਹੋ ਚੁੱਕੀ ਹੈ ਅਤੇ ਖੇਡ ਗਰਾਊਂਡਾਂ ਵਿੱਚ ਨਸ਼ੇ ਦੇ ਟੀਕੇ ਅਤੇ ਪਾਬੰਦੀਸ਼ੁਦਾ ਦਵਾਈਆਂ ਦੇ ਖਾਲੀ ਪੱਤੇ ਆਮ ਵੇਖਣ ਨੂੰ ਮਿਲ ਜਾਂਦੇ ਹਨ। ਜ਼ਿਕਰਯੋਗ ਹੈ ਕਿ ਦਿਹਾਤੀ ਇਲਾਕਿਆਂ ਵਿੱਚ ਦੇਸੀ ਸ਼ਰਾਬ, ਮੈਡੀਕਲ ਨਸ਼ਾ ਹਰ ਗਲੀ ਅਤੇ ਮੋੜ 'ਤੇ ਵਿਕ ਰਿਹਾ ਹੈ ਪਰ ਇਸ ਵੱਲ ਕੋਈ ਵੀ ਪੁਲਸ ਵਿਭਾਗ ਜਾਂ ਸਿਹਤ ਵਿਭਾਗ ਧਿਆਨ ਨਹੀਂ ਦੇ ਰਿਹਾ।ਇਸ ਸਬੰਧੀ ਗੱਲਬਾਤ ਕਰਦਿਆਂ ਖੇਡ ਪ੍ਰੇਮੀਆਂ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਨਸ਼ਿਆਂ ਦੇ ਖਿਲਾਫ ਮੁਹਿੰਮ ਤਾਂ ਚਲਾਈ ਗਈ ਪਰ ਹੇਠਲੇ ਪੱਧਰ 'ਤੇ ਪੁਲਸ ਕਰਮਚਾਰੀ ਅਤੇ ਸਿਹਤ ਵਿਭਾਗ ਇਸ ਮੁਹਿੰਮ ਨੂੰ ਕਾਮਯਾਬ ਨਹੀਂ ਹੋਣ ਦੇ ਰਹੇ ਜਿਸ ਕਾਰਨ ਇਹ ਨਸ਼ਾ ਦਿਨੋਂ ਦਿਨ ਵੱਧ ਫੁੱਲ ਰਿਹਾ ਹੈ।ਇਸ ਸਬੰਧੀ ਐੱਸਐੱਚਓ ਕੱਥੂਨੰਗਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਨਜਾਇਜ਼ ਸ਼ਰਾਬ ਸਬੰਧੀ ਛਾਪੇਮਾਰੀ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਕਾਬੂ ਕੀਤਾ ਜਾਵੇਗਾ।ਇਸ ਸਬੰਧੀ ਸਿਹਤ ਵਿਭਾਗ ਦੇ ਡਰੱਗ ਇੰਸਪੈਕਟਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਜਦੋਂ ਅਸੀਂ ਇਲਾਕੇ ਵਿੱਚ ਛਾਪੇਮਾਰੀ ਕਰਨ ਜਾਂਦੇ ਹਾਂ ਤਾਂ ਸਾਨੂੰ ਕੁੱਝ ਨਹੀਂ ਲੱਭਦਾ ਜਦਕਿ ਜਦ ਵੀ ਸਿਹਤ ਵਿਭਾਗ ਦੀਆਂ ਟੀਮਾਂ ਦਿਹਾਤੀ ਇਲਾਕਿਆਂ ਵਿੱਚ ਪਹੁੰਚਦੀਆਂ ਹਨ ਤਾਂ ਨਸ਼ਾ ਵੇਚਣ ਵਾਲਿਆਂ ਨੂੰ ਪਹਿਲਾਂ ਹੀ ਸੂਚਨਾ ਮਿਲ ਜਾਂਦੀ ਹੈ ਅਤੇ ਉਹ ਦੁਕਾਨਾਂ ਬੰਦ ਕਰਕੇ ਭੱਜ ਜਾਂਦੇ ਹਨ।ਇਸ ਸਬੰਧੀ ਸੀ. ਪੀ. ਆਈ. ਦੇ ਸਹਾਇਕ ਸਕੱਤਰ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਦਿਹਾਤੀ ਇਲਾਕੇ 'ਚ ਮੈਡੀਕਲ ਨਸ਼ਾ ਅਤੇ ਜ਼ਹਿਰੀਲੀ ਸ਼ਰਾਬ ਆਮ ਵਿਕ ਰਹੀ ਹੈ ਪਰ ਸਿਹਤ ਵਿਭਾਗ ਅਤੇ ਪੁਲਸ ਪ੍ਰਸ਼ਾਸਨ ਨੇ ਅੱਖਾਂ ਮੀਟੀਆਂ ਹੋਈਆਂ ਹਨ।

## ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਲੋਕ ਮਾਰੂ ਬਿੱਲਾਂ ਦੀਆਂ ਕਾਪੀਆਂ ਸਾੜੀਆਂ

**ਛੇਹਰਟਾ/ਖਾਸਾ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਸੰਯੁਕਤ ਕਿਸਾਨ ਮੋਰਚਾ ਪੰਜਾਬ, ਬਿਜਲੀ ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਬਿੱਲ-2025, ਸਰਕਾਰੀ ਜ਼ਮੀਨਾਂ ਵੇਚਣ, ਨਵੇਂ ਬਣਾਏ ਚਾਰ ਲੇਬਰ ਕੋਡ ਤੇ ਬੀਜ ਬਿੱਲ -2025 ਖ਼ਿਲਾਫ਼ ਬਿਜਲੀ ਘਰ ਹਰਸ਼ਾ ਛੀਨਾ ਵਿਚ ਵਿਸ਼ਾਲ ਧਰਨਾ ਦੇਣ ਉਪਰੰਤ ਇਨ੍ਹਾਂ ਬਿੱਲਾਂ ਤੇ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਬਿਜਲੀ ਵਿਭਾਗ ਦਾ ਮੁਕੰਮਲ ਨਿੱਜੀਕਰਨ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਬਿਜਲੀ ਸੋਧ ਬਿੱਲ-2025 ਲਿਆਂਦਾ ਹੈ ਜਿਸ ਨਾਲ ਬੰਬੀਆਂ ਦੇ ਬਿੱਲ ਲੱਗਣਗੇ, ਘਰੇਲੂ 300 ਯੂਨਿਟ ਦੀ ਮੁਆਫੀ ਖਤਮ ਹੋਵੇਗੀ ਤੇ ਬਿਜਲੀ ਮਹਿੰਗੀ ਹੋ ਜਾਣ ਕਰਕੇ ਗਰੀਬਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ, ਬੇਰੁਜ਼ਗਾਰੀ ਤੇ ਮਹਿੰਗਾਈ ਵਧੇਗੀ। ਕਾਮਿਆਂ ਦੀ ਕਿਰਤ ਦੀ ਲੁੱਟ ਨੂੰ ਤਿੱਖਾ ਕਰਦਿਆਂ ਐਕਟ 1948 ਵਾਲੇ ਕਾਮਾ ਹਿੱਤਕਾਰੀ ਕਿਰਤ ਕਾਨੂੰਨ ਰੱਦ ਕਰਕੇ ਚਾਰ ਲੇਬਰ ਕੋਡਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ



ਵੱਲੋਂ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ ਦਾ ਫੈਸਲਾ ਕੀਤਾ ਹੈ। ਕੇਂਦਰ ਸਰਕਾਰ ਵੱਲੋਂ ਖੇਤੀਬਾੜੀ 'ਤੇ ਕਬਜ਼ਾ ਕਰਨ ਲਈ ਕਿਸਾਨ ਵਿਰੋਧੀ ਬੀਜ ਬਿੱਲ-2025 ਲਿਆਂਦਾ ਗਿਆ ਹੈ। ਬੀਜ ਬਿੱਲ-2025 ਰਾਹੀਂ ਵੱਡੀਆਂ ਕੰਪਨੀਆਂ ਨੂੰ ਲਸੰਸ ਦੇ ਕੇ ਮਨਮਰਜ਼ੀ ਦੇ ਭਾਅ 'ਤੇ ਬੀਜ ਵੇਚਣ ਦੀ ਖੁੱਲ੍ਹ ਦਿੱਤੀ ਜਾਵੇਗੀ। ਕੇਂਦਰ ਸਰਕਾਰ ਵੱਲੋਂ ਨਿੱਜੀਕਰਨ ਦੀ ਨੀਤੀ ਦੇ ਤਹਿਤ ਸਭਨਾਂ ਵਿਭਾਗਾਂ, ਕਾਲਜਾਂ, ਯੂਨੀਵਰਸਿਟੀਆਂ ਦਾ ਕੇਂਦਰੀਕਰਨ ਕਰਕੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਇਨ੍ਹਾਂ ਕਾਨੂੰਨਾਂ/ਬਿੱਲਾਂ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਵਿਧਾਨ ਸਭਾ ਅੰਦਰ ਬਿਜਲੀ ਵਿਭਾਗ ਦੇ ਕੀਤੇ ਜਾ ਰਹੇ ਕੇਂਦਰੀਕਰਨ, ਬਿਜਲੀ ਸੋਧ ਬਿੱਲ-2025 ਅਤੇ ਬੀਜ ਬਿੱਲ-2025 ਨੂੰ ਰੱਦ ਕਰਨ ਦਾ ਮਤਾ ਪਾਸ ਕਰੇ। ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੀਆਂ ਜ਼ਮੀਨਾਂ ਵੇਚਣ ਦੇ ਮਨਸੂਬਿਆਂ ਨੂੰ ਤੁਰੰਤ ਵਾਪਸ ਲਵੇ। ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਭਨਾਂ ਵਿਭਾਗਾਂ, ਕਾਲਜਾਂ, ਯੂਨੀਵਰਸਿਟੀਆਂ, ਡੈਮਾਂ ਤੇ ਦਰਿਆਈ ਪਾਣੀਆਂ ਦਾ ਕੇਂਦਰੀਕਰਨ ਕਰਨਾ ਬੰਦ ਕੀਤਾ ਜਾਵੇ। ਕਾਰਪੋਰੇਟ ਪੱਖੀ ਬਣਾਏ ਚਾਰ ਲੇਬਰ ਕੋਡ ਰੱਦ ਕਰਕੇ ਐਕਟ 1948 ਵਾਲੇ ਕਿਰਤ ਕਾਨੂੰਨ ਬਹਾਲ ਕੀਤੇ ਜਾਣ। ਜੇਕਰ ਕੇਂਦਰ ਤੇ ਪੰਜਾਬ ਸਰਕਾਰ ਨੇ ਇਨ੍ਹਾਂ ਬਿੱਲਾਂ ਤੇ ਕਾਨੂੰਨਾਂ ਨੂੰ ਵਾਪਸ ਨਾ ਲਿਆ ਤਾਂ ਸਮੂਹ ਜਨਤਕ ਤੇ ਟਰੇਡ ਜਥੇਬੰਦੀਆਂ ਅਗਲੇ ਤਿੱਖੇ ਸੰਘਰਸ਼ ਦਾ ਫੈਸਲਾ ਕਰਨ ਲਈ ਮਜਬੂਰ ਹੋਣਗੀਆਂ। ਧਰਨੇ ਨੂੰ ਟੀਐੱਸਯੂ ਦੇ ਸੂਬਾ ਆਗੂ ਮਲਕੀਅਤ ਸਿੰਘ ਸੈਂਸਰਾ, ਜੁਗਰਾਜ ਸਿੰਘ ਛੀਨਾ, ਜਰਨੈਲ ਸਿੰਘ ਸੈਂਸਰਾ, ਕਿਰਤੀ ਕਿਸਾਨ ਯੂਨੀਅਨ ਪੰਜਾਬ ਹਰਪਾਲ ਸਿੰਘ ਛੀਨਾ, ਕਾਬਲ ਸਿੰਘ ਛੀਨਾ, ਕੁਲਵੰਤ ਸਿੰਘ ਤੋਲਾ ਨੰਗਲ ਟੀਐੱਸਯੂ ਗੁਰਪ੍ਰਤਾਪ ਸਿੰਘ ਅਦਲੀਵਾਲ, ਰਾਜਬੀਰ ਸਿੰਘ, ਜਤਿੰਦਰ ਸਿੰਘ ਛੀਨਾ, ਕਿਰਤੀ ਕਿਸਾਨ ਯੂਨੀਅਨ ਸੂਬਾ ਆਗੂ ਜਤਿੰਦਰ ਸਿੰਘ ਛੀਨਾ, ਜਮਹੂਰੀ ਕਿਸਾਨ ਸਭਾ ਸੁਖਨਿੰਦਰ ਸਿੰਘ ਜਗਦੇਵ ਕਲਾਂ, ਰਣਜੀਤ ਸਿੰਘ ਮੱਲੂ, ਨੰਗਲ ਕੁੱਲ ਹਿੰਦ ਕਿਸਾਨ ਸਭਾ ਮਾਸਟਰ ਸੁੱਚਾ ਸਿੰਘ ਅਜਨਾਲਾ, ਭੁਪਿੰਦਰ ਸਿੰਘ ਛੀਨਾ ਪੈਨਸ਼ਨਰ ਐਸੋਸੀਏਸ਼ਨ ਕਰਮ ਸਿੰਘ, ਬਲਵਿੰਦਰ ਸਿੰਘ ਨਾਗ ਨੇ ਸੰਬੋਧਨ ਕੀਤਾ।

## ਬਿਜਲੀ ਸੋਧ ਐਕਟ-2025 ਦੇ ਵਿਰੋਧ 'ਚ ਰੋਸ ਧਰਨਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਬਿਜਲੀ ਐਕਟ-2025 ਜੋ ਕਿ ਸੈਂਟਰ ਸਰਕਾਰ ਵੱਲੋਂ ਪਾਸ ਕੀਤਾ ਜਾ ਰਿਹਾ ਹੈ ਉਸ ਦੇ ਵਿਰੋਧ ਵਿੱਚ ਸਾਂਝੇ ਤੌਰ 'ਤੇ ਬਿਜਲੀ ਮੁਲਾਜ਼ਮਾਂ ਸਾਥੀਆਂ ਅਤੇ ਸਾਰੀਆਂ ਕਿਸਾਨ ਜਥੇਬੰਦੀਆਂ ਵੱਲੋਂ ਬਿਜਲੀ ਬੋਰਡ ਦੀ ਸਬ-ਡਵੀਜ਼ਨ ਦੇ ਗੇਟ ਅੱਗੇ ਸਾਂਝੇ ਤੌਰ 'ਤੇ ਰੋਸ ਧਰਨਾ ਦਿੱਤਾ ਗਿਆ ਕਿ ਬਿਜਲੀ ਐਕਟ-2025 ਨੂੰ ਰੱਦ ਕੀਤਾ ਜਾਵੇ। ਜੇਕਰ ਇਹ ਬਿੱਲ ਰੱਦ ਨਹੀਂ ਕੀਤਾ ਜਾਂਦਾ ਤਾਂ ਸਾਰੇ ਵਰਗਾਂ ਦੇ ਲੋਕਾਂ ਨੂੰ ਬਹੁਤ ਨੁਕਸਾਨ ਹੋਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਕਿਸਾਨ ਜਥੇਬੰਦੀਆਂ ਨਾਲ ਸਾਂਝੇ ਤੌਰ 'ਤੇ ਤਿੱਖੇ ਸੰਘਰਸ਼ ਕੀਤੇ ਜਾਣਗੇ। ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਬਿਜਲੀ ਬਿੱਲ-2025 ਰੱਦ ਕੀਤਾ ਜਾਵੇ।ਅੱਜ ਦੇ ਧਰਨੇ ਵਿੱਚ ਸ਼ਾਮਿਲ ਜਥੇਬੰਦੀਆਂ ਦੇ ਆਗੂ ਰਜੇਸ਼ ਕੁਮਾਰ ਸਬ-ਅਰਬਨ ਮੰਡਲ ਪ੍ਰਧਾਨ, ਸਤਨਾਮ ਸਿੰਘ, ਜਸਪ੍ਰੀਤ ਸਿੰਘ, ਕੁਲਵੰਤ ਸਿੰਘ, ਗੁਰਜੀਤ ਸਿੰਘ, ਹਰਮੀਤ ਸਿੰਘ, ਗੁਰਪਿੰਦਰ ਸਿੰਘ, ਗੁਰਬਿੰਦਰਜੀਤ ਸਿੰਘ ਕਿਸਾਨ ਜਥੇਬੰਦੀਆਂ ਰਾਜੇਵਾਲ ਦੇ ਆਗੂ ਸੁੱਚਾ ਸਿੰਘ, ਅਜੀਤ ਸਿੰਘ, ਜਸਵਿੰਦਰ ਸਿੰਘ, ਹਰਭਜਨ ਸਿੰਘ, ਜੱਗਾ ਸਿੰਘ, ਜੋਗਿੰਦਰ ਸਿੰਘ, ਸਤਪਾਲ, ਆਸਾ



ਸਿੰਘ, ਕਿਸਾਨ ਜਥੇਬੰਦੀ ਉਗਰਾਹਾਂ ਦੇ ਆਗੂ ਬਲਾਕ ਪ੍ਰਧਾਨ ਗੁਰਬਚਨ ਸਿੰਘ ਖੋਦੇ ਬੇਟ, ਸਿਮਰਜੋਤ ਸਿੰਘ ਮੂਲੋਵਾਲੀ, ਰੁਪਿੰਦਰਜੀਤ ਸਿੰਘ ਮਾਲੇਵਾਲ, ਜਗਮੀਤ ਸਿੰਘ ਕਠਿਆਲਾ, ਦਲਜੀਤ ਸਿੰਘ ਗਿੱਲਾਂਵਾਲੀ, ਰਜਿੰਦਰ ਸਿੰਘ ਲਾਲਵਾਲਾ, ਪ੍ਰੇਮ ਸਿੰਘ ਕਲਨੌਰ ਆਦਿ ਸ਼ਾਮਿਲ ਹੋਏ।

## ਐੱਨਸੀਸੀ, ਐੱਨਐੱਸਐੱਸ, ਫੌਜ ਤੇ ਨੇਵੀ ਦੀ ਭਰਤੀ ਸੰਬੰਧੀ ਵਿਦਿਆਰਥੀਆਂ ਨੂੰ ਦਿੱਤੀ ਜਾਣਕਾਰੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਸਟੇਟ ਐਵਾਰਡੀ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ



ਐੱਨ.ਐੱਸ.ਐੱਸ, ਐੱਨ.ਸੀ.ਸੀ., ਫੌਜ ਅਤੇ ਨੇਵੀ ਦੀ ਭਰਤੀ ਸਬੰਧੀ ਬਹੁਤ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਸਕੂਲ ਦੀ ਪ੍ਰਾਥਨਾ ਸਭਾ ਵਿਚ ਰਿਟਾਇਰਡ ਸੂਬੇਦਾਰ ਮੇਜਰ ਸਰਦਾਰ ਗੁਰਨਾਮ ਸਿੰਘ ਜੀ (ਸਕੂਲ ਕੈਂਪਸ ਮੈਨੇਜਰ) ਵੱਲੋਂ ਬੱਚਿਆਂ ਨੂੰ ਸਕੂਲ ਵਿਚ ਐੱਨ. ਸੀ. ਸੀ. ਦੌਰਾਨ ਮਿਲਣ ਵਾਲੀਆਂ ਏਬੀਸੀ ਗ੍ਰੇਡਾਂ ਬਾਰੇ ਦੱਸ ਕੇ ਉਨ੍ਹਾਂ ਦੇ ਭਵਿੱਖ ਵਿਚ ਹੋਣ ਵਾਲੇ ਲਾਭ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਇਸ ਤੋਂ ਇਲਾਵਾ ਬੱਚਿਆਂ ਨੂੰ ਫੌਜ ਅਤੇ ਨੇਵੀ ਵਿਚ ਭਰਤੀ ਹੋਣ ਲਈ ਲੋੜੀਂਦੀ ਯੋਗਤਾ, ਉਮਰ ਅਤੇ ਵੱਖ-ਵੱਖ ਵਰਗਾਂ ਬਾਰੇ ਵੀ ਦੱਸਿਆ ਗਿਆ। ਨਾਲ ਹੀ ਵੱਖ-ਵੱਖ ਸੰਸਥਾਵਾਂ ਜਿਵੇਂ ਕਿ ਮਾਈ ਭਾਗੋ ਸੰਸਥਾ ਮੋਹਾਲੀ, ਮਹਾਰਾਜਾ ਰਣਜੀਤ ਸਿੰਘ ਸੰਸਥਾ ਮੋਹਾਲੀ, ਦਸਮੇਸ਼ ਅਕੈਡਮੀ ਸ਼੍ਰੀ ਆਨੰਦਪੁਰ ਸਾਹਿਬ ਬਾਰੇ ਜਾਣਕਾਰੀ ਵੀ ਦਿੱਤੀ ਗਈ। ਇਹ ਜਾਣਕਾਰੀ ਅਤੇ ਲੈਕਚਰ ਵਿਦਿਆਰਥੀਆਂ ਨੂੰ ਭਵਿੱਖ ਵਿਚ ਫੌਜੀ ਸੇਵਾਵਾਂ ਵਿਚ ਭਾਗ ਲੈਣ ਅਤੇ ਫੌਜ ਦੀ ਨੌਕਰੀ ਲੈਣ ਲਈ ਬਹੁਤ ਲਾਭਕਾਰੀ ਸਿੱਧ ਹੋਵੇਗੀ।ਅਧਿਆਪਕਾ ਰਾਜਬੀਰ ਕੌਰ ਵੱਲੋਂ ਬੱਚਿਆਂ ਨੂੰ ਇਨ੍ਹਾਂ ਗਤੀਵਿਧੀਆਂ ਰਾਹੀਂ ਅਨੁਸਾਸ਼ਨ ਤੇ ਤਰਤੀਬ ਵਿਚ ਰਹਿਣ ਲਈ ਮਿਲਣ ਵਾਲੀ ਸਿੱਖਿਆ ਬਾਰੇ ਧਿਆਨ ਦਵਾਇਆ ਗਿਆ। ਉਨ੍ਹਾਂ ਅਜਿਹੀਆਂ ਗਤੀਵਿਧੀਆਂ ਵਿਚ ਭਾਗ ਲੈ ਕੇ ਭਵਿੱਖ ਵਿਚ ਇਨ੍ਹਾਂ ਤੋਂ ਮਿਲਣ ਵਾਲੇ ਲਾਭਾਂ ਦਾ ਵੱਧ ਤੋਂ ਵੱਧ ਫਾਇਦਾ ਲੈਣ ਦੀ ਹਦਾਇਤ ਕੀਤੀ ਗਈ।

## 350ਵੇਂ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮਾਂ ਦੀ ਨਾਗਪੁਰ ਤੋਂ ਆਰੰਭਤਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰਗਦਰਸ਼ਨ ਹੇਠ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਸ਼ਹੀਦੀ ਸ਼ਤਾਬਦੀ ਸਮਾਗਮ ਮਨਾਏ ਜਾ ਰਹੇ ਹਨ।ਇਨ੍ਹਾਂ ਪ੍ਰੋਗਰਾਮਾਂ ਦੀ ਆਰੰਭਤਾ 7 ਦਸੰਬਰ ਨੂੰ ਨਾਗਪੁਰ ਤੋਂ ਹੋਈ।ਇਸ ਪ੍ਰੋਗਰਾਮ ਵਿੱਚ ਮਹਾਰਾਸ਼ਟਰ ਸਰਕਾਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਡਾ. ਵਿਜੇ ਸਤਬੀਰ ਸਿੰਘ ਆਈਏਐੱਸ ਰਿਟਾ. ਚੇਅਰਮੈਨ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸ਼ਹੀਦੀ ਸਮਾਗਮ ਅਤੇ ਮੁੱਖ ਪ੍ਰਬੰਧਕ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ਇਨ੍ਹਾਂ ਦਾ ਸਮਾਗਮ ਦੀ ਆਰੰਭਤਾ ਸੁਫਲਤਾਪੂਰਵਕ ਕਰਾਉਣ, ਸਮਾਗਮਾਂ ਨੂੰ ਵੱਡੇ ਪੱਧਰ 'ਤੇ ਮਨਾਉਣ ਅਤੇ ਸਮੁੱਚੇ ਪ੍ਰਬੰਧ ਲਈ ਵਿਸ਼ੇਸ਼ ਸਤਿਕਾਰ ਕੀਤਾ ਗਿਆ।ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਤੇ ਪੂਰੀ ਸ਼ਰਧਾ ਨਾਲ ਅੰਮ੍ਰਿਤਮਈ ਗੁਰਬਾਣੀ ਕੀਰਤਨ, ਗੁਰਮਤਿ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਨਿਤਿਨ ਗਡਕਰੀ, ਪਰਿਵਹਨ ਮੰਤਰੀ, ਭਾਰਤ ਸਰਕਾਰ, ਮਾਧੁਰੀ ਮਿਸਾਲ, ਰਾਜ ਮੰਤਰੀ ਚੰਦਰਸ਼ੇਖਰ ਬਾਵਨਕੁਲੇ, ਰਾਜਸਵ



ਮੰਤਰੀ ਮਹਾਰਾਸ਼ਟਰ, ਮਾਣਿਕਰਾਓ ਕੋਕਾਟੇ, ਮੰਤਰੀ ਆਸ਼ੀਸ਼ ਜੈਸਵਾਲ, ਗਿਰਿਸ਼ ਮਹਾਜਨ, ਰਾਮੇਸ਼ਵਰ ਨਾਈਕ, ਨਿਯੋਜਕ ਮੰਤਰੀ, ਸੰਤ ਬਾਬਾ ਹਰਨਾਮ ਸਿੰਘ, ਜੱਥੇਦਾਰ ਦਮਦਮੀ ਟਕਸਾਲ, ਸੰਤ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲੇ, ਜਸਵੰਤ ਸਿੰਘ ਬੌਬੀ, ਭਾਈ ਸੁਖਵਿੰਦਰ ਸਿੰਘ ਕਥਾਵਾਚਕ, ਵਿਪਿਨ ਇਟਨਕਰ, ਕੁਲੈਕਟਰ ਨਾਗਪੁਰ, ਮਹਾਰਾਸ਼ਟਰ ਸਰਕਾਰ ਦੇ ਪਤਵੰਤੇ ਸੱਜਣ ਅਤੇ ਮੰਤਰੀ ਸ਼ਾਮਿਲ ਹੋਏ।ਇਸ ਸਮਾਗਮ ਨੂੰ ਸਫਲ ਬਣਾਉਣ ਲਈ ਨਿਰੀਖਣ ਅਤੇ ਸਹਾਇਤਾ ਵਜੋਂ ਡਾ. ਵਿਜੇ ਸਤਬੀਰ ਸਿੰਘ ਆਈਏਐੱਸ ਰਿਟਾ, ਮੁੱਖ ਪ੍ਰਬੰਧਕ ਸਾਹਿਬ ਦੇ ਆਦੇਸ਼ ਅਨੁਸਾਰ ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ਤੋਂ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਵਿਸ਼ੇਸ਼ ਟੀਮ ਸ਼ਾਮਿਲ ਹੋਈ।

## ਸਿੱਖ ਸਾਂਸਦਾਂ ਨੂੰ 'ਵੀਰ ਬਾਲ ਦਿਵਸ' ਨਾਂਅ ਬਦਲ ਕੇ ਕੇਂਦਰ ਸਰਕਾਰ ਪਾਸੋਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਕਰਵਾਉਣ ਲਈ ਲਿਖਿਆ ਪੱਤਰ

**ਸ੍ਰੀ ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਭਾਰਤੀ ਸੰਸਦ ਦੇ ਲੋਕ ਸਭਾ ਅਤੇ ਰਾਜ ਸਭਾ ਦੇ ਸਿੱਖ ਸਾਂਸਦਾਂ ਨੂੰ ਇੱਕ ਵਿਸ਼ੇਸ਼ ਪੱਤਰ ਲਿਖ ਕੇ ਭਾਰਤ ਸਰਕਾਰ ਵੱਲੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਮਨਾਏ ਜਾਂਦੇ ਸ਼ਹੀਦੀ ਦਿਹਾੜੇ ਦੇ ਨਾਮ ਨੂੰ ਵੀਰ ਬਾਲ ਦਿਵਸ ਦੀ ਥਾਂ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਅਧਿਕਾਰਤ ਤੌਰ ਉੱਤੇ ਬਦਲਵਾਉਣ ਲਈ ਆਖਿਆ ਹੈ।ਇਹ ਸਾਂਝਾ ਪੱਤਰ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਸਾਂਸਦ ਡਾ. ਅਮਰ ਸਿੰਘ, ਸ੍ਰੀ ਅੰਮ੍ਰਿਤਸਰ ਤੋਂ ਸ. ਗੁਰਜੀਤ ਸਿੰਘ, ਰਾਜ ਸਭਾ ਸਾਂਸਦ ਤੇ ਕੇਂਦਰੀ ਮੰਤਰੀ ਸ. ਹਰਦੀਪ ਸਿੰਘ ਪੁਰੀ, ਰਾਜ ਸਭਾ ਸਾਂਸਦ ਸ. ਹਰਭਜਨ ਸਿੰਘ, ਬਠਿੰਡਾ ਤੋਂ ਲੋਕ ਸਭਾ ਸਾਂਸਦ ਬੀਬੀ ਹਰਸਿਮਰਤ ਕੌਰ, ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਸਾਂਸਦ ਸ. ਮਲਵਿੰਦਰ ਸਿੰਘ, ਗੁਰਦਾਸਪੁਰ ਤੋਂ ਲੋਕ ਸਭਾ ਸਾਂਸਦ ਸ. ਸੁਖਜਿੰਦਰ ਸਿੰਘ, ਰਾਜ ਸਭਾ ਸਾਂਸਦ ਸ. ਵਿਕਰਮਜੀਤ ਸਿੰਘ, ਸੰਗਰੂਰ ਤੋਂ ਲੋਕ ਸਭ ਸਾਂਸਦ ਸ. ਗੁਰਮੀਤ ਸਿੰਘ, ਫ਼ਿਰੋਜ਼ਪੁਰ ਤੋਂ ਲੋਕ ਸਭਾ ਸਾਂਸਦ ਸ. ਸ਼ੇਰ ਸਿੰਘ, ਫ਼ਰੀਦਕੋਟ ਤੋਂ ਲੋਕ ਸਭਾ ਸਾਂਸਦ ਸ. ਸਰਬਜੀਤ ਸਿੰਘ, ਜਲੰਧਰ ਤੋਂ ਲੋਕ ਸਭਾ ਸਾਂਸਦ ਸ. ਚਰਨਜੀਤ ਸਿੰਘ, ਸ੍ਰੀ ਖਡੂਰ ਸਾਹਿਬ ਤੋਂ ਲੋਕ ਸਭਾ ਸਾਂਸਦ ਸ. ਅੰਮ੍ਰਿਤਪਾਲ ਸਿੰਘ ਅਤੇ ਲੁਧਿਆਣਾ ਤੋਂ ਲੋਕ ਸਭਾ ਸਾਂਸਦ ਸ. ਅਮਰਿੰਦਰ ਸਿੰਘ ਨੂੰ ਲਿਖਿਆ ਗਿਆ ਹੈ।ਪੱਤਰ ਵਿੱਚ ਲਿਖਿਆ ਗਿਆ ਹੈ ਕਿ ਸਾਲ 2022 ਤੋਂ ਭਾਰਤ ਸਰਕਾਰ ਵੱਲੋਂ ਦਸਵੇਂ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਇਆ ਜਾ ਰਿਹਾ ਹੈ, ਜਿਸ ਦੇ ਨਾਂਅ ਉਤੇ ਇਤਰਾਜ਼ ਕਰਦਿਆਂ ਸੰਗਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬਹੁਤ ਪੱਤਰ ਭੇਜੇ ਗਏ ਹਨ ਅਤੇ ਸਰਕਾਰ ਵੱਲੋਂ ਰੱਖੇ ਗਏ ਨਾਂਅ ਨੂੰ ਬਦਲਾਉਣ ਦੀ ਮੰਗ ਕੀਤੀ ਗਈ ਹੈ।ਇਸ ਦਿਹਾੜੇ ਦਾ ਨਾਮ ਵੀਰ ਬਾਲ ਦਿਵਸ ਦੀ ਥਾਂ ਸਿੱਖ ਭਾਵਨਾਵਾਂ ਤੇ ਸ਼ਬਦਾਵਲੀ ਅਨੁਸਾਰ ਸਾਹਿਬਜ਼ਾਦੇ ਸ਼ਹਾਦਤ ਦਿਵਸ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਕੇਂਦਰ ਸਰਕਾਰ ਨੂੰ ਸੁਝਾਅ ਭੇਜੇ ਗਏ ਸਨ ਪਰੰਤੂ ਸਰਕਾਰ ਨੇ ਹੁਣ ਤੱਕ ਇਸ ਮਾਮਲੇ ਉੱਤੇ ਗੰਭੀਰਤਾ ਨਾਲ ਗੌਰ ਨਹੀਂ ਕੀਤੀ।ਸਾਰੇ ਸਾਂਸਦਾਂ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਦੇਸ਼ ਕੀਤਾ ਹੈ ਕਿ ਉਹ ਇਸ ਮਾਮਲੇ ਵਿਚ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਸੰਸਦ ਅੰਦਰ ਕੇਂਦਰ ਸਰਕਾਰ ਉਤੇ ਦਬਾਅ ਬਣਾ ਕੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਰਕਾਰ ਦੀ ਤਰਫ਼ੋਂ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਅਧਿਕਾਰਤ ਰੂਪ ਵਿਚ ਐਲਾਨ ਕਰਵਾਉਣ ਲਈ ਪੁਰਜ਼ੋਰ ਯਤਨ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣਨ।ਇਹ ਪੱਤਰ ਸਾਂਸਦਾਂ ਦੇ ਅਧਿਕਾਰਤ ਈ-ਮੇਲ ਪਤਿਆਂ ਉਤੇ ਭੇਜ ਦਿੱਤੇ ਗਏ ਹਨ।

## ਮੋਟਰਸਾਈਕਲ ਰੇਹੜੀ ਵਾਲਿਆਂ ਦੀਆਂ ਮੁਸ਼ਕਲਾਂ ਸੁਣੀਆਂ



**ਛੇਹਰਟਾ/ਖਾਸਾ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)** : ਆਲ ਪੰਜਾਬ ਰੇਹੜੀ ਫੜ੍ਹੀ ਯੂਨੀਅਨ ਦੀ ਮਨਜੀਤ ਸਿੰਘ ਰਾਮੂਆਣਾ ਦੀ ਅਗਵਾਈ ਹੇਠ ਪਿੰਡ ਰਾਮੂਆਣਾ ਵਿਚ ਮੋਟਰਸਾਈਕਲ ਰੇਹੜੀ ਵਾਲਿਆਂ ਦੀ ਮੀਟਿੰਗ ਹੋਈ। ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਆਮ ਆਦਮੀ ਪਾਰਟੀ ਐੱਸਸੀ ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਇੰਦਰ ਪਾਲ ਤੇ ਯੂਨੀਅਨ ਪ੍ਰਧਾਨ ਵੀ ਪੁੱਜੇ। ਇਸ ਮੌਕੇ ਉਨ੍ਹਾਂ ਨੇ ਮੋਟਰਸਾਈਕਲ ਰੇਹੜੀ ਵਾਲਿਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਜੋ ਮਾਲ ਢੋਹਣ ਵਾਲੀਆਂ ਰੇਹੜੀਆਂ ਹਨ, ਨੂੰ ਹਾਈਕੋਰਟ ਵੱਲੋਂ ਬੰਦ ਕੀਤਾ ਗਿਆ ਹੈ। ਉਨ੍ਹਾਂ ਹਾਈਕੋਰਟ ਪੰਜਾਬ ਤੇ ਸੂਬਾ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਨਾ ਉਜਾੜਿਆ ਜਾਵੇ। ਉਹ ਇਨ੍ਹਾਂ ਰੇਹੜੀਆਂ 'ਤੇ ਸਬਜ਼ੀ, ਫਰੂਟ ਤੇ ਸਾਮਾਨ ਵੇਚਣ ਦਾ ਧੰਦਾ ਕਰਦੇ ਹਨ। ਇਸ ਮੌਕੇ ਡਾਕਟਰ ਇੰਦਰ ਪਾਲ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖਾਲਸਾ ਰੇਹੜੀ ਯੂਨੀਆਨ ਦਾ ਗਠਨ ਕੀਤਾ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਬੋਪਾਰਾਏ, ਗੋਪਾਲ ਸਿੰਘ ਛਿੱਡਣ, ਜਗਰੂਪ ਸਿੰਘ ਕੋਟਲੀ ਨਸੀਰ ਖਾਂ, ਬਖਸ਼ੀਸ਼ ਸਿੰਘ ਬਾਸਰਕੇ ਗਿੱਲਾਂ, ਸੰਦੀਪ ਸਿੰਘ ਬੋਪਾਰਾਏ, ਬਾਜ ਸਿੰਘ, ਭਜਨ ਸਿੰਘ ਚੱਕ ਮੁਕੰਦ, ਨਿਰਵੈਰ ਸਿੰਘ ਬਾਸਰਕੇ ਭੈਣੀ, ਮੰਗਲ ਸਿੰਘ ਖਾਸਾ ਕਲੋਨੀ, ਮੁਖਤਿਆਰ ਸਿੰਘ ਬੋਪਾਰਾਏ, ਬਾਜ ਸਿੰਘ ਖੁਰਦ, ਦਲਬੀਰ ਸਿੰਘ ਕੋਲੋਵਾਲ ਆਦਿ ਹਾਜ਼ਰ ਸਨ।

## ਕੇਅਰ ਹੈਲਥ ਇੰਸ਼ੋਰੈਂਸ ਨੇ ਐੱਚਈਪੀਏ ਫਿਲਟਰ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ

**ਅੰਮ੍ਰਿਤਸਰ:** ਜਨਤਕ ਸਿਹਤ ਅਤੇ ਰੋਕਥਾਮ ਵਾਲੀ ਦੇਖਭਾਲ ਪ੍ਰਤੀ ਆਪਣੀ ਨਿਰੰਤਰ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ ਕੇਅਰ ਹੈਲਥ ਇੰਸ਼ੋਰੈਂਸ ਨੇ ਇੱਕ ਜ਼ਰੂਰੀ ਜਨਤਕ ਸਲਾਹ ਜਾਰੀ ਕੀਤੀ ਹੈ,ਜਿਸ ਦੇ ਤਹਿਤ ਵਧ ਰਹੇ ਪ੍ਰਦੂਸ਼ਣ ਕਾਰਨ ਵੱਧ ਰਹੀਆਂ ਸਾਹ ਦੀਆਂ ਬਿਮਾਰੀਆਂ ਤੋਂ ਬਚਣ ਦੇ ਲਈ ਲੋਕਾਂ ਨੂੰ ਘਰਾਂ ਅਤੇ ਕਾਰਜ ਸਥਾਨਾਂ 'ਤੇ ਐੱਚਈਪੀਏ ਪ੍ਰਮਾਣਿਤ ਏਅਰ ਫਿਲਟਰੇਸ਼ਨ ਅਪਨਾਉਣ ਦੀ ਤਾਕੀਦ ਕੀਤੀ ਗਈ ਹੈ।ਪਿਛਲੇ ਕੁਝ ਹਫ਼ਤਿਆਂ ਦੌਰਾਨ ਕਈ ਖੇਤਰਾਂ ਵਿੱਚ ਅਸਥਮਾ ਦੇ ਮਾਮਲੇ, ਰੈਸਪੀਰੇਟਰੀ ਇਨਫੈਕਸ਼ਨ ਅਤੇ ਪ੍ਰਦੂਸ਼ਣ ਨਾਲ ਸਬੰਧਤ ਡਾਕਟਰੀ ਐਮਰਜੈਂਸੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।ਪ੍ਰਦੂਸ਼ਣ ਦਾ ਪੱਧਰ ਲਗਾਤਰ ਵਧਣ ਦੇ ਕਾਰਨ ਇਹ ਰੁਝਾਨ ਹੋਰ ਵੀ ਤੇਜ਼ ਹੋ ਰਹੇ ਹਨ।ਇਸ ਐਡਵਾਇਜ਼ਰੀ 'ਤੇ ਬੋਲਦੇ ਹੋਏ ਕੇਅਰ ਹੈਲਥ ਇੰਸ਼ੋਰੈਂਸ ਦੇ ਚੀਫ ਓਪਰੇਟਿੰਗ ਅਫਸਰ ਮਨੀਸ਼ ਦੋਡੇਜਾ ਨੇ ਕਿਹਾ ਕਿ ਅਸੀਂ ਦੇਖ ਰਹੇ ਹਾਂ ਕਿ ਸਾਡੀ ਹਵਾ ਦੀ ਗੁਣਵੱਤਾ ਨੂੰ ਵੱਖ-ਵੱਖ ਨਿਵੇਕਲੇ ਪ੍ਰਦੂਸ਼ਣ ਕਾਰਕ ਇਕੱਠਿਆਂ ਮਿਲ ਕੇ ਬਹੁਤ ਬੁਰੀ ਤਰਾਂ ਪ੍ਰਭਾਵਿਤ ਕਰ ਰਹੇ ਹਨ।

## ਪੰਜਾਬ ਨੈਸ਼ਨਲ ਬੈਂਕ ਦੀ ਪੇਂਡੂ ਸਵੈ-ਰੁਜ਼ਗਾਰ ਸਿਖਲਾਈ ਸੰਸਥਾ ਨੇ ਕਰਵਾਇਆ 10 ਦਿਨਾ ਟਰੇਨਿੰਗ ਪ੍ਰੋਗਰਾਮ

**ਗੁਰਦਾਸਪੁਰ (ਜਨਕ ਮਹਾਜਨ)**- ਭਾਰਤ ਸਰਕਾਰ ਅਤੇ ਪੇਂਡੂ ਵਿਕਾਸ ਮੰਤਰਾਲੇ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਨੈਸ਼ਨਲ ਬੈਂਕ ਦੀ ਪੇਂਡੂ ਸਵੈ ਰੁਜ਼ਗਾਰ ਸਿਖਲਾਈ ਸੰਸਥਾ ਵੱਲੋਂ ਚਲਾਈ ਜਾ ਰਹੀ ਸਕੀਮ ਤਹਿਤ ਪੰਜਾਬ ਨੈਸ਼ਨਲ ਬੈਂਕ ਸਰਕਲ ਹੈਡ ਪਠਾਨਕੋਟ ਸੰਜੀਤ ਕੁਮਾਰ ਦੀ ਅਗਵਾਈ ਅਤੇ ਜ਼ਿਲ੍ਹਾ ਚੀਫ਼ ਲੀਡ ਬੈਂਕ ਮੈਨੇਜਰ ਰਾਜਨ ਮਲਹੋਤਰਾ ਤੇ ਆਰਸੈਟੀ ਡਾਇਰੈਕਟਰ ਬਲਬੀਰ ਰਾਜ ਦੀ ਦੇਖ-ਰੇਖ ਹੇਠ ਪਿੰਡ ਭੁੱਲੇਚੱਕ ਕਾਲੋਨੀ ਵਿਚ ਖੁੰਬਾਂ ਦੀ ਖੇਤੀ ਦਾ 10 ਦਿਨਾਂ ਟਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ 26 ਸਿੱਖਿਆਰਥੀਆਂ ਵੱਲੋਂ ਹਿੱਸਾ ਲਿਆ ਗਿਆ ਜਿਸ ਵਿਚ ਸਿੱਖਿਆਰਥੀਆਂ ਨੂੰ ਖੁੰਭਾਂ ਦੀਆਂ ਕਿਸਮਾਂ, ਬਿਜਾਈ, ਬਿਮਾਰੀਆਂ ਅਤੇ ਖੁੰਬਾਂ ਦੀ ਖ਼ਾਦ ਤਿਆਰ ਕਰਨ ਬਾਰੇ ਵੀ ਜਾਣੂੰ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਡਾਇਰੈਕਟਰ ਬਲਬੀਰ ਰਾਜ ਨੇ ਦੱਸਿਆ ਕਿ ਸੰਸਥਾ ਵੱਲੋਂ ਇਸ ਵਿਤੀ ਸਾਲ ਵਿਚ ਹੁਣ ਤੱਕ ਵੱਖ-ਵੱਖ ਟਰੇਨਿੰਗ ਪ੍ਰੋਗਰਾਮ ਕਰਵਾਏ ਗਏ। ਜਿਵੇਂ ਕਿ ਬਿਊਟੀ ਪਾਰਲਰ, ਫਾਸਟ ਫੂਡ, ਸਿਲਾਈ, ਸੋਫਟ ਟੋਅਏ, ਜੂਟ ਪ੍ਰੋਡਕਟਸ ਤਹਿਤ 520 ਸਿੱਖਿਆਰਥੀਆਂ ਨੂੰ ਟਰੇਨਿੰਗ ਦਿੱਤੀ ਗਈ। ਉਨ੍ਹਾਂ ਕਿਹਾ ਸੰਸਥਾ ਵੱਲੋਂ ਕਰਵਾਏ ਜਾਣ ਵਾਲੇ ਟਰੇਨਿੰਗ ਪ੍ਰੋਗਰਾਮ



ਬਿਲਕੁਲ ਮੁਫ਼ਤ ਕਰਵਾਏ ਜਾਂਦੇ ਹਨ। ਇਸ ਦੇ ਨਾਲ ਵਿਦਿਆਰਥੀਆਂ ਨੂੰ ਸਵੇਰ ਸ਼ਾਮ ਦੀ ਚਾਹ, ਦੁਪਹਿਰ ਦਾ ਖ਼ਾਣਾ, ਸਟੇਸ਼ਨਰੀ, ਯੂਨੀਫੋਰਮ ਵੀ ਮੁਫ਼ਤ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹਰੇਕ ਟਰੇਨਿੰਗ ਦੇ ਖ਼ਤਮ ਹੋਣ ਉਪਰੰਤ ਸਿੱਖਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ ਅਤੇ ਆਪਣਾ ਕਾਰੋਬਾਰ ਸਥਾਪਤ ਕਰਨ ਲਈ ਬੈਂਕ ਵੱਲੋਂ ਕਰਜ਼ੇ ਦੀ ਸੁਵਿਧਾ ਵੀ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਕਿਹਾ ਪੰਜਾਬ ਨੈਸ਼ਨਲ ਬੈਂਕ ਵਲੋਂ ਸਮੇਂ-ਸਮੇਂ 'ਤੇ ਅਜਿਹੇ ਟਰੇਨਿੰਗ ਹਰ ਸਾਲ ਹੀ ਲਗਾਏ ਜਾਂਦੇ ਹਨ ਜਿਨ੍ਹਾਂ ਦਾ ਸਿੱਖਿਆਰਥੀਆਂ ਵਲੋਂ ਭਰਪੂਰ ਫਾਇਦਾ ਲਿਆ ਜਾਂਦਾ ਹੈ।

## ਅਕਾਲੀ ਉਮੀਦਵਾਰ ਸੰਧੂ ਦੇ ਹੱਕ 'ਚ ਚੋਣ ਪ੍ਰਚਾਰ ਜ਼ੋਰਾਂ 'ਤੇ



**ਮਜੀਠਾ (ਸੋਇਮ ਆਨੰਦ)**- ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਹਲਕਾ ਵਿਧਾਇਕਾ ਬੀਬਾ ਗਨੀਵ ਕੌਰ ਮਜੀਠੀਆ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਅਕਾਲੀ ਦਲ ਬਾਦਲ ਜ਼ੋਨ ਕੱਥੂਨੰਗਲ ਤੋਂ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜਨ ਰਹੇ ਜਰਨੈਲ ਸਿੰਘ ਸੰਧੂ ਤਲਵੰਡੀ ਖੁੰਮਣ ਨੂੰ ਟਿਕਟ ਦੇ ਕੇ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ ਜਿਨ੍ਹਾਂ ਨੇ ਆਪਣੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ ਦੇਣ ਲਈ ਜਰਨੈਲ ਸਿੰਘ ਸੰਧੂ ਤੇ ਸਾਥੀਆਂ ਵੱਲੋਂ ਵੱਖ-ਵੱਖ ਪਿੰਡਾਂ 'ਚ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ ਅਤੇ ਵਰਕਰਾਂ ਨਾਲ ਮੀਟਿੰਗਾਂ ਕਰਕੇ ਲੋਕਾਂ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਜਿੱਤਣ ਲਈ ਵੋਟਾਂ ਪਾਉਣ ਦੀ ਅਪੀਲ ਕੀਤੀ ਗਈ ਜਿਸ ਦਾ ਜਰਨੈਲ ਸਿੰਘ ਸੰਧੂ ਨੂੰ ਵੋਟਰਾਂ ਨੇ ਇਤਿਹਾਸਕ ਜਿੱਤ ਦਰਜ ਦਿਵਾਉਣ ਦਾ ਭਰੋਸਾ ਦਿੱਤਾ।ਇਸ ਮੌਕੇ ਸਰਪੰਚ ਰਘਬੀਰ ਸਿੰਘ ਸੰਧੂ, ਜਰਨੈਲ ਸਿੰਘ ਸੰਧੂ, ਮਨਪ੍ਰੀਤ ਸਿੰਘ ਸੰਧੂ, ਪ੍ਰਧਾਨ ਰਜਿੰਦਰ ਸਿੰਘ, ਗੁਰਲਾਲ ਸਿੰਘ, ਬਾਬਾ ਜਗਜੀਵਨ ਸਿੰਘ, ਗੁਰਦਿਆਲ ਸਿੰਘ, ਦਲਜੀਤ ਸਿੰਘ ਕਾਹਲੋਂ, ਨੰਬਰਦਾਰ ਸੁਖਦੇਵ ਸਿੰਘ, ਹਰਅੰਮ੍ਰਿਤਪਾਲ ਸਿੰਘ, ਜੋਗਿੰਦਰ ਸਿੰਘ ਰੰਧਾਵਾ, ਕੁਲਵੰਤ ਸਿੰਘ ਸੰਘਾ, ਤਰਲੋਕ ਸਿੰਘ, ਪਰਮਿੰਦਰ ਸਿੰਘ ਬੱਲ, ਜਸਵੰਤ ਸਿੰਘ ਮੁੱਘੋਸੋਹੀ, ਹਰਜਿੰਦਰ ਸਿੰਘ ਲਾਲੀ ਯੂ ਕੇ, ਅਜੀਤ ਸਿੰਘ ਮਾਝੀਆ, ਸੁਖਵਿੰਦਰ ਸਿੰਘ ਸੁੱਖ, ਡਾ. ਪੂਰਨ ਸਿੰਘ, ਸੂਬੇਦਾਰ ਨਾਨਕ ਸਿੰਘ, ਜਸਵੰਤ ਸਿੰਘ ਚੱਕੀ ਵਾਲੇ, ਹਰਜਿੰਦਰ ਸਿੰਘ, ਬਲਵਿੰਦਰ ਸਿੰਘ, ਤਰਲੋਕ ਸਿੰਘ, ਭਜਨ ਸਿੰਘ, ਅਜੀਤ ਸਿੰਘ, ਬਿੱਲਾ, ਡਾ. ਗਰਦੀਪ ਸਿੰਘ, ਬਾਪੂ ਤਰਲੋਕ ਸਿੰਘ, ਸੁਰਜੀਤ ਸਿੰਘ ਫੌਜੀ ਆਦਿ ਸ਼ਾਮਿਲ ਸਨ।

## ਚੋਣਾਂ ਮੌਕੇ ਲਾਇਸੰਸੀ ਹਥਿਆਰ ਜਮ੍ਹਾ ਨਾ ਹੋਣੇ ਸਰਕਾਰ ਦੀ ਨਾਲਾਇਕੀ ਦਾ ਸਬੂਤ : ਦੁਧਾਲਾ

**ਮਜੀਠਾ (ਸੋਇਮ ਆਨੰਦ)**- ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਬਾਲਕ ਸੰਮਤੀ ਦੀਆਂ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਅਤੇ ਪਿੰਡਾਂ ਵਿੱਚ ਰੌਣਕਾਂ ਦਾ ਮਾਹੌਲ ਬਣ ਗਿਆ ਹੈ ਪਰ ਮੌਜੂਦਾ



ਸਰਕਾਰ ਤੇ ਪੁਲਸ ਪ੍ਰਸ਼ਾਸਨ ਇਕ ਗੱਲ ਤੋਂ ਬਿਲਕੁਲ ਬੇਖਬਰ ਹੈ ਜਾਂ ਫਿਰ ਆਮ ਲੋਕਾਂ ਦੀ ਜਾਨ ਮਾਲ ਦੀ ਰਾਖੀ ਦਾ ਕੋਈ ਜ਼ੁੰਮੇਵਾਰੀ ਨਹੀਂ ਰਹੀ ਅਤੇ ਮੌਜੂਦਾ ਸਰਕਾਰ ਲਈ ਸਾਮ ਦਾਮ ਦੰਡ ਭੇਦ ਸਭ ਜਾਇਜ਼ ਹੋ ਕੇ ਰਹਿ ਗਿਆ ਹੈ।ਇਨ੍ਹਾਂ ਸਬਦਾ ਦਾ ਪ੍ਰਗਟਾਵਾ ਕਾਮਰੇਡ ਬਲਕਾਰ ਦੁਧਾਲਾ ਨੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਨੇ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਚੋਣਾਂ ਮੌਕੇ ਆਮ ਲੋਕਾਂ ਦੇ ਲਇਸੰਸੀ ਹਥਿਆਰ ਜਮ੍ਹਾ ਕਰਵਾ ਲਏ ਜਾਂਦੇ ਹਨ ਜਦੋਂਕਿ ਐੱਸਐੱਸਪੀ ਸਾਹਿਬ ਅਤੇ ਡੀ. ਸੀ ਸਾਹਿਬ ਨੇ ਹੁਣ ਤੱਕ ਇਹ ਹਥਿਆਰ ਜਮ੍ਹਾ ਕਰਾਉਣ ਦੇ ਹੁਕਮ ਨਹੀਂ ਦਿੱਤੇ ਕਿਉਂਕਿ ਅੰਮ੍ਰਿਤਸਰ ਜ਼ਿਲ੍ਹਾ ਪਹਿਲਾਂ ਹੀ ਅਪਰਾਧ ਦੇ ਮਾਮਲੇ ਵਿੱਚ ਸੁਰਖੀਆਂ ਵਿੱਚ ਹੈ। 14 ਦਸੰਬਰ ਨੂੰ ਹੋਣ ਵਾਲੀਆਂ ਚੋਣਾਂ ਨੂੰ ਮਦੇਨਜ਼ਰ ਰੱਖਦਿਆਂ ਆਮ ਲੋਕਾਂ ਦੇ ਹਥਿਆਰ ਜਮ੍ਹਾ ਕਰਵਾਉਣੇ ਚਾਹੀਦੇ ਹਨ। ਮੈਂ ਪੰਜਾਬ ਸਰਕਾਰ ਦੀ ਇਸ ਅਣਗਹਿਲੀ ਦੀ ਨਿੰਦਾ ਕਰਦਾ ਹਾਂ।

## ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਿਟੀ ਤਰਨਤਾਰਨ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਆਰੰਭੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼੍ਰੀ ਕੰਵਲਜੀਤ ਸਿੰਘ ਬਾਜਵਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ 'ਨੌਜਵਾਨ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਹੈ।ਜ਼ਿਲਾ ਤੇ ਸੈਸ਼ਨ ਜੱਜ ਤਰਨ ਤਾਰਨ ਸ੍ਰੀ ਕੰਵਲਜੀਤ ਸਿੰਘ ਬਾਜਵਾ ਵੱਲੋਂ ਮਾਝਾ




ਪਬਲਿਕ ਸਕੂਲ, ਤਰਨ ਤਾਰਨ ਤੋਂ ਨਸ਼ਿਆਂ ਵਿਰੁੱਧ ਇੱਕ ਜਾਗਰੂਕਤਾ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ।ਇਸ ਜਾਗਰੂਕਤਾ ਰੈਲੀ ਦੌਰਾਨ ਵਿਦਿਆਰਥੀਆਂ ਨੇ ਹੱਥਾਂ ਵਿੱਚ ਬੈਨਰ ਫੜ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਦਾ ਹੋਕਾ ਦਿੱਤਾ।ਇਸ ਰੈਲੀ ਵਿੱਚ ਵਿਦਿਆਰਥੀਆਂ ਦਾ ਉਤਸ਼ਾਹ ਦੇਖਣ ਵਾਲਾ ਸੀ ਅਤੇ ਆਮ ਲੋਕ ਵੀ ਵਿਦਿਆਰਥੀਆਂ ਦੁਆਰਾ ਦਿੱਤੇ ਜਾ ਰਹੇ ਸੁਨੇਹੇ ਨੂੰ ਧਿਆਨ ਨਾਲ ਗ੍ਰਹਿਣ ਕਰ ਰਹੇ ਸਨ।ਇਸ ਤੋਂ ਬਾਅਦ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਨਸ਼ਿਆਂ ਦੇ ਖਿਲਾਫ ਲੋਕਾਂ ਨੂੰ ਚੌਕਸ ਕਰਨ ਲਈ ਨੁੱਕੜ ਨਾਟਕ ਦਾ ਆਯੋਜਨ ਕਰਵਾਇਆ ਗਿਆ, ਇਸ ਵਿੱਚ ਵਿਦਿਆਰਥੀਆਂ ਵੱਲੋਂ ਬੜੇ ਹੀ ਸੁਚੱਜੇ ਢੰਗ ਨਾਲ ਨੁੱਕੜ ਨਾਟਕ ਰਾਹੀਂ ਹਾਜ਼ਰੀਨ ਨੂੰ ਇਹ ਸਮਝਾਉਣ ਦਾ ਕਾਰਜ ਕੀਤਾ ਗਿਆ ਕਿ ਕਿਸ ਤਰਾਂ ਜੇਕਰ ਕੋਈ ਜਵਾਨੀ ਪਹਿਰੇ ਨਸ਼ਾ ਕਰਨ ਲੱਗ ਜਾਂਦਾ ਹੈ ਤਾਂ ਉਸ ਨਾਲ ਪਰਿਵਾਰ ਤਾਂ ਹੀ ਉੱਜੜ ਜਾਂਦਾ ਹੀ ਹੈ, ਸਮਾਜ ਉੱਤੇ ਵੀ ਇਸਦਾ ਨਕਾਰਾਤਮਕ ਪ੍ਰਭਾਵ ਪੈਂਦਾ ਹੈ।ਨਾਟਕ ਵਿੱਚ ਇਹ ਦਿਖਾਇਆ ਗਿਆ ਕਿ ਪਹਿਲਾਂ ਤਾਂ ਨਸ਼ਾ ਸਮੱਗਲਰ ਨੌਜਵਾਨਾਂ ਨੂੰ ਮੁਫਤ ਵਿੱਚ ਨਸ਼ੇ ਦੀ ਚੇਟਕ ਲਾਉਂਦੇ ਹਨ, ਫਿਰ ਨਸ਼ੇ ਦੀ ਲੱਤ ਲੱਗਣ ਤੇ ਨਸ਼ੇੜੀ ਨੂੰ ਘਰ ਦੀਆਂ ਵਸਤੂਆਂ ਚੋਰੀ ਕਰਕੇ ਨਸ਼ਾ ਸਮੱਗਲਰਾਂ ਤੋਂ ਨਸ਼ਾ ਮਹਿੰਗੇ ਭਾਅ ਵਿੱਚ ਖਰੀਦਣਾ ਪੈਂਦਾ ਹੈ ਅਤੇ ਇਸ ਚੱਕਰ ਵਿੱਚ ਘਰ ਦੀ ਬਰਬਾਦੀ ਹੋ ਜਾਂਦੀ ਹੈ ਅਤੇ ਪਰਿਵਰਾ ਖੇਰੂੰ ਖੇਰੂੰ ਹੋ ਜਾਂਦਾ ਹੈ।ਇਸ ਮੌਕੇ ਮਿਸ ਸ਼ਿਲਪਾ, ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਲੀਗਲ ਏਡ ਡਿਫੈਂਸ ਕਾਉਂਸਲਜ਼, ਮਾਝਾ ਪਬਲਿਕ ਸਕੂਲ ਦੇ ਪ੍ਰਬੰਧਕ ਅਤੇ ਪ੍ਰਿੰਸੀਪਲ ਅਤੇ ਸਟਾਫ ਮੈਂਬਰ ਵੀ ਹਾਜ਼ਰ ਸਨ।

## ਜਥੇ. ਗੜਗੱਜ ਨੇ ਦਿੱਲੀ ਦੀ ਮੁੱਖ ਮੰਤਰੀ ਕੋਲ ਭਾਈ ਦੇਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਉਠਾਇਆ

**ਸ੍ਰੀ ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਦਿੱਲੀ ਦੀ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਆਪਣੀ ਸਰਕਾਰ ਦੀ ਸਮੁੱਚੀ ਕੈਬਨਿਟ ਦੇ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਨਾਲ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਲਾਕਾਤ ਕੀਤੀ।ਇਸ ਇਕੱਤਰਤਾ ਮੌਕੇ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਆਖਿਆ ਕਿ ਉਨ੍ਹਾਂ ਦੀ ਸਰਕਾਰ ਦੇ ਕੋਲ ਬੰਦੀ ਸਿੰਘ ਪ੍ਰੋ. ਦੇਵਿੰਦਰਪਾਲ ਸਿੰਘ ਭੁੱਲਰ ਦਾ ਮਾਮਲਾ ਲਟਕਿਆ ਹੋਇਆ ਹੈ ਅਤੇ ਉਨ੍ਹਾਂ ਦੇ ਇੱਕ ਦਸਤਖ਼ਤ ਨਾਲ ਉਹ ਰਿਹਾਅ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪ੍ਰੋ. ਦੇਵਿੰਦਰਪਾਲ ਸਿੰਘ ਦਾ ਮਾਮਲਾ ਲਟਕਾਇਆ ਗਿਆ ਹੈ ਅਤੇ ਮੌਜੂਦਾ ਭਾਜਪਾ ਸਰਕਾਰ ਦੇ ਕੋਲ ਉਨ੍ਹਾਂ ਨੂੰ ਰਿਹਾਅ ਕਰਨ ਦਾ ਇੱਕ ਚੰਗਾ ਮੌਕਾ ਹੈ।ਉਨ੍ਹਾਂ ਕਿਹਾ ਕਿ ਜਦੋਂ ਵੀ ਦੇਸ਼ ਦੀ ਸੁਰੱਖਿਆ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਵੱਧ ਪੰਜਾਬ ਦੇ ਨੌਜਵਾਨ ਮੂਹਰੇ ਹੋ ਕੇ ਆਪਣੇ ਹਿੱਕ ਢਾਹੁੰਦੇ ਹਨ।ਜਥੇਦਾਰ ਗੜਗੱਜ ਵੱਲੋਂ ਚੁੱਕੇ ਗਏ ਮਾਮਲੇ ਨੂੰ ਦਿੱਲੀ ਦੀ ਮੁੱਖ ਮੰਤਰੀ ਵੱਲੋਂ ਗੌਰ ਨਾਲ ਸੁਣਿਆ ਗਿਆ ਅਤੇ ਭਰੋਸਾ ਦਿੱਤਾ ਗਿਆ ਕਿ ਉਹ ਇਸ ਮਾਮਲੇ ਨੂੰ ਹੱਲ ਕਰਨ ਲਈ ਯਤਨ ਕਰਨਗੇ।ਇਸ ਮੌਕੇ ਸਕੱਤਰੇਤ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਗਿਆਨੀ ਮੰਗਲ ਸਿੰਘ ਤੋਂ ਇਲਾਵਾ ਦਿੱਲੀ ਸਰਕਾਰ ਦੀ ਕੈਬਨਿਟ ਦੇ ਕੁਝ ਮੰਤਰੀ ਵੀ ਹਾਜ਼ਰ ਸਨ।

## ਬਿਜਲੀ ਸੋਧ ਬਿੱਲ ਖਿਲਾਫ ਤਿੱਖਾ ਸੰਘਰਸ਼ ਵਿੱਢਣ ਦੀ ਲੋੜ : ਕਿਸਾਨ ਆਗੂ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕੁੱਲ ਹਿੰਦ ਕਿਸਾਨ ਸਭਾ, ਜਮਹੂਰੀ ਕਿਸਾਨ ਸਭਾ ਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਵੱਲੋਂ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਇੱਥੋਂ ਦੇ ਬਿਜਲੀ ਸਬ-ਸਟੇਸ਼ਨ ਅੱਗੇ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਫਿਰ ਕੇਂਦਰ ਸਰਕਾਰ ਦੇ ਬਿਜਲੀ ਬਿੱਲ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਸੁਖਦੇਵ ਸਿੰਘ ਮਾਨੋਚਾਹਲ, ਜਮਹੂਰੀ ਕਿਸਾਨ ਸਭਾ ਦੇ ਕੁਲਦੀਪ ਸਿੰਘ ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਵੱਲੋਂ ਨਿਰਵੈਲ ਸਿੰਘ ਨੇ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਨਵਾਂ ਬਿਜਲੀ ਬਿੱਲ ਲਿਆ ਕੇ ਬਿਜਲੀ ਬੋਰਡ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਚਾਹੁੰਦੀ ਹੈ ਉੱਥੇ ਪੰਜਾਬ ਸਰਕਾਰ ਵੀ ਬਿਜਲੀ ਬੋਰਡ ਦੀਆਂ ਜਾਇਦਾਦਾਂ ਕੌਡੀਆਂ ਦੇ ਭਾਅ ਆਪਣੇ ਚਹੇਤਿਆਂ ਦੇ ਹਵਾਲੇ ਕਰਨ ਲਈ ਕਾਹਲੀ ਹੈ।ਇਸ ਬਿੱਲ ਦੇ ਕਾਨੂੰਨ ਪਾਸ ਹੋਣ ਨਾਲ ਆਮ ਲੋਕਾਂ ਨੂੰ ਸਸਤੀ ਬਿਜਲੀ ਨਹੀਂ ਮਿਲੇਗੀ।ਸਮਾਰਟ ਮੀਟਰ ਲੱਗਣਗੇ ਜੋ ਪਹਿਲਾਂ ਚਾਰਜ ਕਰਨੇ ਪੈਣਗੇ।ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਮਾਰੂ ਫੈਸਲੇ ਵਿਰੁੱਧ ਆਮ ਜਨਤਾ ਨੂੰ ਇੱਕਠੇ ਹੋਣ ਦੀ ਲੋੜ ਹੈ।ਇਸ ਮੌਕੇ ਰਾਣਾ ਰਣਜੀਤ ਸਿੰਘ ਵਾਂ, ਬਲਕਾਰ ਸਿੰਘ ਮਾਨੋਚਾਹਲ ਸਮੇਤ ਹੋਰ ਆਗੂਆਂ ਵੀ ਸੰਬੋਧਨ ਕੀਤਾ।

# ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੇ ਸ਼ਰਧਾਂਜਲੀ ਸਮਾਗਮ ’ਤੇ ਵਿਸ਼ੇਸ਼

## ਸੰਦੇਸ਼



ਮਰਹੂਮ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਦੀ 34ਵੀਂ ਬਰਸੀ ਸਮੇਂ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾਣਾ ਖੁਸ਼ੀ ਦੀ ਗੱਲ ਹੈ। ਜਥੇਬੰਦੀ ਮਜ਼ਦੂਰ, ਮੁਲਾਜ਼ਮ ਜਮਾਤ ਦੇ ਮਸੀਹਾ ਨੂੰ ਹਰ ਸਾਲ ਬਰਸੀ ਮਨਾ ਕੇ ਯਾਦ ਕਰਦੀ ਆ ਰਹੀ ਹੈ। ਅਣਖੀ ਜੋ ਆਲ ਇੰਡੀਆ ਫੈਡਰੇਸ਼ਨ ਆਫ਼ ਇਲੈਕਟਰੀਸਿਟੀ ਇੰਪਲਾਈਜ਼ ਦਾ ਵੀ ਆਗੂ ਸੀ ਅਤੇ ਏਟਕ ਦਾ ਵੀ ਸਿਰਮੌਰ ਆਗੂ ਸੀ। ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਕਾਮਰੇਡ ਅਣਖੀ ਦੇ ਪਾਏ ਪੂਰਨਿਆਂ ’ਤੇ ਚੱਲ ਕੇ ਕੇਂਦਰ ਜਾਂ ਸੂਬੇ ਦੇ ਕਿਰਤੀਆਂ ਦੇ ਸੰਘਰਸ਼ ਹੋਣ ਉਸ ਵਿੱਚ ਮੋਹਰੀ ਰੋਲ ਅਦਾ ਕਰ ਰਹੀ ਹੈ ਐਫ ਈ ਦਾ ਜਨਰਲ ਸਕੱਤਰ ਹੋਣ ਦੇ ਨਾਤੇ ਸਾਥੀ ਅਣਖੀ ਨੂੰ ਲਾਲ ਸਲਾਮ ਕਰਦੇ ਹੋਏ ਸ਼ਰਧਾਂਜਲੀ ਭੇਟ ਕਰਦੇ ਹਾਂ ਅਤੇ ਜਥੇਬੰਦੀ ਦੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਦੀ ਕਾਮਨਾ ਵੀ ਕਰਦੇ ਹਾਂ।

**- ਮੋਹਨ ਸ਼ਰਮਾ**
**ਜਨਰਲ ਸਕੱਤਰ ਕੁੱਲ ਹਿੰਦ ਬਿਜਲੀ ਫੈਡਰੇਸ਼ਨ (ਐਫ ਈ)**

## ਸੰਦੇਸ਼



ਕਾਮਰੇਡ ਅਣਖੀ ਮਹਾਨ ਟਰੇਡ ਯੂਨੀਅਨ ਉਸਰੱਈਆ, ਪੱਕੇ ਇਰਾਦੇ ਵਾਲਾ ਅਣਥੱਕ ਯੋਧਾ ਸੀ। ਨਵਾਂ ਕੇਡਰ ਤੇ ਲੀਡਰਸ਼ਿਪ ਪੈਦਾ ਕਰਨਾ, ਉਸ ਨੂੰ ਪਰਪੱਕ ਕਰਨਾ ਅਤੇ ਫੇਰ ਉਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ ਅਣਖੀ ਦੇ ਮਹਾਨ ਗੁਣਾਂ ਵਿੱਚੋਂ ਇੱਕ ਖਾਸ ਗੁਣ ਸੀ। ਮਜ਼ਦੂਰ ਹਿੱਤਾਂ ਲਈ ਜ਼ਿੰਦਗੀ ਦੇ ਆਖਰੀ ਸਾਹ ਤੱਕ ਲੜਨ ਵਾਲਾ ਕੁਰਬਾਨੀ ਦਾ ਪੁੰਜ ਸਾਥੀ ਅਣਖੀ ਮਜ਼ਦੂਰ ਜਮਾਤ ਲਈ ਅਕਹਿ ਸੰਕਟ ਅਤੇ ਸੰਘਰਸ਼ਾਂ ਸਮੇਂ 15 ਅਗਸਤ 1991 ਨੂੰ ਮਜ਼ਦੂਰ ਸਮਾਤ ਨੂੰ ਸਦਾ ਲਈ ਵਿਛੋੜਾ ਦੇ ਗਿਆ। ਦੇਸ਼ ਦੀ ਆਜ਼ਾਦੀ ਵਾਲਾ ਖੁਸ਼ੀਆਂ ਭਰਿਆ ਦਿਨ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਤੇ ਮਜ਼ਦੂਰ ਜਮਾਤ ਲਈ ਦੁੱਖਦਾਈ ਅਤੇ ਹਨੇਰੇ ਭਰਿਆ ਦਿਨ ਬਣ ਕੇ ਰਹਿ ਗਿਆ। ਉਸ ਮਹਾਨ ਸ਼ਖਸੀਅਤ ਦੀ ਮੌਤ ਨਾਲ ਪਿਆ ਮਜ਼ਦੂਰ ਜਮਾਤ ਨੂੰ ਘਾਟਾ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਹੋ ਸਕਦਾ। ਉਸ ਦੇ ਦਰਸਾਏ ਰਾਹ ਅਤੇ ਸੋਚ ’ਤੇ ਚਲਣਾ ਹੀ ਉਸ ਮਹਾਨ ਯੋਧੇ ਨੂੰ ਯਾਦ ਕਰਦੇ ਹੋਏ 34ਵੀਂ ਬਰਸੀ ਮੌਕੇ ਸੱਚੀ ਸ਼ਰਧਾਂਜਲੀ ਹੋਵੇਗੀ।

**- ਬੰਤ ਬਰਾੜ**
*ਪ੍ਰਧਾਨ ਪੰਜਾਬ ਏਟਕ*

## ਸੰਦੇਸ਼



ਸਾਥੀ ਅਣਖੀ ਜੀ ਪੰਜਾਬ ਰਾਜ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਹੀ ਮੰਨੇ-ਪ੍ਰਮੰਨੇ ਆਗੂ ਨਹੀਂ ਸਨ, ਸਗੋਂ ਉਹ ਸਮੁੱਚੀ ਮਜ਼ਦੂਰ ਜਮਾਤ ਵੱਲੋਂ ਪ੍ਰਵਾਨਤ ਆਗੂ ਸਨ। ਉਨ੍ਹਾ ਦੇ ਕੰਮ ਲਗਨ, ਦ੍ਰਿੜ੍ਹਤਾ, ਇਮਾਨਦਾਰੀ ਦੀ ਧਾਕ ਵਿਰੋਧੀ ਵੀ ਮੰਨਦੇ ਸਨ। ਉਨ੍ਹਾ ਜਿੱਥੇ ਮਜ਼ਦੂਰ ਜਮਾਤ ਨੂੰ ਅਗਵਾਈ ਦਿੱਤੀ, ਉਥੇ ਉਹ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਵੀ ਡਟੇ ਰਹੇ। ਉਹ ਹਮੇਸ਼ਾ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬਣੇ, ਫਿਰਕਾਪ੍ਰਸਤੀ ਵਿਰੋਧੀ ਸਟੈਂਡ ਲੈਂਦੇ ਰਹੇ। ਪੰਜਾਬ, ਪੰਜਾਬੀਅਤ ਲਈ ਹਰ ਕੁਰਬਾਨੀ ਲਈ ਤਿਆਰ ਰਹੇ। ਬਾਈ ਨਛੱਤਰ ਸਿੰਘ ਧਾਲੀਵਾਲ ਪ੍ਰਧਾਨ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਸ਼ਹਾਦਤ ਦਾ ਸਦਮਾ ਅਜੇ ਮਜ਼ਦੂਰ ਜਮਾਤ ਹੰਢਾ ਹੀ ਰਹੀ ਸੀ ਤਾਂ ਉਤੋਂ 15 ਅਗਸਤ 1991 ਦੇ ਮਨਹੂਸ ਦਿਨ ਮੌਤ ਦੇ ਖੂਨੀ ਪੰਜਿਆਂ ਨੇ ਸਾਥੀ ਅਣਖੀ ਜੀ ਨੂੰ ਆ ਦਬੋਚਿਆ। ਆਪਣੀ ਲੰਮੀ ਬਿਮਾਰੀ ਦੇ ਸਮੇਂ ਵੀ ਸਾਥੀ ਅਣਖੀ ਜੀ ਆਪਣੀ ਜਥੇਬੰਦੀ ਨੂੰ ਸੇਧ ਦਿੰਦੇ ਰਹੇ। ਉਨ੍ਹਾ ਦੇ ਸਦੀਵੀ ਵਿਛੋੜੇ ਨਾਲ ਉਨ੍ਹਾਂ ਦੀ ਆਪਣੀ ਜਥੇਬੰਦੀ ਅਤੇ ਏਟਕ ਨੂੰ ਅਣ-ਪੂਰਿਆ ਘਾਟਾ ਪਿਆ ਹੈ। ਫਿਰ ਵੀ ਮਜ਼ਦੂਰ ਜਮਾਤ ਅਤੇ ਫੈਡਰੇਸ਼ਨ ਏਟਕ ਪੰਜਾਬ ਆਪਣੇ ਮਹਾਨ ਆਗੂ ਦੀਆਂ ਸੇਧਾਂ ਲੈਂਦੀ ਹੋਈ ਸੰਘਰਸ਼ਾਂ ਵਿੱਚ ਮੋਹਰੀ ਰੋਲ ਅਦਾ ਕਰ ਰਹੀ ਹੈ। ਅੱਜ 34ਵੀਂ ਬਰਸੀ ’ਤੇ ਏਟਕ ਪੰਜਾਬ ਕਾਮਰੇਡ ਅਣਖੀ ਨੂੰ ਸ਼ਰਧਾਂਜਲੀ ਭੇਟ ਕਰਦੀ ਹੋਈ ਮਾਣ ਮਹਿਸੂਸ ਕਰਦੀ ਹੈ।

**- ਨਿਰਮਲ ਸਿੰਘ ਧਾਲੀਵਾਲ**
**ਜਨਰਲ ਸਕੱਤਰ ਪੰਜਾਬ ਏਟਕ**

## ਸੰਦੇਸ਼



ਸਾਥੀ ਅਣਖੀ ਜੀ ਦੀ 34ਵੀਂ ਬਰਸੀ ’ਤੇ ਉਨ੍ਹਾ ਦੇ ਸੰਘਰਸ਼ਾਂ ਅਤੇ ਪ੍ਰਾਪਤੀਆਂ ਦੀ ਬਹੁਤ ਯਾਦ ਆਉਂਦੀ ਹੈ। ਅੱਜ ਸਮੇਂ ਦੀਆਂ ਸਰਕਾਰਾਂ ਅਤੇ ਮੈਨੇਜਮੈਂਟ ਮਜ਼ਦੂਰ ਜਥੇਬੰਦੀਆਂ ਦੇ ਸੰਘਰਸ਼ਾਂ/ ਲੜਾਈਆਂ ਨੂੰ ਅੱਖੋਂ-ਪਰੋਖੇ ਕਰਕੇ ਸਮਝੌਤੇ ਕਰਕੇ ਲਗਾਤਾਰ ਮੁਲਾਜ਼ਮ ਵਿਰੋਧੀ ਕਾਰਵਾਈਆਂ ਕਰ ਰਹੀਆਂ ਹਨ, ਪਰ ਅਣਖੀ ਜੀ ਦੀ ਅਗਵਾਈ ਵਿੱਚ ਉਸ ਸਮੇਂ ਸਾਰੇ ਹਿੰਦੁਸਤਾਨ ਨਾਲੋਂ ਵੱਖਰੀਆਂ ਪ੍ਰਾਪਤੀਆਂ ਕਰਕੇ ਮਿਸਾਲ ਕਾਇਮ ਕੀਤੀ ਗਈ। ਅੱਜ ਦੇ ਸਮੇਂ ਵਿੱਚ ਸਾਥੀ ਭਗਵਾਨ ਸਿੰਘ ਅਣਖੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਲੀਡਰਸ਼ਿਪ ਨਿੱਧੜਕ ਹੋ ਕੇ ਸੰਘਰਸ਼ ਨੂੰ ਲਾਮਬੰਦ ਕਰੇ ਅਤੇ ਕਾਮਰੇਡ ਅਣਖੀ ਜੀ ਦੇ ਪਾਏ ਪੂਰਨਿਆਂ ’ਤੇ ਚੱਲ ਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰੇ। ਇਹੋ ਹੀ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

**- ਜਗਰੂਪ ਸਿੰਘ**
*ਮੁੱਖ ਸਲਾਹਕਾਰ ਰੁਜ਼ਗਾਰ ਪ੍ਰਾਪਤੀ ਮੁਹਿੰਮ*

## ਸੰਦੇਸ਼



ਸਾਥੀ ਅਣਖੀ ਜੀ ਦੀ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ, ਜੋ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਉਨ੍ਹਾ ਦੀ 34ਵੀਂ ਬਰਸੀ ਮਨਾ ਰਹੀ ਹੈ, ਇਸ ਸਮੇਂ ਜਥੇਬੰਦੀ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਮੈਂ ਆਪਣੇ ਉਸ ਨਿਧੜਕ ਆਗੂ ਦੇ ਪਾਏ ਹੋਏ ਪੂਰਨਿਆਂ ’ਤੇ ਚੱਲ ਕੇ ਮੁਲਾਜ਼ਮਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਹਿੱਤਾਂ ਲਈ ਜਥੇਬੰਦੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦਾ ਪ੍ਰਣ ਕਰਦਾ ਹਾਂ। ਕਾਮਰੇਡ ਭਗਵਾਨ ਸਿੰਘ ਅਣਖੀ ਨੂੰ ਲਾਲ ਸਲਾਮ ਕਰਦਾ ਹੋਇਆ ਜਥੇਬੰਦੀ ਦੀ ਬੇਹਤਰੀ ਲਈ ਲਗਨ ਤੇ ਮਿਹਨਤ ਨਾਲ ਕੰਮ ਕਰਨ ਦਾ ਪ੍ਰਣ ਦੁਹਰਾਉਂਦਾ ਹਾਂ ਅਤੇ ਹਾਕਮ ਜਮਾਤਾਂ ਦੇ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ਼ ਸੰਘਰਸ਼ਾਂ ਦੇ ਪਿੜ ਮੱਲਣ ਦਾ ਅਹਿਦ ਕਰਦਾ ਹਾਂ। ਇਹ ਹੀ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

**- ਕਾਮਰੇਡ ਸੁਖਦੇਵ ਸ਼ਰਮਾ**
*ਵਰਕਿੰਗ ਪ੍ਰਧਾਨ ਪੰਜਾਬ ਏਟਕ*

## ਸੰਦੇਸ਼



**ਰਾਧੇ ਸ਼ਿਆਮ** ਪ੍ਰਧਾਨ ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ (ਸੰਬੰਧਤ ਏਟਕ)
**ਅਮਰੀਕ ਸਿੰਘ ਮਸੀਤਾਂ** ਜਨਰਲ ਸਕੱਤਰ ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ (ਸੰਬੰਧਤ ਏਟਕ)
**ਚਮਕੌਰ ਸਿੰਘ ਬੀਰਮੀਂ** ਵਰਕਿੰਗ ਪ੍ਰਧਾਨ ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ)
**ਨਰਿੰਦਰ ਕੁਮਾਰ ਬੱਲ** ਵਰਕਿੰਗ ਜਨਰਲ ਸਕੱਤਰ ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ)

ਸਾਥੀ ਅਣਖੀ ਜੀ ਦੀ 34ਵੀਂ ਬਰਸੀ ’ਤੇ ਉਨ੍ਹਾ ਦੇ ਸੰਘਰਸ਼ਾਂ ਅਤੇ ਪ੍ਰਾਪਤੀਆਂ ਦੀ ਬਹੁਤ ਯਾਦ ਆਉਂਦੀ ਹੈ। ਅੱਜ ਸਮੇਂ ਦੀਆਂ ਸਰਕਾਰਾਂ ਅਤੇ ਮੈਨੇਜਮੈਂਟ ਮਜ਼ਦੂਰ ਜਥੇਬੰਦੀਆਂ ਦੇ ਸੰਘਰਸ਼ਾਂ/ ਲੜਾਈਆਂ ਨੂੰ ਅੱਖੋਂ-ਪਰੋਖੇ ਕਰਕੇ ਸਮਝੌਤੇ ਕਰਕੇ ਲਗਾਤਾਰ ਮੁਲਾਜ਼ਮ ਵਿਰੋਧੀ ਕਾਰਵਾਈਆਂ ਕਰ ਰਹੀਆਂ ਹਨ, ਪਰ ਅਣਖੀ ਜੀ ਦੀ ਅਗਵਾਈ ਵਿੱਚ ਉਸ ਸਮੇਂ ਸਾਰੇ ਹਿੰਦੁਸਤਾਨ ਨਾਲੋਂ ਵੱਖਰੀਆਂ ਪ੍ਰਾਪਤੀਆਂ ਕਰਕੇ ਮਿਸਾਲ ਕਾਇਮ ਕੀਤੀ ਗਈ। ਅੱਜ ਦੇ ਸਮੇਂ ਵਿੱਚ ਸਾਥੀ ਭਗਵਾਨ ਸਿੰਘ ਅਣਖੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਲੀਡਰਸ਼ਿਪ ਨਿੱਧੜਕ ਹੋ ਕੇ ਸੰਘਰਸ਼ ਨੂੰ ਲਾਮਬੰਦ ਕਰੇ ਅਤੇ ਕਾਮਰੇਡ ਅਣਖੀ ਜੀ ਦੇ ਪਾਏ ਪੂਰਨਿਆਂ ’ਤੇ ਚੱਲ ਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰੇ, ਇਹੋ ਹੀ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਕਾਮਰੇਡ ਭਗਵਾਨ ਸਿੰਘ ਅਣਖੀ ਨੂੰ ਯਾਦ ਕਰਦਿਆਂ ਲਾਲ ਸਲਾਮ ਕਰਦੇ ਹੋਏ ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ) ਜਥੇਬੰਦੀ ਦੀ ਤਰਫੋਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।



26 ਨਵੰਬਰ, 2025 ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ ਇਤਿਹਾਸਕ ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਮੌਕੇ ਚੰਡੀਗੜ੍ਹ ਦੇ 43 ਸੈਕਟਰ ਦੀ ਦੁਸਹਿਰਾ ਗਰਾਉਂਡ ਵਿੱਚ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਅਵਾਜ਼ ਬੁਲੰਦ ਕਰਨ ਲਈ ਕਿਸਾਨਾਂ ਦੇ ਹੋਏ ਵੱਡੇ ਇਕੱਠ ਵਿੱਚ ਬਿਜਲੀ ਨਿਗਮ ਦੀਆਂ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਸਾਂਝੇ ਥੜ੍ਹੇ ਦੇ ਆਗੂਆਂ ਦੀ ਅਗਵਾਈ ਹੇਠ ਵੱਡੇ ਕਾਫਲੇ ਵੱਲੋਂ ਸ਼ਮੂਲੀਅਤ ਕਰਨ ਮੌਕੇ ਦੀ ਤਸਵੀਰ।

## ਸੰਦੇਸ਼



**ਅਮ੍ਰਿਤਪਾਲ ਸਿੰਘ** ਪ੍ਰਧਾਨ ਪੀ ਐਮ ਸਰਕਲ ਅੰਮ੍ਰਿਤਸਰ
**ਗਰਤੇਜ ਸਿੰਘ ਢਿੱਲੋਂ** ਸਕੱਤਰ ਪੀ ਐਮ ਸਰਕਲ ਅੰਮ੍ਰਿਤਸਰ
**ਮਨਦੀਪ ਸਿੰਘ** ਕੈਸ਼ੀਅਰ ਪੀ ਐਮ ਸਰਕਲ ਅੰਮ੍ਰਿਤਸਰ

ਕਾ: ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀ ਸਮੇਂ ਅਸੀਂ ਇਹ ਸੰਦੇਸ਼ ਦੇਣਾ ਚਾਹੁੰਦੇ ਹਾਂ ਕਿ ਉਹਨਾਂ ਦੇ ਕੀਤੇ ਉਦਮਾਂ ਤੋਂ ਸਾਨੂੰ ਪ੍ਰੇਰਨਾ ਲੈ ਕੇ ਜਥੇਬੰਦੀ ਅਤੇ ਬਿਜਲੀ ਕਾਮਿਆਂ ਦੇ ਹਿਤਾਂ ਲਈ ਮਿਹਨਤ ਕਰਨੀ ਚਾਹੀਦੀ ਹੈ ਤਾਂ ਜੋ ਪਾਵਰਕਾਮ ਦੀ ਮੈਨੇਜਮੈਂਟ ਅਤੇ ਸਰਕਾਰਾਂ ਤੋਂ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਕਰ ਸਕੀਏ। ਇਹੀ ਸਾਥੀ ਭਗਵਾਨ ਸਿੰਘ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਕਰਤਾਰ ਸਿੰਘ ਪ੍ਰਧਾਨ** ਸਬ ਅਰਬਨ ਸਰਕਲ ਲੁਧਿਆਣਾ
**ਹਰਵਿੰਦਰ ਸਿੰਘ ਲਾਲੂ ਸਕੱਤਰ** ਸਬ ਅਰਬਨ ਸਰਕਲ ਲੁਧਿਆਣਾ
**ਸੁਖਦੇਵ ਸਿੰਘ ਕੈਸ਼ੀਅਰ** ਸਬ ਅਰਬਨ ਸਰਕਲ ਲੁਧਿਆਣਾ
**ਚਰਨਜੀਤ ਸਿੰਘ ਜ਼ੋਨ ਆਗੂ** ਸਰਪ੍ਰਸਤ ਸੈਂਟਰ ਜ਼ੋਨ ਲੁਧਿਆਣਾ

ਕਾਮਰੇਡ ਭਗਵਾਨ ਸਿੰਘ ਅਣਖੀ ਦੇ ਜਿੰਨਾ ਜਿਊਣਾ ਹਿੱਸੇ ਆਇਆ, ਉਸ ਵਿੱਚ ਉਨ੍ਹਾਂ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ, ਮੁਲਾਜ਼ਮਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਮੈਨੇਜਮੈਂਟ ਨਾਲ ਸੰਘਰਸ਼ ਕੀਤੇ ਅਤੇ ਵਜ਼ਨਦਾਰ ਦਲੀਲਾਂ ਨਾਲ ਮੁਲਾਜ਼ਮਾਂ ਦੀਆਂ ਮੰਗਾਂ ਮੰਨਵਾਈਆਂ। ਆਓ, ਸਾਰੇ ਰਲ ਕੇ ਕਾਮਰੇਡ ਭਗਵਾਨ ਸਿੰਘ ਅਣਖੀ ਦੇ ਪੂਰਨਿਆਂ ’ਤੇ ਚੱਲ ਕੇ ਜਥੇਬੰਦੀ ਨੂੰ ਚੜ੍ਹਦੀ ਕਲਾ ਵੱਲ ਲੈ ਕੇ ਜਾਈਏ, ਇਹ ਹੀ ਅਸਲ ਵਿਚ ਸਾਥੀ ਭਗਵਾਨ ਸਿੰਘ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਨਰਿੰਦਰ ਸਿੰਘ ਗਿੱਲ** ਪ੍ਰਧਾਨ, ਸਰਕਲ ਅੰਮ੍ਰਿਤਸਰ ਦਿਹਾਤੀ
**ਅਰਵਿੰਦਰਪਾਲ ਸਿੰਘ ਸੰਘਾ** ਵਰਕਿੰਗ ਪ੍ਰਧਾਨ, ਸਰਕਲ ਅੰਮ੍ਰਿਤਸਰ ਦਿਹਾਤੀ
**ਰਕੇਸ਼ ਕੁਮਾਰ** ਕਨਵੀਨਰ, ਬਾਰਡਰ ਜੋਨ ਅੰਮ੍ਰਿਤਸਰ
**ਜਤਿੰਦਰਪਾਲ ਸਿੰਘ** ਕੈਸ਼ੀਅਰ, ਸਰਕਲ ਅੰਮ੍ਰਿਤਸਰ ਦਿਹਾਤੀ

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਵੱਲੋਂ ਆਪਣੇ ਹਰਮਨ-ਪਿਆਰੇ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀ ਮਨਾਈ ਜਾ ਰਹੀ ਹੈ। ਇਸ ਮੌਕੇ ਸਾਥੀ ਭਗਵਾਨ ਸਿੰਘ ਅਣਖੀ ਸਮੇਤ ਹੋਰ ਵਿਛੜੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪੰਜਾਬ ਦੇ ਕੋਨੇ-ਕੋਨੇ ਤੋਂ ਹਜ਼ਾਰਾਂ ਬਿਜਲੀ ਮੁਲਾਜ਼ਮ ਪੁੱਜ ਰਹੇ ਹਨ। ਜੋ ਉਨ੍ਹਾ ਦੇ ਸੰਘਰਸ਼ਸ਼ੀਲ ਅਤੇ ਬੇਦਾਗ ਜੀਵਨ ਤੋਂ ਪ੍ਰੇਰਨਾ ਲੈ ਕੇ ਉਨ੍ਹਾ ਦੇ ਪਾਏ ਪੂਰਨਿਆ ’ਤੇ ਚੱਲਣ ਦਾ ਪ੍ਰਣ ਕਰਨਗੇ। ਅੱਜ ਉਨ੍ਹਾ ਦੀ ਬਰਸੀ ਮੌਕੇ ਪ੍ਰਣ ਕਰਨ ਦੀ ਲੋੜ ਹੈ ਕਿ ਉਨ੍ਹਾ ਦੇ ਵਿਚਾਰਾਂ ਨੂੰ ਅਪਣਾਉਣ ਲਈ ਪੂਰੀ ਵਾਹ ਲਾ ਦੇਈਏ। ਇਹ ਹੀ ਲੋਕ ਨਾਇਕ ਕਾਮਰੇਡ ਭਗਵਾਨ ਸਿੰਘ ਅਣਖੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਹਰਜਿੰਦਰ ਸਿੰਘ** ਪ੍ਰਧਾਨ ਸਰਕਲ, ਰੋਪੜ
**ਦੇਸ ਰਾਜ ਘਈ** ਸਕੱਤਰ ਸਰਕਲ, ਰੋਪੜ
**ਰਜਿੰਦਰ ਸਿੰਘ** ਕੈਸ਼ੀਅਰ, ਸਰਕਲ ਰੋਪੜ

ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀ ਮਨਾਉਣ ਸਮੇਂ ਅਸੀਂ ਬਿਜਲੀ ਕਾਮਿਆਂ ਨੂੰ ਅਪੀਲ ਕਰਨਾ ਚਾਹੁੰਦੇ ਹਾਂ ਕਿ ਜਿਵੇਂ ਕਾ: ਭਗਵਾਨ ਸਿੰਘ ਅਣਖੀ ਨੇ ਆਪਣੀ ਬਿਮਾਰੀ ਅਤੇ ਖਰਾਬ ਸਿਹਤ ਦੇ ਚੱਲਦਿਆਂ ਬਿਜਲੀ ਕਾਮਿਆਂ ਦੀਆਂ ਮੰਗਾਂ ਮਨਵਾਉਣ ਦੇ ਲਈ ਸਖ਼ਤ ਮਿਹਨਤ ਕੀਤੀ, ਜਿਸ ਸਦਕਾ ਬਿਜਲੀ ਕਾਮਿਆਂ ਨੂੰ ਬਹੁਤ ਸਾਰੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਹੋਈ। ਅੱਜ ਉਹਨਾ ਦੀ ਬਰਸੀ ਸਮੇਂ ਉਨ੍ਹਾ ਵੱਲੋਂ ਕੀਤੇ ਕੰਮਾਂ ਤੋਂ ਸਾਨੂੰ ਪ੍ਰੇਰਨਾ ਲੈ ਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਇਹ ਹੀ ਕਾਮਰੇਡ ਅਣਖੀ ਜੀ ਨੂੰ ਸੱਚੀ ਸਰਧਾਂਜਲੀ ਹੋਵੇਗੀ।

## ਸੰਦੇਸ਼



**ਗੁਰਦਿਆਲ ਸਿੰਘ ਬੱਬੂ** ਸਰਕਲ ਪ੍ਰਧਾਨ
**ਅਰਸ਼ਦੀਪ ਸਿੰਘ** ਸਰਕਲ ਸਕੱਤਰ
**ਬਲਜੀਤ ਕੁਮਾਰ** ਸਰਕਲ ਕੈਸ਼ੀਅਰ
**ਬਲਵੀਰ ਸਿੰਘ** ਜ਼ੋਨ ਆਗੂ

ਕਾਮਰੇਡ ਭਗਵਾਨ ਸਿੰਘ ਅਣਖੀ ਦੀ 34ਵੀਂ ਬਰਸੀ ਮੌਕੇ ਸਮੂਹ ਬਿਜਲੀ ਕਰਮਚਾਰੀਆਂ ਨੂੰ ਸੰਦੇਸ਼ ਦਿੰਦੇ ਹਾਂ ਕਿ ਜੇਕਰ ਜਾਬਰ ਸਰਕਾਰਾਂ, ਸਰਮਾਏਦਾਰਾਂ, ਮੈਨੇਜਮੈਂਟਾਂ ਕੋਲੋਂ ਕੁਝ ਪ੍ਰਾਪਤ ਕਰਨਾ ਹੈ ਤਾਂ ਸਿਰੜ ਨਾਲ ਸੰਘਰਸ਼ ਕਰਨ ਪਵੇਗਾ ਅਤੇ ਕਾਮਰੇਡ ਅਣਖੀ ਜੀ ਦੇ ਪਾਏ ਪੂਰਨਿਆਂ ’ਤੇ ਚੱਲ ਕੇ ਬਿਜਲੀ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰ ਸਕੀਏ। ਇਹ ਹੀ ਕਾਮਰੇਡ ਅਣਖੀ ਜੀ ਨੂੰ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਰਸ਼ਪਾਲ ਸਿੰਘ** ਪ੍ਰਧਾਨ ਈਸਟ ਸਰਕਲ, ਲੁਧਿਆਣਾ
**ਸਤੀਸ਼ ਕੁਮਾਰ** ਸਕੱਤਰ ਈਸਟ ਸਰਕਲ, ਲੁਧਿਆਣਾ
**ਅਸ਼ੋਕ ਕੁਮਾਰ** ਕੈਸ਼ੀਅਰ ਈਸਟ ਸਰਕਲ, ਲੁਧਿਆਣਾ

ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਮਹਾਨ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਦੀ 34ਵੀਂ ਬਰਸੀ ਮੌਕੇ ਅਣਖੀ ਸਾਹਿਬ ਦੀ ਗੱਲ ਯਾਦ ਆਉਂਦੀ ਹੈ ਜਦੋਂ ਅਣਖੀ ਜੀ ਆਪਣੀ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਲੁਧਿਆਣਾ ਵਿਖੇ ਇਲਾਜ ਕਰਵਾ ਰਹੇ ਸਨ ਤਾਂ ਸਾਡੀ ਉਸ ਸਮੇਂ ਉਨ੍ਹਾਂ ਦੀ ਦੇਖਭਾਲ ਲਈ ਡਿਊਟੀ ਲਗਾਈ ਸੀ। ਉਨ੍ਹਾਂ ਨੇ ਕਦੇ ਵੀ ਆਪਣੀ ਬਿਮਾਰੀ ਦੀ ਪ੍ਰਵਾਹ ਨਹੀਂ ਸੀ ਕੀਤੀ। ਆਖਰੀ ਦਮ ਤੱਕ ਕਿਰਤੀ ਵਰਗ ਲਈ ਸੋਚਦਿਆਂ ਹੋਇਆ ਪ੍ਰਾਣ ਤਿਆਗੇ। ਅਸੀਂ ਉਨ੍ਹਾ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਜਥੇਬੰਦੀ ਨੂੰ ਮਜ਼ਬੂਤ ਕਰਨ ਦਾ ਪ੍ਰਣ ਕਰਦੇ ਹਾਂ।

## ਸੰਦੇਸ਼



**ਰਛਪਾਲ ਸਿੰਘ ਵਾਲੀਆ ਪ੍ਰਧਾਨ** ਸ਼ਹਿਰੀ ਸਰਕਲ ਅੰਮ੍ਰਿਤਸਰ
**ਅਮਰਜੀਤ ਸਿੰਘ ਸਕੱਤਰ** ਸ਼ਹਿਰੀ ਸਰਕਲ ਅੰਮ੍ਰਿਤਸਰ
**ਬਲਦੇਵ ਸਿੰਘ ਕੈਸ਼ੀਅਰ** ਸਰਕਲ ਸ਼ਹਿਰੀ ਅੰਮ੍ਰਿਤਸਰ

ਕਾਮਰੇਡ ਅਣਖੀ ਜੀ ਨੂੰ ਲਾਲ ਸਲਾਮ। ਅਣਖੀ ਜੀ ਦੀ 34ਵੀਂ ਬਰਸੀ ਸਮੇਂ ਸੰਘਰਸ਼, ਇਮਾਨਦਾਰੀ ਨਾਲ ਕੰਮ ਕਰਨ ਦਾ ਆਇਦ ਕਰਦੇ ਹਾਂ। ਅਣਖੀ ਜੀ ਮਜ਼ਦੂਰ, ਮੁਲਾਜ਼ਮਾਂ ਦੇ ਮਸੀਹਾ ਸਨ। ਅੱਜ ਦੀਆਂ ਮੁਸ਼ਕਲ ਹਾਲਤਾਂ ਵਿੱਚੋਂ ਬਾਹਰ ਨਿਕਲਣ ਦਾ ਇੱਕੋ-ਇੱਕ ਤਰੀਕਾ ਅਣਖੀ ਦੀ ਸੋਚ ਹੈ, ਇਹ ਹੀ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਮੱਖਣ ਸਿੰਘ** ਪ੍ਰਧਾਨ ਰੋਪੜ ਥਰਮਲ ਪਲਾਂਟ
**ਧਰਿੰਦਰ ਪਾਂਡੇ** ਸਕੱਤਰ ਰੋਪੜ ਥਰਮਲ ਪਲਾਂਟ
**ਸਰਵਣ ਕੁਮਾਰ** ਕੈਸ਼ੀਅਰ ਰੋਪੜ ਥਰਮਲ ਪਲਾਂਟ

ਸਾਥੀ ਭਗਵਾਨ ਸਿੰਘ ਅਣਖੀ ਸਿਰਫ਼ ਬਿਜਲੀ ਮੁਲਾਜ਼ਮਾਂ ਦਾ ਹੀ ਲੀਡਰ ਨਹੀਂ ਸੀ, ਸਗੋਂ ਅਣਖੀ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ, ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਦਾ ਸੱਚਾ ਮਸੀਹਾ ਅਤੇ ਨਿਧੜਕ ਆਗੂ ਸੀ। ਹਮੇਸ਼ਾ ਮਿਹਨਤਕਸ਼ਾਂ, ਮੁਲਾਜ਼ਮਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਸਮੇਂ ਅਤੇ ਮੈਨਜਮੈਂਟਾਂ ਨਾਲ ਗੱਲਬਾਤ ਅਤੇ ਸੰਘਰਸ਼ਾਂ ਰਾਹੀਂ ਨਿੱਧੜਕ ਤੇ ਬੇਝਿਜਕ ਹੋ ਕੇ ਲੋਹਾ ਲੈਂਦਾ ਸੀ। ਸਾਨੂੰ ਅਣਖੀ ਦੀ ਬਰਸੀ ’ਤੇ ਪੂਰਨ ਤੌਰ ’ਤੇ ਇਕੱਠੇ ਹੋ ਕੇ ਹਾਕਮ ਸਰਕਾਰਾਂ ਵਿਰੁੱਧ ਸੰਘਰਸ਼ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ, ਸਾਥੀ ਅਣਖੀ ਨੂੰ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਬਲਜਿੰਦਰ ਕੌਰ** ਪ੍ਰਧਾਨ ਸਰਕਲ ਤਰਨ ਤਾਰਨ
**ਪੂਰਨ ਦਾਸ ਸਕੱਤਰ** ਤਰਨ ਤਾਰਨ ਸਰਕਲ
**ਕੁਲਵਿੰਦਰ ਸਿੰਘ** ਕੈਸ਼ੀਅਰ ਸਰਕਲ ਤਰਨ ਤਾਰਨ

ਤਰਨ ਤਾਰਨ ਸਰਕਲ ਦੇ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀ ਮੌਕੇ ਕਾਮਰੇਡ ਅਣਖੀ ਵੱਲੋਂ ਪਾਏ ਪੂਰਨਿਆਂ ’ਤੇ ਪੂਰੀ ਇਮਾਨਦਾਰੀ ਅਤੇ ਦ੍ਰਿੜ੍ਹ ਇਰਾਦੇ ਨਾਲ ਨਿਰੰਤਰ ਚੱਲਣ ਦੀ ਕੋਸ਼ਿਸ਼ ਕਰਦੇ ਰਹਿਣਗੇ ਅਤੇ ਉਨ੍ਹਾਂ ਦੇ ਬੇਦਾਗ ਤੇ ਸੱਚੇ ਜੀਵਨ ਤੋਂ ਪ੍ਰੇਰਨਾ ਲੈ ਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਬਣਦਾ ਯੋਗਦਾਨ ਪਾਉਂਦੇ ਰਹਾਂਗੇ। ਇਹੀ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਸੋਬਨ ਸਿੰਘ ਸਰਪ੍ਰਸਤ** ਪੱਛਮੀ ਸਰਕਲ ਲੁਧਿਆਣਾ
**ਕਸ਼ਮੀਰ ਸਿੰਘ ਪ੍ਰਧਾਨ** ਪੱਛਮੀ ਸਰਕਲ ਲੁਧਿਆਣਾ
**ਗੁਰਮੁਖ ਸਿੰਘ ਸਕੱਤਰ** ਪੱਛਮੀ ਸਰਕਲ ਲੁਧਿਆਣਾ
**ਸੁਰੇਸ਼ ਕੁਮਾਰ ਕੈਸ਼ੀਅਰ** ਪੱਛਮੀ ਸਰਕਲ ਲੁਧਿਆਣਾ

ਕਾਮਰੇਡ ਅਣਖੀ ਜੀ ਨੂੰ ਲਾਲ ਸਲਾਮ। ਅਣਖੀ ਜੀ ਦੀ 34ਵੀਂ ਬਰਸੀ ਸਮੇਂ ਸੰਘਰਸ਼, ਇਮਾਨਦਾਰੀ ਨਾਲ ਕੰਮ ਕਰਨ ਦਾ ਆਇਦ ਕਰਦੇ ਹਾਂ। ਅਣਖੀ ਜੀ ਮਜ਼ਦੂਰ, ਮੁਲਾਜ਼ਮਾਂ ਦੇ ਮਸੀਹਾ ਸਨ। ਅੱਜ ਦੀਆਂ ਮੁਸ਼ਕਲ ਹਾਲਤਾਂ ਵਿੱਚੋਂ ਬਾਹਰ ਨਿਕਲਣ ਦਾ ਇੱਕੋ-ਇੱਕ ਤਰੀਕਾ ਅਣਖੀ ਦੀ ਸੋਚ ਹੈ, ਇਹ ਹੀ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਬਲਵਿੰਦਰ ਸਿੰਘ ਉਦੀਪੁਰ** ਪ੍ਰਧਾਨ ਗੁਰਦਾਸਪੁਰ ਸਰਕਲ
**ਰਣਧੀਰ ਸਿੰਘ ਕਾਹਲੋਂ** ਸਰਕਲ ਸਕੱਤਰ, ਗੁਰਦਾਸਪੁਰ
**ਦਲਜੀਤ ਸਿੰਘ ਸਿੱਧਵਾਂ** ਕੈਸ਼ੀਅਰ, ਗੁਰਦਾਸਪੁਰ ਸਕਰਲ

ਸਾਥੀ ਭਗਵਾਨ ਸਿੰਘ ਅਣਖੀ ਸਿਰਫ਼ ਬਿਜਲੀ ਮੁਲਾਜ਼ਮਾਂ ਦਾ ਹੀ ਲੀਡਰ ਨਹੀਂ ਸੀ, ਸਗੋਂ ਅਣਖੀ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ, ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਦਾ ਸੱਚਾ ਮਸੀਹਾ ਨਿਧੜਕ ਆਗੂ ਸੀ। ਸਾਥੀ ਅਣਖੀ ਦੀ ਮੌਤ ਤੋਂ ਬਾਅਦ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅੱਜ ਦੇ ਯੁੱਗ ਵਿੱਚ ਜੋ ਹਾਲਾਤ ਮੌਜੂਦਾ ਸਰਕਾਰਾਂ ਨੇ ਮਜ਼ਦੂਰਾਂ, ਆਮ ਲੋਕਾਂ, ਕਿਸਾਨਾਂ, ਮੁਲਾਜ਼ਮਾਂ ਦੇ ਮਾੜੇ ਬਣਾ ਦਿੱਤੇ ਹਨ, ਸਾਨੂੰ ਅਣਖੀ ਦੀ ਬਰਸੀ ’ਤੇ ਪੂਰਨ ਤੌਰ ’ਤੇ ਇਕੱਠੇ ਹੋ ਕੇ ਹਾਕਮ ਸਰਕਾਰਾਂ ਵਿਰੁੱਧ ਸੰਘਰਸ਼ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ, ਸਾਥੀ ਅਣਖੀ ਨੂੰ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਰਾਜਪਾਲ ਸਿੰਘ ਝੰਜੋਟੀ** ਪ੍ਰਧਾਨ ਪੀ ਐਲ ਐਸ ਸੀ ਸਰਕਲ, ਲੁਧਿਆਣਾ
**ਸੰਤੋਖ ਸਿੰਘ ਰਿਆੜ** ਸਕੱਤਰ ਪੀ ਐਲ ਐਸ ਸੀ ਸਰਕਲ, ਲੁਧਿਆਣਾ
**ਜਰਮਨ ਸਿੰਘ** ਕੈਸ਼ੀਅਰ, ਪੀ ਐਲ ਐਸ ਸੀ ਸਰਕਲ, ਲੁਧਿਆਣਾ

ਸਾਥੀ ਭਗਵਾਨ ਸਿੰਘ ਅਣਖੀ ਸਿਰਫ਼ ਬਿਜਲੀ ਮੁਲਾਜ਼ਮਾਂ ਦਾ ਹੀ ਲੀਡਰ ਨਹੀਂ ਸੀ, ਸਗੋਂ ਅਣਖੀ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ, ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਦਾ ਸੱਚਾ ਮਸੀਹਾ ਨਿਧੜਕ ਆਗੂ ਸੀ। ਸਾਥੀ ਅਣਖੀ ਦੀ ਮੌਤ ਤੋਂ ਬਾਅਦ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅੱਜ ਦੇ ਯੁੱਗ ਵਿੱਚ ਜੋ ਹਾਲਾਤ ਮੌਜੂਦਾ ਸਰਕਾਰਾਂ ਨੇ ਮਜ਼ਦੂਰਾਂ, ਆਮ ਲੋਕਾਂ, ਕਿਸਾਨਾਂ, ਮੁਲਾਜ਼ਮਾਂ ਦੇ ਮਾੜੇ ਬਣਾ ਦਿੱਤੇ ਹਨ, ਸਾਨੂੰ ਅਣਖੀ ਦੀ ਬਰਸੀ ’ਤੇ ਪੂਰਨ ਤੌਰ ’ਤੇ ਇਕੱਠੇ ਹੋ ਕੇ ਹਾਕਮ ਸਰਕਾਰਾਂ ਵਿਰੁੱਧ ਸੰਘਰਸ਼ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ, ਸਾਥੀ ਅਣਖੀ ਨੂੰ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਜੀਵਨ ਸਿੰਘ** ਪ੍ਰਧਾਨ, ਸੰਗਰੂਰ ਸਰਕਲ
**ਰਮੇਸ਼ ਸ਼ਰਮਾ** ਸਰਕਲ ਸਕੱਤਰ, ਸੰਗਰੂਰ
**ਗਗਨਦੀਪ ਸਿੰਘ** ਸਹਾਇਕ ਸਕੱਤਰ ਸਰਕਲ ਸੰਗਰੂਰ
**ਰਜਿੰਦਰ ਕੁਮਾਰ** ਕੈਸ਼ੀਅਰ ਸਰਕਲ ਸੰਗਰੂਰ

ਕਾਮਰੇਡ ਭਗਵਾਨ ਸਿੰਘ ਅਣਖੀ ਦੀ 34ਵੀਂ ਬਰਸੀ ਸਮੇਂ ਜਥੇਬੰਦੀ ਮਜ਼ਦੂਰ, ਮੁਲਾਜ਼ਮ ਜਮਾਤ ਦੇ ਮਸੀਹਾ ਨੂੰ ਹਰ ਸਾਲ ਬਰਸੀ ਮਨਾ ਕੇ ਯਾਦ ਕਰਦੀ ਆ ਰਹੀ ਹੈ। ਅਣਖੀ ਜੋ ਆਲ ਇੰਡੀਆ ਫੈਡਰੇਸ਼ਨ ਆਫ਼ ਇਲੈਕਟਰੀਸਿਟੀ ਇੰਪਲਾਈਜ਼ ਅਤੇ ਏਟਕ ਦਾ ਆਗੂ ਸੀ। ਜਥੇਬੰਦੀ ਅਣਖੀ ਦੇ ਪਾਏ ਪੂਰਨਿਆਂ ’ਤੇ ਚੱਲ ਕੇ ਮੁਲਾਜ਼ਮ ਹਿੱਤਾਂ ਲਈ ਸੰਘਰਸ਼ ਕਰਨ ਦਾ ਪ੍ਰਣ ਕਰਦੀ ਹੈ ਅਤੇ ਅਣਖੀ ਜੀ ਦੇ ਪਾਏ ਪੂਰਨਿਆਂ ’ਤੇ ਪੂਰੀ ਸਿਦਕ ਦਿਲੀ ਨਾਲ ਪਹਿਰਾ ਦੇਣ ਦਾ ਅਹਿਦ ਕਰਦੀ ਹੈ।

## ਸੰਦੇਸ਼



**ਮੇਲਾ ਸਿੰਘ** ਪ੍ਰਧਾਨ ਸਰਕਲ ਫਿਰੋਜ਼ਪੁਰ
**ਸੁਖਦੇਵ ਸਿੰਘ** ਸਰਕਲ ਸਕੱਤਰ, ਫਿਰੋਜ਼ਪੁਰ
**ਜਸਵੀਰ ਸਿੰਘ** ਸਹਾਇਕ ਸਕੱਤਰ ਸਰਕਲ ਫਿਰੋਜ਼ਪੁਰ

ਸਾਥੀ ਅਣਖੀ ਜੀ ਦੀ 34ਵੀਂ ਬਰਸੀ ’ਤੇ ਉਨ੍ਹਾ ਨੂੰ ਯਾਦ ਕਰਦਿਆਂ ਉਨ੍ਹਾ ਵੱਲੋਂ ਮੁਲਾਜ਼ਮਾਂ ਦੇ ਹਿੱਤਾਂ ਲਈ ਕੀਤੇ ਗਏ ਸੰਘਰਸ਼ਾਂ ਤੇ ਕੁਰਬਾਨੀਆਂ ਲਈ ਹਮੇਸ਼ਾ ਮਜ਼ਦੂਰ ਜਮਾਤ ਦੇ ਦਿਲਾਂ ਵਿੱਚ ਉਹਨਾ ਦੀ ਯਾਦ ਹਮੇਸ਼ਾ ਜ਼ਿੰਦਾ ਰਹੇਗੀ। ਅੱਜ ਸਮੇਂ ਦੀਆਂ ਸਰਕਾਰਾਂ ਤੇ ਮੈਨੇਜਮੈਂਟਾਂ ਪਬਲਿਕ ਸੈਕਟਰਾਂ ਨੂੰ ਤੋੜ ਕੇ ਸਰਮਾਏਦਾਰੀ ਸੋਚ ਨੂੰ ਲੈ ਕੇ ਠੇਕੇਦਾਰੀ ਸਿਸਟਮ ਰਾਹੀਂ ਘਟੀਆ ਮਿਆਰ ਦਾ ਕੰਮ ਕਰਕੇ ਲੋਕਾਂ ਦੇ ਪੈਸੇ ਦੀ ਲੁੱਟ ਕਰ ਰਹੀਆਂ ਹਨ। ਸਾਥੀ ਅਣਖੀ ਜੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਠੇਕੇਦਾਰੀ ਸਿਸਟਮ ਵਿਰੁੱਧ ਸੰਘਰਸ਼ ਨੂੰ ਲਾਮਬੰਦ ਕੀਤਾ ਜਾਵੇ।

## ਸੰਦੇਸ਼



**ਗੁਰਚਰਨ ਸਿੰਘ** ਪ੍ਰਧਾਨ, ਸਰਕਲ ਫਰੀਦਕੋਟ
**ਮਨਦੀਪ ਸਿੰਘ** ਸਕੱਤਰ, ਸਰਕਲ ਫਰੀਦਕੋਟ
**ਬਲਦੇਵ ਸਿੰਘ** ਕੈਸ਼ੀਅਰ ਸਰਕਲ ਫਰੀਦਕੋਟ

ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀ ਪਟਿਆਲਾ ਵਿਖੇ ਮਨਾ ਰਹੇ ਹਾਂ, ਉਹਨਾਂ ਵਰਗੇ ਜਥੇਬੰਦੀ ਨੂੰ ਸਮਰਪਿਤ ਕੁਰਬਾਨੀ ਵਾਲੇ ਆਗੂ ਜਿਨ੍ਹਾਂ ਨੇ ਆਪਣੀ ਸਿਹਤ ਦੀ ਪਰਵਾਹ ਨਾ ਕਰਦੇ ਹੋਏ ਜਥੇਬੰਦੀ ਨੂੰ ਲਾਮਬੰਦ ਕੀਤਾ ਅਤੇ ਆਪਣਾ ਸਾਰਾ ਜੀਵਨ ਮਜ਼ਦੂਰਾਂ, ਮੁਲਾਜ਼ਮਾਂ ਦੇ ਹਿੱਤਾਂ ਲਈ ਕੁਰਬਾਨ ਕਰਦੇ ਹੋਏ ਸਰਕਾਰ ਅਤੇ ਮੈਨੇਜਮੈਂਟਾਂ ਦੇ ਲੋਕ ਵਿਰੋਧੀ ਹੱਲਿਆਂ ਦਾ ਡਟ ਕੇ ਵਿਰੋਧ ਕੀਤਾ ਅਤੇ ਮੁਲਾਜ਼ਮਾਂ ਦੇ ਹਿਤ ਵਿੱਚ ਫੈਸਲੇ ਕਰਵਾਏ। ਸਰਕਲ ਫਰੀਦਕੋਟ ਦੇ ਸਾਥੀ ਉਹਨਾ ਦੀ ਬਰਸੀ ’ਤੇ ਉਹਨਾਂ ਨੂੰ ਲਾਲ ਸਲਾਮ ਕਰਦੇ ਹਨ।

## ਸੰਦੇਸ਼



**ਮੋਹਨ ਸਿੰਘ ਗਿੱਲ ਪ੍ਰਧਾਨ** ਸਰਕਲ ਮੋਹਾਲੀ
**ਮੋਹਨ ਰਾਣਾ** ਸਕੱਤਰ ਸਰਕਲ ਮੋਹਾਲੀ
**ਰਾਮ ਕੁਮਾਰ** ਕੈਸ਼ੀਅਰ, ਸਰਕਲ ਮੋਹਾਲੀ

ਕਾਮਰੇਡ ਭਗਵਾਨ ਸਿੰਘ ਅਣਖੀ ਦੀ 34ਵੀਂ ਬਰਸੀ ਪਟਿਆਲਾ ਵਿਖੇ ਮਨਾ ਰਹੇ ਹਾਂ। ਇਸ ਸਮੇਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਨਾਂ ਦਾ ਰਵੱਈਆ ਮੁਲਾਜ਼ਮ ਵਿਰੋਧੀ ਨਜ਼ਰ ਆ ਰਿਹਾ ਹੈ। ਇਸ ਅਜੋਕੇ ਸਮੇਂ ਵਿੱਚ ਕਾਮਰੇਡ ਅਣਖੀ ਦੀ ਘਾਟ ਮਹਿਸੂਸ ਹੋ ਰਹੀ ਹੈ। ਅੱਜ ਉਨ੍ਹਾਂ ਦੀ 34ਵੀਂ ਬਰਸੀ ਮਨਾਉਂਦੇ ਹੋਏ ਇਹ ਨਿਸ਼ਚਾ ਕਰਦੇ ਹਾਂ ਕਿ ਉਨ੍ਹਾਂ ਦੀ ਅਗਵਾਈ ’ਚ ਚਲਾਈ ਹੋਈ ਜਥੇਬੰਦੀ ਨੂੰ ਹੋਰ ਵੀ ਜਥੇਬੰਦ ਕਰਕੇ ਉਸ ਨੂੰ ਤਕੜਾ ਕਰਾਂਗੇ। ਸਰਕਲ ਮੋਹਾਲੀ ਉਨ੍ਹਾ ਨੂੰ ਸਿਜਦਾ ਕਰਦੇ ਹੋਏ ਉਨ੍ਹਾ ਦੀ ਸੋਚ ਨੂੰ ਸਲਾਮ ਕਰਦਾ ਹੈ।

## ਸੰਦੇਸ਼



**ਹਸ਼ਮਤ ਅਲੀ** ਪ੍ਰਧਾਨ ਨਵਾਂ ਸ਼ਹਿਰ ਸਰਕਲ
**ਜਸਬੀਰ ਸਿੰਘ** ਸਕੱਤਰ ਨਵਾਂ ਸ਼ਹਿਰ ਸਰਕਲ
**ਦੇਸ ਰਾਜ** ਕੈਸ਼ੀਅਰ ਨਵਾਂ ਸ਼ਹਿਰ ਸਰਕਲ

ਅੱਜ ਜਦੋਂ ਅਸੀਂ ਮਜ਼ਦੂਰਾਂ ਦੇ ਮਸੀਹਾ ਅਤੇ ਮੁਲਾਜ਼ਮਾਂ ਦੇ ਮਹਾਨ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀ ਪਟਿਆਲਾ ਵਿਖੇ ਮਨਾ ਰਹੇ ਹਾਂ, ਸਾਨੂੰ ਮਹਿਸੂਸ ਹੁੰਦਾ ਹੈ ਕਿ ਉਹਨਾਂ ਵਰਗੇ ਜਥੇਬੰਦੀ ਨੂੰ ਸਮਰਪਿਤ ਕੁਰਬਾਨੀ ਵਾਲੇ ਆਗੂ ਜੋ ਆਪਣੀ ਸਿਹਤ ਦੀ ਪਰਵਾਹ ਨਾ ਕਰਦੇ ਹੋਏ ਜਥੇਬੰਦੀ ਨੂੰ ਲਾਮਬੰਦ ਕਰਦੇ ਰਹੇ। ਅਣਖੀ ਜੀ ਨੇ ਆਪਣਾ ਸਾਰਾ ਜੀਵਨ ਮਜ਼ਦੂਰਾਂ, ਮੁਲਾਜ਼ਮਾਂ ਦੇ ਹਿੱਤਾਂ ਲਈ ਕੁਰਬਾਨ ਕਰਦੇ ਹੋਏ ਸਰਕਾਰ ਅਤੇ ਮੈਨੇਜਮੈਂਟਾਂ, ਲੋਕ ਵਿਰੋਧੀ ਹੱਲਿਆਂ ਦਾ ਡਟ ਕੇ ਵਿਰੋਧ ਕੀਤਾ ਅਤੇ ਆਪਣੀਆਂ ਦਲੀਲਾਂ ਰਾਹੀਂ ਉਹਨਾਂ ਨੂੰ ਕਾਇਲ ਕਰਦੇ ਹੋਏ ਮੁਲਾਜ਼ਮ ਹਿੱਤਾਂ ਦੇ ਫੈਸਲੇ ਕਰਵਾਏ। ਸਰਕਲ ਨਵਾਂ ਸ਼ਹਿਰ ਦੇ ਸਾਥੀ ਉਹਨਾ ਦੀ ਬਰਸੀ ’ਤੇ ਉਹਨਾਂ ਨੂੰ ਲਾਲ ਸਲਾਮ ਕਰਦੇ ਹਨ।

## ਸੰਦੇਸ਼



**ਅਸ਼ੋਕ ਕੁਮਾਰ** ਸਰਕਲ ਪ੍ਰਧਾਨ, ਹੁਸ਼ਿਆਰਪੁਰ
**ਹਰਕਮਲ ਰਾਹੀ** ਸਰਕਲ ਸਕੱਤਰ ਹੁਸ਼ਿਆਰਪੁਰ
**ਸੁਰਜੀਤ ਸਿੰਘ** ਸਰਕਲ ਕੈਸ਼ੀਅਰ ਹੁਸ਼ਿਆਰਪੁਰ

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਵੱਲੋਂ ਆਪਣੇ ਹਰਮਨ-ਪਿਆਰੇ ਸਾਥੀ ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀ ਮਨਾਈ ਜਾ ਰਹੀ ਹੈ। ਇਸ ਸ਼ਰਧਾਂਜਲੀ ਸਮਾਰੋਹ ਮੌਕੇ ਸਾਥੀ ਭਗਵਾਨ ਸਿੰਘ ਅਣਖੀ ਸਮੇਤ ਹੋਰ ਵਿਛੜੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪੰਜਾਬ ਦੇ ਕੋਨੇ-ਕੋਨੇ ਤੋਂ ਹਜ਼ਾਰਾਂ ਬਿਜਲੀ ਮੁਲਾਜ਼ਮ ਪੁੱਜ ਰਹੇ ਹਨ। ਸਾਥੀ ਅਣਖੀ ਦਾ ਜਨਮ 29 ਜਨਵਰੀ 1941 ਨੂੰ ਪਿੰਡ ਖੇੜੀ ਚਹਿਲਾਂ, ਜ਼ਿਲ੍ਹਾ ਸੰਗਰੂਰ ਵਿਖੇ ਮਾਤਾ ਹਮੀਰ ਕੌਰ ਦੀ ਕੁੱਖੋਂ ਪਿਤਾ ਪਾਲਾ ਸਿੰਘ ਦੇ ਘਰ ਹੋਇਆ। ਆਪ ਦਾ ਅਣਖੀਲਾ ਮਿਹਨਤੀ ਸੁਭਾਅ ਹੋਣ ਕਾਰਨ ਹੀ ਸਕੂਲ ਦੀ ਪੜ੍ਹਾਈ ਸਮੇਂ ਹੀ ਆਪ ਦੇ ਅਧਿਆਪਕਾਂ ਵੱਲੋਂ ਆਪ ਜੀ ਨੂੰ ਅਣਖੀ ਦੇ ਤਖ਼ੱਲਸ ਨਾਲ ਸੰਬੋਧਨ ਕੀਤਾ ਜਾਣ ਲੱਗਾ। ਅੱਜ ਉਨ੍ਹਾ ਦੀ ਬਰਸੀ ਮੌਕੇ ਪ੍ਰਣ ਕਰਨ ਦੀ ਲੋੜ ਹੈ ਕਿ ਉਨ੍ਹਾ ਦੇ ਵਿਚਾਰਾਂ ਨੂੰ ਅਪਣਾਉਣ ਲਈ ਪੂਰੀ ਵਾਹ ਲਾ ਦੇਈਏ। ਇਹ ਹੀ ਲੋਕ ਨਾਇਕ ਕਾਮਰੇਡ ਭਗਵਾਨ ਸਿੰਘ ਅਣਖੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਸੰਦੇਸ਼



**ਸੁਖਵਿੰਦਰ ਸਿੰਘ ਪ੍ਰਧਾਨ** ਜੀ ਐੱਚ ਟੀ ਪੀ ਕੰਟਰੈਕਟਰ ਵਰਕਰ ਯੂਨੀਅਨ ਥਰਮਲ ਪਲਾਂਟ ਲਹਿਰਾਮੁਹੱਬਤ
**ਪ੍ਰਗਟ ਸਿੰਘ ਸਕੱਤਰ** ਜੀ ਐੱਚ ਟੀ ਪੀ ਕੰਟਰੈਕਟਰ ਵਰਕਰ ਯੂਨੀਅਨ ਥਰਮਲ ਪਲਾਂਟ ਲਹਿਰਾਮੁਹੱਬਤ
**ਜਗਤਾਰ ਸਿੰਘ ਕੈਸ਼ੀਅਰ** ਜੀ ਐੱਚ ਟੀ ਪੀ ਕੰਟਰੈਕਟਰ ਵਰਕਰ ਯੂਨੀਅਨ ਥਰਮਲ ਪਲਾਂਟ ਲਹਿਰਾਮੁਹੱਬਤ

ਸਾਥੀ ਅਣਖੀ ਜੀ ਮਜ਼ਦੂਰ-ਮੁਲਾਜ਼ਮ ਏਕਤਾ ਦੇ ਸੱਚੇ ਮੁੱਦਈ ਸਨ। ਉਹ ਹਮੇਸ਼ਾ ਮੁਲਾਜ਼ਮਾਂ ਦੀ ਭਲਾਈ ਬਾਰੇ ਸੋਚਦੇ ਰਹਿੰਦੇ ਸਨ। ਉਹ ਇੱਕ ਅਦਾਰਾ ਇੱਕ ਯੂਨੀਅਨ ਦੇ ਮੁੱਦਈ ਸਨ। ਉਨ੍ਹਾਂ ਦੀ ਸੋਚ ਸੀ ਕਿ ਜੇਕਰ ਮੁਲਾਜ਼ਮਾਂ ਦੇ ਹੱਕਾਂ ਨੂੰ ਸੁਰੱਖਿਅਤ ਰੱਖਣਾ ਹੈ ਤਾਂ ਸਾਨੂੰ ਆਪਣੀ ਜਥੇਬੰਦੀ ਮਜ਼ਬੂਤ ਕਰਨੀ ਚਾਹੀਦੀ ਹੈ, ਤਾਂ ਕਿ ਜਥੇਬੰਦੀ ਢਾਂਚਾ ਮਜ਼ਬੂਤ ਹੋਣਾ ਹੀ ਜਥੇਬੰਦੀ ਨਰੋਈ ਸਿਹਤ ਹੁੰਦਾ ਹੈ। ਜਦੋਂ ਅਸੀਂ ਉਨ੍ਹਾ ਦੀ ਬਰਸੀ ਨੂੰ ਮਨਾ ਰਹੇ ਹਾਂ, ਇਸ ਸਮੇਂ ਮੁਲਾਜ਼ਮ ਲਹਿਰ ਉਪਰ ਚਾਰੇ ਪਾਸੇ ਤੋਂ ਹਮਲੇ ਜਾਰੀ ਹਨ। ਕੇਂਦਰ ਵਿੱਚ ਭਾਜਪਾ ਦੀ ਸਰਕਾਰ ਫਿਰਕੂ ਅਧਾਰ ’ਤੇ ਚੱਲ ਰਹੀ ਹੈ। ਜਿਹੜੀ ਦੇਸ਼ ਵਿੱਚ ਵੰਡ ਪਾਊ ਨੀਤੀਆਂ ’ਤੇ ਚੱਲ ਕੇ ਮੁਲਾਜ਼ਮ ਵਿਰੋਧੀ ਤੇ ਟਰੇਡ ਯੂਨੀਅਨ ਵਿਰੋਧੀ ਫੈਸਲਾ ਕਰ ਰਹੀ ਹੈ, ਜਿਸ ਦਾ ਤਿੱਖਾ ਜਵਾਬ ਦੇਣਾ ਸਮੇਂ ਦੀ ਲੋੜ ਹੈ। ਸੋ ਉਨ੍ਹਾ ਦੀ ਸੋਚ ਨੂੰ ਅਗਾਂਹ ਖੜ੍ਹਨ ਦਾ ਸੰਕਲਪ ਕਰਦੇ ਹੋਏ ਸਾਥੀ ਅਣਖੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

## ਸੰਦੇਸ਼



**ਗੁਰਧਿਆਨ ਸਿੰਘ** ਸਰਕਲ ਪ੍ਰਧਾਨ, ਬਰਨਾਲਾ
**ਨਰਿੰਦਰ ਕੁਮਾਰ ਗਿੱਲ** ਵਰਕਿੰਗ ਪ੍ਰਧਾਨ ਬਰਨਾਲਾ ਸਰਕਲ
**ਜਗਤਾਰ ਸਿੰਘ** ਸਕੱਤਰ ਬਰਨਾਲਾ ਸਰਕਲ
**ਕਮਲਜੀਤ ਸਿੰਘ** ਕੈਸ਼ੀਅਰ ਬਰਨਾਲਾ ਸਰਕਲ

ਅੱਜ ਜਦੋਂ ਅਸੀਂ ਮਜ਼ਦੂਰਾਂ ਦੇ ਮਸੀਹਾ ਅਤੇ ਮੁਲਾਜ਼ਮਾਂ ਦੇ ਮਹਾਨ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 34ਵੀਂ ਬਰਸੀ ਪਟਿਆਲਾ ਵਿਖੇ ਮਨਾ ਰਹੇ ਹਾਂ, ਸਾਨੂੰ ਮਹਿਸੂਸ ਹੁੰਦਾ ਹੈ ਕਿ ਉਹਨਾਂ ਵਰਗੇ ਜਥੇਬੰਦੀ ਨੂੰ ਸਮਰਪਿਤ ਕੁਰਬਾਨੀ ਵਾਲੇ ਆਗੂ ਜੋ ਆਪਣੀ ਸਿਹਤ ਦੀ ਪਰਵਾਹ ਨਾ ਕਰਦੇ ਹੋਏ ਜਥੇਬੰਦੀ ਨੂੰ ਲਾਮਬੰਦ ਕਰਦੇ ਰਹੇ। ਅਣਖੀ ਜੀ ਨੇ ਆਪਣਾ ਸਾਰਾ ਜੀਵਨ ਮਜ਼ਦੂਰਾਂ, ਮੁਲਾਜ਼ਮਾਂ ਦੇ ਹਿੱਤਾਂ ਲਈ ਕੁਰਬਾਨ ਕਰਦੇ ਹੋਏ ਸਰਕਾਰ ਅਤੇ ਮੈਨੇਜਮੈਂਟਾਂ, ਲੋਕ ਵਿਰੋਧੀ ਹੱਲਿਆਂ ਦਾ ਡਟ ਕੇ ਵਿਰੋਧ ਕੀਤਾ ਅਤੇ ਆਪਣੀਆਂ ਦਲੀਲਾਂ ਰਾਹੀਂ ਉਹਨਾਂ ਨੂੰ ਕਾਇਲ ਕਰਦੇ ਹੋਏ ਮੁਲਾਜ਼ਮ ਹਿੱਤਾਂ ਦੇ ਫੈਸਲੇ ਕਰਵਾਏ। ਸਰਕਲ ਬਰਨਾਲਾ ਦੇ ਸਾਥੀ ਉਹਨਾ ਦੀ ਬਰਸੀ ’ਤੇ ਉਹਨਾਂ ਨੂੰ ਲਾਲ ਸਲਾਮ ਕਰਦੇ ਹਨ।